ਪਰਮ ਪ੍ਰਕਾਸ਼



'ਪੰਥ ਰਤਨ'
ਗਿ. ਸੰਤ ਸਿੰਘ ਮਸਕੀਨ



ਸੰਪਾਦਕ:
ਹਰਜੀਤ ਸਿੰਘ

ਪਰਮ ਪ੍ਰਕਾਸ਼

ੴ ਸਤਿਗੁਰ ਪ੍ਰਸਾਦਿ॥

ਪਰਮ ਪ੍ਰਕਾਸ਼

'ਪੰਥ ਰਤਨ'

ਗਿਆਨੀ ਸੰਤ ਸਿੰਘ ਜੀ ਮਸਕੀਨ

ਦੇ ਚੋਣਵੇਂ ਲੈਕਚਰ

ਸੰਪਾਦਕ : ਹਰਜੀਤ ਸਿੰਘ

ਪ੍ਰਕਾਸ਼ਕ-

ਭਾ: ਚਤਰ ਸਿੰਘ ਜੀਵਨ ਸਿੰਘ

ਅੰਮ੍ਰਿਤਸਰ।

ISBN : 978-81-7601-983-5

ਪਹਿਲੀ ਐਡੀਸ਼ਨ : 2009

ਭੇਟਾ : 100/-

ਪ੍ਰਕਾਸ਼ਕ: ਭਾ. ਚਤਰ ਸਿੰਘ ਜੀਵਨ ਸਿੰਘ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ (ਇੰਡੀਆ)।
ਫ਼ੋਨ/ਫ਼ੈਕਸ : (0183) 2542346, 2547974, 2557973
E-Mail : csjssales@hotmail.com csjspurchase@yahoo.com
csjsexports@vsnl.com
Visit our Website : www.csjs.com

Printed & Bound in India

ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫ਼ੋਨ : 2705003

ਇਹ ਪੁਸਤਕ ਉਨ੍ਹਾਂ ਆਤਮਾਵਾਂ ਨੂੰ ਸਮਰਪਿਤ ਹੈ
ਜੋ ਪਰਮ ਪ੍ਰਕਾਸ਼ ਲੋਚਦੀਆਂ ਹਨ।

ਤਤਕਰਾ

❋

ਦੋ ਸ਼ਬਦ

ਪਰਮਾਤਮਾ ਪਰਮ ਚਾਨਣਾ ਹੈ, ਪਰਮਾਤਮਾ ਪਰਮ ਪ੍ਰਕਾਸ਼, ਪਰਮਾਤਮਾ ਪਰਮ ਸ਼ਕਤੀ ਹੈ। ਪਰਮਾਤਮਾ ਤੋਂ ਪਹਿਲਾਂ ਕੁਛ ਵੀ ਨਹੀਂ ਸੀ। ਕਲਗੀਧਰ ਪਾਤਸ਼ਾਹ ਇਸ ਗੱਲ ਨੂੰ ਜਾਪੁ ਸਾਹਿਬ ਵਿਚ ਇਸ ਤਰ੍ਹਾਂ ਖੋਲ੍ਹਦੇ ਨੇ:

ਓਅੰਕਾਰ ਆਦਿ॥ ਕਥਨੀ ਅਨਾਦਿ॥
Thou art immanent and primal Lord.
The moment is unknown
when thou uttered the first word.

ਪਰਮਾਤਮਾ ਆਪ ਹੀ ਆਪ ਸੀ, ਆਪ ਹੀ ਆਪ ਹੈ ਅਤੇ ਆਪ ਹੀ ਆਪ ਹੋਵੇਗਾ, ਪਰ ਸ਼ੰਕਾਵਾਦੀ ਕਹਿ ਉਠਦਾ ਹੈ ਕਿ ਇਹ ਜੋ ਦਿੱਸ ਰਿਹਾ ਹੈ "ਸੰਸਾਰ" ਫਿਰ ਇਹ ਕੀ ਹੈ, ਜੇ ਉਹ ਆਪ ਹੀ ਆਪ ਹੈ। ਗੁਰਬਾਣੀ ਇਸ ਦੀ ਗਹਿਰਾਈ ਨਾਲ ਵਿਚਾਰ ਦੱਸਦੀ ਹੈ:

ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥ (ਅੰਗ ੯੨੨)
This whole world which you see is the image of the Lord;
only the image of the Lord is seen.

ਸਤਿਕਾਰ ਯੋਗ 'ਮਸਕੀਨ' ਜੀ ਨੇ ਜਿਨ੍ਹਾਂ ਵਿਸ਼ਿਆਂ 'ਤੇ ਖ਼ਾਸ ਤੌਰ 'ਤੇ ਰੌਸ਼ਨੀ ਪਾਈ ਹੈ, ਜਿਵੇਂ ਈਸ਼ਵਰ ਦੀ ਹੋਂਦ, ਪਰਮਾਤਮਾ ਉੱਚਾ ਹੈ, ਬ੍ਰਹਮ ਦੀ ਵਿਚਾਰ, ਅਵਤਾਰ ਤੇ ਭਗਤ ਅਤੇ ਪ੍ਰਭੂ ਦੀ ਟੇਕ ਆਦਿ, ਸਾਰੇ ਦੇ ਸਾਰੇ ਸੰਸਾਰੀ ਜੀਵਾਂ ਨੂੰ ਭਰਮਾਂ ਤੇ ਭੁਲੇਖਿਆਂ ਵਿਚੋਂ ਕੱਢਦੇ ਹਨ। ਉਸ ਪਰਮ ਪ੍ਰਕਾਸ਼ ਨੂੰ ਜਿਸ ਦੀ ਜੋਤ ਸਾਡੇ ਅੰਦਰ ਹੈ ਤਾਂ ਹੀ ਅਸੀਂ ਕੁਝ ਦੇਖ ਸਕਦੇ ਹਾਂ, ਕੁਝ ਸੁਣ ਸਕਦੇ ਹਾਂ, ਕੁਝ ਕਰ ਸਕਦੇ ਹਾਂ। ਉਸ ਦੇ ਬਾਰੇ ਜੋ ਪ੍ਰਭੂ ਕਿਰਪਾ ਦੁਆਰਾ ਉਹਨਾਂ ਦੇ ਅਨੁਭਵ ਵਿਚ ਆਇਆ, ਉਸ ਦੇ ਗੁੱਝੇ ਭੇਦਾਂ ਨੂੰ ਸਰਲ ਸ਼ਬਦਾਂ ਵਿਚ ਦਰਸਾਉਣ ਦਾ ਯਤਨ ਕੀਤਾ ਹੈ, ਤਾਕਿ ਅਸੀਂ ਉਸ ਵਿਸਮਾਦੀ ਦੀਆਂ ਵਿਸਮਾਦਿਕ ਗੱਲਾਂ ਪੜ੍ਹ ਸੁਣ ਕੇ ਵਿਸਮਾਦੀ ਅਵਸਥਾ ਵਿਚ ਪਹੁੰਚ ਸਕੀਏ।

'ਮਸਕੀਨ' ਜੀ ਜਿਨ੍ਹਾਂ ਦਾ ਹਮੇਸ਼ਾ ਇਹ ਯਤਨ ਰਿਹਾ ਕਿ ਜੋ ਕੁਝ ਭੀ ਪ੍ਰਭੂ ਨੇ ਉਹਨਾਂ ਨੂੰ ਦਿੱਤਾ ਹੈ, ਉਹ ਕਿਸੇ ਨਾ ਕਿਸੇ ਤਰੀਕੇ ਨਾਲ ਚਾਹੇ ਕਥਾ ਵਿਚ ਬੋਲਾਂ ਦੇ ਰਾਹੀਂ ਯਾ ਲਿਖਤ ਰੂਪ ਵਿਚ, ਇਸ ਜਗਤ ਦੇ ਜੀਵਾਂ ਦੀ ਹਿਰਦੇ ਰੂਪੀ ਝੋਲੀ ਵਿਚ ਪੈ ਜਾਏ। ਇਹ ਉਹਨਾਂ ਦੀ ਦਿੱਤੀ ਹੋਈ ਅਸੀਸ ਦਾ ਹੀ ਸਦਕਾ ਹੈ ਕਿ ਗੁਰੂ ਆਪ ਸਹਾਇਕ ਹੋ ਕੇ ਇਸ ਕਾਰਜ ਨੂੰ ਕਰਵਾ ਰਿਹਾ ਹੈ।

ਗੁਰੂ ਦੀ ਮਹਿਮਾ ਤਾਂ ਅਗਾਧ ਬੋਧ ਹੈ। ਉਸ ਦੇ ਵਰੋਸਾਏ ਹੋਏ 'ਮਸਕੀਨ ਜੀ' ਦੇ ਗੁਰਮਤਿ ਦੀ ਗਹਿਰਾਈ ਦੇ ਬੋਲਾਂ ਨੂੰ ਸਮਝ ਕੇ ਸਹੀ ਲਿਖਤ ਵਿਚ ਲਿਖਣ ਵਿਚ ਅਨੇਕਾਂ ਤਰੁੱਟੀਆਂ ਰਹਿ ਗਈਆਂ ਹੋਣਗੀਆਂ, ਜਿਵੇਂ ਗੰਜਿ-ਸ਼ਹੀਦਾਂ ਵਿਚ ਹਕੀਮ ਮਿਰਜ਼ਾ ਅਲਹ ਯਾਰ ਖ਼ਾਂ 'ਜੋਗੀ' ਰਹਿਮਾਨੀ 'ਨੈਸ਼ਨਲ ਪੋਇਟ' ਲਿਖਦਾ ਹੈ:-

ਕਰਤਾਰ ਕੀ ਸੁਗੰਧ ਹੈ ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ਼ ਵੁਹ ਕਮ ਹੈ।
ਹਰਚੰਦ ਮੇਰੇ ਹਾਥ ਮੇਂ ਪੁਰ ਜ਼ੋਰ ਕਲਮ ਹੈ।
ਸਤਿਗੁਰ ਕੇ ਲਿਖੂੰ ਵਸਫ਼, ਕਹਾਂ ਤਾਬਿ-ਰਕ਼ਮ ਹੈ।
ਇਕ ਆਂਖ ਸੇ ਕਿਆ, ਬੁਲਬੁਲਾ ਕੁਲ ਬਹਿਰ ਕੋ ਦੇਖੇ!
ਸਾਹਿਲ ਕੋ, ਯਾ ਮੰਝਧਾਰ ਕੋ, ਯਾ ਲਹਿਰ ਕੋ ਦੇਖੇ!

ਆਸ ਹੈ ਇਹ ਪੁਸਤਕ ਵੀ ਪਾਠਕਾਂ ਲਈ ਬਹੁਤ ਲਾਭਕਾਰੀ ਹੋਵੇਗੀ। ਇਸ ਵਿਚ ਜਿੰਨੇ ਵੀ ਮਜ਼ਮੂਨ ਹਨ, ਉਹ ਇਕ ਦੂਜੇ ਨਾਲ ਸੰਬੰਧਿਤ (Related) ਹਨ ਅਤੇ ਇਨ੍ਹਾਂ ਸਾਰਿਆਂ ਹੁਕਮਨਾਮਿਆਂ ਦੀ ਕਥਾ (ਜੋ ਸ੍ਰੀ ਦਰਬਾਰ ਸਾਹਿਬ ਜੀ ਤੋਂ ਆਏ), ਮੰਜੀ ਸਾਹਿਬ ਵਿਖੇ 'ਮਸਕੀਨ' ਜੀ ਨੇ ਕੀਤੀ ਸੀ।

ਇਕ ਦਿਨ ਕਿਤਾਬ ਦਾ ਇਹ ਪਹਿਲਾ ਚੈਪਟਰ ਲਿਖਦਿਆਂ ਲਿਖਦਿਆਂ ਮਨ ਇਤਨਾ ਦ੍ਰਵ ਗਿਆ ਕਿ ਰੰਗ ਰਤੜੀ ਆਤਮਾ ਗਿਆਨੀ ਬਹਾਦਰ ਸਿੰਘ ਜੀ ਲੁਧਿਆਣੇ ਵਾਲਿਆਂ ਨਾਲ ਫ਼ੋਨ 'ਤੇ ਗੱਲ ਕਰਕੇ ਹੀ ਤੱਸਲੀ ਹੋਈ ਕਿ ਉਹ ਪ੍ਰਭੂ ਤਾਂ ਅਕਥ ਹੈ ਅਤੇ ਹਰ ਜੀਵ ਦੇ ਅੰਦਰ ਅੰਮ੍ਰਿਤ ਭਰਪੂਰ ਹੈ, ਪਰ ਗੱਲ ਉਦੋਂ ਬਣੇਗੀ, ਜਦ:-

ਅਬ ਮਨੁ ਉਲਟਿ ਸਨਾਤਨੁ ਹੂਆ॥ ਤਬ ਜਾਨਿਆ ਜਬ ਜੀਵਤ ਮੂਆ॥

(ਅੰਗ ੩੨੭)

ਦਾਸ ਆਪਣੇ ਪਰਮ ਮਿੱਤਰ ਸਰਦਾਰ ਜਸਵੰਤ ਸਿੰਘ ਜੀ ਦਾ ਵੀ ਰਿਣੀ ਹੈ, ਜਿਨ੍ਹਾਂ ਨੇ ਇਸ ਪੁਸਤਕ ਦੀ ਲਗਾਂ-ਮਾਤਰਾਂ ਕਰਕੇ ਸੁਧਾਈ ਕੀਤੀ ਹੈ, ਸਹਿਯੋਗ ਦਿੱਤਾ ਹੈ ਅਤੇ ਇਸ ਦੇ ਨਾਲ ਨਾਲ ਮਸਕੀਨ ਜੀ ਦੀਆਂ ਪੰਜਾਬੀ ਲਿਖਤ ਪੁਸਤਕਾਂ ਦਾ ਅੰਗਰੇਜ਼ੀ ਵਿਚ ਅਨੁਵਾਦ ਕਰਨ ਵਿਚ ਪੂਰੀ ਮਦਦ ਕਰ ਰਹੇ ਹਨ। ਸਾਡਾ ਸਾਰਿਆਂ ਦਾ ਬਸ ਇਕੋ ਹੀ ਮਕਸਦ ਹੈ ਕਿ ਕਿਸੇ ਤਰ੍ਹਾਂ ਗਿਆਨੀ ਸੰਤ ਸਿੰਘ ਜੀ 'ਮਸਕੀਨ' ਜੀ ਦੇ ਬੋਲ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਦੇਸ ਦਿਸਾਂਤਰ ਤਕ ਪੁੱਜ ਜਾਣ, ਜਿਵੇਂ ਉਹ ਆਪਣੇ ਜੀਵਨ ਵਿਚ ਕੋਸ਼ਿਸ਼ ਕਰਦੇ ਰਹੇ ਕਿ ਕੋਈ ਜਗ੍ਹਾ ਐਸੀ ਨਾ ਰਹਿ ਜਾਏ, ਜਿੱਥੇ ਜਗਤ ਗੁਰੂ ਬਾਬੇ ਨਾਨਕ ਦਾ ਸੰਦੇਸ਼, ਉਪਦੇਸ਼ ਨਾ ਪੁੱਜ ਜਾਏ।

ਦਾਸ
ਹਰਜੀਤ ਸਿੰਘ
ਸੰਪਾਦਕ

10, ਰਾਧੇ ਸ਼ਾਮ ਪਾਰਕ, ਪਰਵਾਨਾ ਰੋਡ, ਦਿੱਲੀ-51
ਫ਼ੋਨ ਨੰ: 011-22469448, ਮੋਬਾਈਲ: 9810878595

ਈਸ਼ਵਰ ਦੀ ਹੋਂਦ

ਜੈਤਸਰੀ ਮਹਲਾ ੫ ਵਾਰ ਸਲੋਕਾ ਨਾਲਿ

੧ੴ ਸਤਿਗੁਰ ਪ੍ਰਸਾਦਿ॥

ਸਲੋਕ॥

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥
ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ॥੧॥
ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ॥
ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ॥੨॥
ਪਉੜੀ॥ ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ॥
ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ॥
ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ॥
ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ॥
ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ॥੧॥

(ਅੰਗ ੭੦੫)

ਜੈਤਸਰੀ ਦੀ ਵਾਰ ਦਾ, ਪੰਜਵੇਂ ਗੁਰੂ ਨਾਨਕ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਇਸ ਮਹਾਵਾਕ ਵਿਚ, ਜਿਸ ਵਿਚ ਨਿਰੋਲ ਈਸ਼ਵਰ ਦੀ ਹੋਂਦ ਦਰਸਾਈ ਗਈ ਹੈ, ਈਸ਼ਵਰ ਦੇ ਰੂਪ ਦਾ ਚਿਤਰਣ ਕੀਤਾ ਗਿਆ ਹੈ। ਉਪਰ ਮੰਗਲਾ ਚਰਨ ਹੈ। ਉਹ ਇੱਕ ਹੈ, ਉਸ ਤੋਂ ਉੱਤਪਤੀ, ਪਾਲਣਾ ਅਤੇ ਨਾਸ ਹੋ ਰਿਹਾ ਹੈ। ਉਹ ਸਤ ਸਰੂਪ ਹੈ। ਸਾਰਾ ਗਿਆਨ ਉਸੇ ਤੋਂ ਹੀ ਆਉਂਦਾ ਹੈ। ਉਹ ਬਖ਼ਸ਼ਿੰਦ ਹੈ, ਰਹੀਮ ਹੈ, ਕਰੀਮ ਹੈ, ਪ੍ਰਸਾਦਿ ਹੈ।

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥

ਆਦਿ ਸ਼ੁਰੂਆਤ। ਜਦ ਸੰਸਾਰ ਦੀ ਸਿਰਜਨਾ ਹੋਈ। ਸਾਜਨ ਦੇ ਨਾਲ ਹੀ ਸੂਰਜ ਬਣਿਆ, ਦਿਨ ਰਾਤ ਬਣੇ। ਚੂੰਕਿ ਇਸ ਤੋਂ ਪਹਿਲੇ ਕੁਛ ਹੈ ਹੀ ਨਹੀਂ ਸੀ, ਇਸ ਵਾਸਤੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ, ਕੋਈ ਐਸਾ ਕਹਿ ਨਹੀਂ ਸਕਦਾ ਕਿ ਸਰਿਸ਼ਟੀ ਕਦੋਂ ਬਣੀ, ਕਿਉਂਕਿ ਹੈ ਹੀ ਕੋਈ ਨਹੀਂ ਸੀ।

ਥਿਤਿ ਵਾਰੁ ਨਾ ਜੋਗੀ ਜਾਣੈ

thit vaar naa jogee jaanai
The day and the date are not known to the Yogis,

ਕਿਉਂਕਿ ਜੋਗੀ ਨਹੀਂ ਸੀ।

ਰੁਤਿ ਮਾਹੁ ਨਾ ਕੋਈ॥

........Rut maahu naa koee.
Nor is the month or the season.

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

(ਜਪੁ ਜੀ ਸਾਹਿਬ)

jaa kartaa sirathee ko saajae aapae jaanai soee.
The Creator who created this creation-only He Himself knows.

ਸਰਿਸ਼ਟੀ ਦੇ ਜਨਮ ਨਾਲ ਸਮੇਂ ਦਾ ਜਨਮ ਹੋਇਆ। ਸਮੇਂ ਦੇ ਜਨਮ ਨਾਲ ਸਰਿਸ਼ਟੀ ਦਾ ਜਨਮ ਹੋਇਆ। ਪਹਿਲੇ ਤਾਂ ਕੋਈ ਹੈ ਹੀ ਨਹੀਂ ਸੀ। ਸਰਿਸ਼ਟੀ ਦੇ ਆਦਿ ਵਿਚ ਅਗਰ ਕੋਈ ਹੈ ਸੀ ਤਾਂ ਕੇਵਲ ਓਹ ਹੀ ਪੂਰਨ, ਜੋ ਵਿਆਪਕ ਹੈ, ਉਹੀ ਹੈ ਸੀ। ਆਦਿ ਦੇ ਵਿਚ ਉਹ ਵਾਹਿਦ ਸੀ, ਦੂਸਰਾ ਕੋਈ ਨਹੀਂ ਸੀ। ਇਸ ਵਾਸਤੇ ਉਹ ਆਪ ਹੀ ਜਾਣਦਾ ਹੈ ਕਿ ਜਦੋਂ ਉਸ ਨੇ ਸਰਿਸ਼ਟੀ ਬਣਾਈ ਸੀ, ਹੁਣ ਤਕ ਕਿੰਨੇ ਕੁ ਸਾਲ ਹੋ ਗਏ ਨੇ। ਕਿਤਨਾ ਕੁ ਸਮਾਂ ਹੋ ਗਿਆ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ, ਬਾਕੀ ਤੇ ਸਭ ਕਿਆਸ ਆਰਾਈਆਂ ਹੋਣਗੀਆਂ, ਅੰਦਾਜ਼ੇ ਹੋਣਗੇ, ਸਹੀ ਗਿਣਤੀ ਮਿਣਤੀ ਨਹੀਂ ਹੈ।

ਦੂਸਰਾ, ਸਾਡਾ ਆਦਿ, ਇਹ ਜੋ ਜਨਮ-ਦਿਨ ਅਸੀਂ ਲਿਖ ਰਖਿਆ ਹੈ ਯਾ ਸਮਝਦੇ ਹਾਂ, ਇਸ ਨੂੰ ਗੁਰਬਾਣੀ ਨੇ ਜਨਮ-ਦਿਨ ਨਹੀਂ ਮੰਨਿਆ। ਇਹ ਜਨਮ-ਦਿਨ ਨਹੀਂ ਹੈ। ਗੁਰੂ ਸਾਹਿਬ ਕਹਿੰਦੇ ਨੇ :-

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥

(ਸ੍ਰੀ.ਗੁ.ਗ੍ਰੰ.ਸਾ., ਅੰਗ ੭੪)

ਜ਼ਿੰਦਗੀ ਦੀ ਰਾਤ ਦਾ ਪਹਿਰ ਸ਼ੁਰੂ ਹੋਇਆ ਗਰਭ ਤੋਂ। ਜੀਵ ਨੇ ਮਾਤਾ ਦੇ ਗਰਭ ਵਿਚ ਕਦੋਂ ਪਰਵੇਸ਼ ਕੀਤਾ, ਕਿਸ ਸਮੇਂ ਕੀਤਾ। ਇੱਥੇ ਵੀ ਕਹਿ ਦੇਈਏ, ਇਹ ਕੋਈ ਜੋਗੀ ਜੰਗਮ, ਜੋਤਸ਼ੀ ਨਹੀਂ ਦੱਸ ਸਕਦਾ। ਕੋਈ ਚੋਟੀ ਦਾ ਸਾਇੰਟਿਸਟ (scientist) ਵੀ ਨਹੀਂ ਦੱਸ ਸਕਦਾ। ਵੈਸੇ ਸਾਇੰਸ ਨੇ ਕਬੂਲ ਕਰ ਲਿਆ ਹੈ ਕਿ ਬਿਲਕੁਲ ਨਿਸਚਿਤ ਸਮਾਂ ਅਸੀਂ ਨਹੀਂ ਦੱਸ ਸਕਦੇ। ਦਰਅਸਲ ਗਰਭ ਦੇ ਵਿਚ ਪਰਵੇਸ਼, ਇਹ ਤ੍ਰਿਬੇਣੀ ਦਾ ਸੰਗਮ ਹੁੰਦਾ ਹੈ। ਮਾਂ ਦੀ ਵਾਸ਼ਨਾ, ਪਿਤਾ ਦੀ ਵਾਸ਼ਨਾ ਅਤੇ ਉਸ ਜੀਵ ਦੀ ਵਾਸ਼ਨਾ, ਭਾਵ ਇਸ ਤ੍ਰਿਬੇਣੀ ਦੇ ਸੰਗਮ ਦੇ ਨਾਲ ਜੀਵ ਦਾ ਵਾਸਾ ਗਰਭ ਵਿਚ ਹੁੰਦਾ ਹੈ, ਪਰ ਇਹ ਸੰਗਮ ਕਦੋਂ ਹੋਇਆ, ਇਹ ਈਸ਼ਵਰ ਜਾਣੇ। ਪਰਾਚੀਨ ਰਿਸ਼ੀ ਮੁਨੀਆਂ ਨੇ ਅਤੇ ਉਨ੍ਹਾਂ ਦੀ ਸੰਤਾਨ, ਜਿਨ੍ਹਾਂ ਨੂੰ ਅਸੀਂ ਹਿੰਦੂ ਕਹਿੰਦੇ ਹਾਂ, ਉਨ੍ਹਾਂ ਨੇ ਇਕ ਸੋਹਣੀ ਦਲੀਲ ਦਿੱਤੀ ਹੈ ਕਿ

ਪ੍ਰਯਾਗ ਰਾਜ ਵਿਚ ਗੰਗਾ ਦਿਖਾਈ ਦੇ ਰਹੀ ਹੈ, ਜਮਨਾ ਦਿਖਾਈ ਦੇ ਰਹੀ ਹੈ, ਪਰ ਸਰਸਵਤੀ ਗੁਪਤ ਰੂਪ ਦੇ ਵਿਚ ਮਿਲਦੀ ਹੈ, ਦਿਖਾਈ ਨਹੀਂ ਦਿੰਦੀ। ਅੰਦਰੋਂ ਮਿਲਦੀ ਹੈ।

ਪਿਤਾ ਦੀ ਵਾਸ਼ਨਾ ਹੈ, ਦਿੱਸ ਪੈਂਦਾ ਹੈ, ਇਹ ਪਿਤਾ ਹੈ। ਮਾਂ ਦੀ ਵਾਸ਼ਨਾ ਹੈ, ਦਿੱਸ ਪੈਂਦੀ ਹੈ, ਇਹ ਮਾਂ ਹੈ, ਪਰ ਜੀਵ ਦੀ ਆਪਣੀ ਵਾਸ਼ਨਾ ਉਹ ਦਿਖਾਈ ਨਹੀਂ ਦਿੰਦੀ। ਹੈ ਤੇ ਇਹ ਤਿੰਨ ਵਾਸ਼ਨਾਵਾਂ ਦਾ ਜੋੜ। ਮਾਂ, ਬਾਪ ਅਤੇ ਜੀਵ। ਦਿਖਾਈ ਦੇ ਜਾਂਦੇ ਨੇ ਮਾਂ ਬਾਪ, ਪਰ ਉਹ ਜੀਵ ਦੀ ਵਾਸ਼ਨਾ ਗੁਪਤ ਰੂਪ ਦੇ ਵਿਚ ਪਰਵੇਸ਼ ਕਰਦੀ ਹੈ। ਇਤਨੇ ਗੁਪਤ ਰੂਪ ਵਿਚ ਪਰਵੇਸ਼ ਕਰਦੀ ਹੈ ਕਿ ਗੰਗਾ ਜਮਨਾ ਨਹੀਂ ਦੱਸ ਸਕਦੇ ਕਿ ਇਹ ਸਰਸਵਤੀ ਗੁਪਤ ਰੂਪ ਵਿਚ ਕਿਵੇਂ ਮਿਲਦੀ ਹੈ। ਇਸ ਕਰਕੇ ਸਾਡਾ ਜੋ ਆਦਿ ਹੈ, ਇਹ ਕੋਈ ਸਾਇੰਟਿਸਟ, ਜੋਗੀ ਅਤੇ ਜੰਗਮ ਨਹੀਂ ਜਾਣਦਾ। ਸਰਿਸ਼ਟੀ ਬਣੀ ਹੈ ਅਸੀਂ ਜਾਣਦੇ ਹਾਂ। ਕਦੋਂ ਬਣੀ ਹੈ? ਨਹੀਂ ਜਾਣਦੇ। ਚੋਟੀ ਦਾ ਸਾਇੰਟਿਸਟ ਵੀ ਨਹੀਂ ਜਾਣਦਾ। ਅਸੀਂ ਸੰਸਾਰ ਵਿਚ ਆਏ, ਧਰਤੀ ਦੇ ਗਰਭ ਵਿਚ ਆਏ, ਖ਼ੁਦ ਵੀ ਜਾਣਦੇ ਹਾਂ, ਜਗਤ ਵੀ ਜਾਣਦਾ ਹੈ। ਰੁਤ ਥਿੱਤ ਵਾਰ ਲਿਖਿਆ ਹੋਇਆ ਹੈ। ਇਹ ਮੇਰਾ ਜਨਮ ਦਿਨ ਹੈ। ਜਦ ਧਰਤੀ ਦੀ ਗੋਦ ਵਿਚ ਆਏ ਮਾਂ ਨੂੰ ਵੀ ਪਤਾ ਚਲ ਗਿਆ, ਪਿਤਾ ਨੂੰ ਵੀ ਪਤਾ ਚਲਿਆ ਹੈ। ਜੀਵ ਨੂੰ ਖ਼ੁਦ ਵੀ ਪਤਾ ਚਲਿਆ ਹੈ, ਜਨਮ ਦਿਨ ਦਾ, ਪਰ ਜਦੋਂ ਇਸ ਨੇ ਗਰਭ ਵਿਚ ਪਰਵੇਸ਼ ਕੀਤਾ, ਜ਼ਿੰਦਗੀ ਤੇ ਉਦੋਂ ਸ਼ੁਰੂ ਹੋਈ, ਜੀਵਨ ਤੇ ਉਦੋਂ ਸ਼ੁਰੂ ਹੋਇਆ।

ਹੁਕਮਿ ਪਇਆ ਗਰਭਾਸਿ ॥

ਗਰਭ ਦੇ ਵਿਚ ਵਾਸ਼ਨਾ ਰਾਹੀਂ ਆਉਣਾ ਇਹ ਵੀ ਪ੍ਰਭੂ ਨੇ ਇਕ ਨਿਯਮ ਬਣਾ ਰਖਿਆ ਹੈ। ਵਿਧਾਨ ਬਣਾ ਰਖਿਆ ਹੈ। ਮਾਂ ਦੀ ਵਾਸ਼ਨਾ, ਪਿਤਾ ਦੀ ਵਾਸ਼ਨਾ, ਜੀਵ ਦੀ ਵਾਸ਼ਨਾ ਨਾਲ ਜਦ ਸੁਮੇਲ ਖਾ ਜਾਂਦੀ ਹੈ, ਫਿਰ ਬੱਚੇ ਦਾ ਜਨਮ ਹੋ ਜਾਂਦਾ ਹੈ।

ਦੂਸਰਾ ਕੇਵਲ ਮਾਂ ਬਾਪ ਦੀ ਵਾਸ਼ਨਾ ਤੇ ਹੈ ਅਤੇ ਉਹ ਵਾਸ਼ਨਾ ਰਪੀਟ (Repeat) ਕਰ ਲੈਣ ਯਾ ਕਰਦੇ ਰਹਿਣ, ਪਰ ਜਦ ਤਕ ਕਿਸੇ ਜੀਵ ਦੀ ਵਾਸ਼ਨਾ ਉਨ੍ਹਾਂ ਦੇ ਸੰਸਕਾਰਾਂ ਨਾਲ ਮੇਲ ਨਹੀਂ ਖਾਂਦੀ, ਜਨਮ ਨਹੀਂ ਹੋਵੇਗਾ। ਦਸ ਦਸ, ਪੰਦਰਾਂ ਪੰਦਰਾਂ ਸਾਲ ਕਈ ਜੋੜਿਆਂ ਨੂੰ ਹੋ ਜਾਂਦੇ ਨੇ, ਪਰ ਔਲਾਦ ਨਹੀਂ ਹੁੰਦੀ। ਸਾਇੰਟਿਸਟ ਕਹਿ ਦਿੰਦੇ ਨੇ, ਡਾਕਟਰ ਕਹਿ ਦਿੰਦੇ ਨੇ, ਕੋਈ ਨੁਕਸ ਨਹੀਂ ਹੈ। ਧਰਮ ਕਹਿ ਰਿਹਾ ਹੈ ਕਿ ਜੀਵ ਦੀ ਜੋ ਵਾਸ਼ਨਾ ਹੈ, ਉਹ ਮਾਂ ਦੀ ਵਾਸ਼ਨਾ ਨਾਲ ਮੇਲ ਨਹੀਂ ਖਾ ਰਹੀ।

ਇਸ ਤਰ੍ਹਾਂ ਦੀ ਕੋਈ ਜੀਵ-ਆਤਮਾ ਹੋਵੇ ਜਿਸ ਤਰ੍ਹਾਂ ਦੀ ਮਾਂ ਦੀ ਹੈ ਤਾਂ ਪਰਵੇਸ਼ ਕਰ ਜਾਏਗੀ। ਨਿਰੀ ਮਾਂ ਬਾਪ ਦੀ ਵਾਸ਼ਨਾ ਨਾਲ ਵੀ ਬੱਚੇ ਦਾ ਜਨਮ ਨਹੀਂ ਹੋਏਗਾ। ਇਹ ਤਾਂ ਤ੍ਰਿਬੇਣੀ ਦਾ ਸੰਗਮ ਹੈ। ਇਹ ਤਿੰਨ ਧਾਰਾਵਾਂ ਦਾ ਸੰਗਮ ਹੈ। ਆਮ ਮੋਟੀ ਅਕਲ ਰੱਖਣ ਵਾਲਾ ਜਗਤ ਕਹੇਗਾ, ਮਾਂ ਬਾਪ ਦਾ ਸੰਗਮ ਹੈ, ਦੋ ਦਾ ਸੰਗਮ ਹੈ। ਪਰ ਨਹੀਂ, ਇਹ ਤਿੰਨ ਧਾਰਾਵਾਂ ਦਾ ਸੰਗਮ ਹੈ। ਜੀਵ ਦੀ ਵੀ ਵਾਸ਼ਨਾ ਹੈ। ਜਿਤਨੀ ਦੇਰ ਤਕ ਜੀਵ ਦੀ ਵਾਸ਼ਨਾ, ਇਨ੍ਹਾਂ ਦੋ ਵਾਸ਼ਨਾਵਾਂ ਵਿਚ ਆ ਕੇ ਲੀਨ ਨਹੀਂ ਹੁੰਦੀ ਔਰ ਇਹ ਤੇ ਗੁਪਤ ਰੂਪ ਵਿਚ ਹੋਵੇਗੀ, ਇਸ ਦੇ ਲੀਨ ਹੋਣ ਦਾ ਕੁਛ ਵੀ ਪਤਾ ਨਹੀਂ ਲੱਗਦਾ, ਉਤਨੀ ਦੇਰ ਤਕ ਜਨਮ ਨਹੀਂ ਹੋਵੇਗਾ।

ਜੀਵ ਦੀ ਵਾਸ਼ਨਾ, ਮਾਂ ਬਾਪ ਦੀ ਵਾਸ਼ਨਾ ਨਾਲ ਮੇਲ ਖਾ ਗਈ ਹੈ, ਜੀਵ ਗਰਭ ਦੇ ਵਿਚ ਪਰਵੇਸ਼ ਕਰ ਗਿਆ। ਕਦੋਂ ਕੀਤਾ, ਕਿਸ ਸਮੇਂ ਕੀਤਾ, ਮੈਡੀਕਲ ਸਾਇੰਸ (Medical Science) ਨਹੀਂ ਦੱਸ ਸਕੀ। ਮੈਂ ਚੋਟੀ ਦੇ ਸਾਇੰਸਦਾਨਾਂ ਨਾਲ ਗੱਲ ਕੀਤੀ, ਉਨ੍ਹਾਂ ਨੇ ਵੀ ਕਿਹਾ ਕਿ ਨਿਸਚਿਤ ਸਮਾਂ ਨਹੀਂ ਦੱਸ ਸਕਦੇ। ਮਨੁੱਖ ਦੇ ਜਨਮ ਦਾ ਨਿਸਚਿਤ ਸਮਾਂ ਤੁਸੀਂ ਨਹੀਂ ਦੱਸ ਸਕਦੇ ਤਾਂ ਸੰਸਾਰ ਦਾ ਨਿਸਚਿਤ ਸਮਾਂ ਤੁਸੀਂ ਕਿਵੇਂ ਦੱਸੋਗੇ। ਸਮਾਂ ਹੀ ਨਹੀਂ ਸੀ। ਜੀਵ ਗਰਭ ਦੇ ਵਿਚ ਪਰਵੇਸ਼ ਕਰਦਾ ਹੈ, ਸਮਾਂ ਤਾਂ ਹੈ ਸੀ, ਦਿਨ ਰਾਤ ਤਾਂ ਹੈ ਸਨ, ਵਕਤ ਤਾਂ ਹੈ ਸੀ। ਪਰ ਜਦੋਂ ਪ੍ਰਭੂ ਨੇ ਸਰਿਸ਼ਟੀ ਸਾਜੀ, ਉਦੋਂ ਤਾਂ ਸਮਾਂ ਵੀ ਨਹੀਂ ਸੀ, ਦਿਨ ਰਾਤ ਵੀ ਨਹੀਂ ਸੀ।

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ ੧॥

(ਅੰਗ ੧੦੩੫)

ਸੂਰਜ ਨੂੰ ਜਨਮ ਦਿੱਤਾ, ਇਸ ਤਰ੍ਹਾਂ ਸਰਿਸ਼ਟੀ ਦੀ ਸਾਜਨਾ ਹੋਈ। ਸਰਿਸ਼ਟੀ ਦੀ ਸਾਜਨਾ ਦੇ ਨਾਲ ਸਮੇਂ ਦੀ ਸਾਜਨਾ ਹੋਈ। ਸਮੇਂ ਦੀ ਸਾਜਨਾ ਦੇ ਨਾਲ ਸਰਿਸ਼ਟੀ ਦੀ ਸਾਜਨਾ ਹੋਈ। ਇਸ ਵਾਸਤੇ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ :-

ਥਿਤਿ ਵਾਰੁ ਨਾ ਜੋਗੀ ਜਾਣੈ..... ॥

ਅਜੇ ਥਿੱਤ ਨਹੀਂ ਸੀ, ਅਜੇ ਵਾਰ ਨਹੀਂ ਸੀ, ਦਿਨ ਨਹੀਂ ਸੀ, ਰਾਤ ਨਹੀਂ ਸੀ। ਇਸ ਲਈ ਕੋਈ ਕਿਸ ਤਰ੍ਹਾਂ ਦੱਸੇਗਾ ਕਿ ਸੰਸਾਰ ਕਦੋਂ ਬਣਿਆ। ਕੇਵਲ ਕਿਆਸ ਨੇ, ਅੰਦਾਜ਼ੇ ਨੇ। ਜੀਵ ਦੇ ਗਰਭ ਦੇ ਵੀ ਅੰਦਾਜ਼ੇ ਨੇ।

ਸੰਸਾਰ ਬਣ ਗਿਆ। ਜੈਸੇ ਜੈਸੇ ਜੀਵ ਸਿਆਣਾ ਹੋਇਆ, ਮਨੁੱਖ ਸਿਆਣਾ ਹੋਇਆ, ਅੰਦਾਜ਼ੇ ਲਾ ਕੇ ਦੱਸਣ ਲੱਗ ਪਿਆ ਕਿ ਗ਼ਾਲਬਨ ਇਤਨੇ ਲੱਖ ਸਾਲ ਹੋ ਗਏ ਨੇ ਸੰਸਾਰ ਨੂੰ ਬਣਿਆਂ। ਬਾਈਬਲ ਤਾਂ ਚਾਰ ਹਜ਼ਾਰ ਸਾਲ ਦੱਸਦੀ ਹੈ। ਦੋ ਹਜ਼ਾਰ ਸਾਲ ਹੋ ਗਏ ਨੇ ਹਜ਼ਰਤ ਈਸਾ ਨੂੰ। ਇਹ ਵੀ ਅਗਰ ਨਾਲ ਐਡ (Add) ਕਰ ਲਈਏ ਤਾਂ ਉਹ ਕਹਿੰਦੇ ਨੇ ੬੦੦੦ ਹਜ਼ਾਰ ਸਾਲ ਹੋ ਗਏ ਨੇ ਸਰਿਸ਼ਟੀ ਬਣੀ ਨੂੰ। ਬਾਈਬਲ ਤਾਂ ਇਹ ਕਹਿ ਰਹੀ ਹੈ, ਈਸਾਈ ਤਾਂ ਇਹ ਕਹਿ ਰਹੇ ਨੇ। ਲੱਖਾਂ ਕਰੋੜਾਂ ਸਾਲਾਂ ਦੇ ਸਬੂਤ ਮੌਜੂਦ ਨੇ। ਅਮੀਰ ਮੁਲਕਾਂ ਵਿਚ ਅਗਰ ਕ੍ਰਿਸਚਨ ਨੌਜਵਾਨ, ਈਸਾਈ ਨੌਜਵਾਨ ਧਰਮ ਤੋਂ ਬਾਗ਼ੀ ਹੋਏ ਨੇ, ਹਿੰਦੂ ਜੋਗੀਆਂ ਦੇ ਮਗਰ ਘੁੰਮ ਰਹੇ ਨੇ ਯਾ ਉਹ ਭਾਰਤ ਦੇ ਵੱਖ ਵੱਖ ਧਰਮਾਂ ਨੂੰ ਕਬੂਲ ਕਰ ਰਹੇ ਨੇ ਯਾ ਸਿੰਘ ਬਣ ਰਹੇ ਨੇਂ, ਤਾਂ ਉਹ ਇਸ ਵਾਸਤੇ ਕਿ ੪੦ ਫ਼ੀ ਸਦੀ ਬਾਈਬਲ ਦੀਆਂ ਗੱਲਾਂ ਸਾਇੰਸ 'ਤੇ ਪੂਰੀਆਂ ਨਹੀਂ ਉਤਰਦੀਆਂ। ਸਾਇੰਸ ਦਾ ਯੁਗ ਹੈ, ਇਸ ਵਾਸਤੇ ਨੌਜਵਾਨਾਂ ਨੂੰ ਚੋਟ ਲੱਗਦੀ ਹੈ। ਮੈਂ ਅਤਕਥਨੀ ਨਹੀਂ ਕਰ ਰਿਹਾ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਵੀ ਸ਼ਬਦ ਐਸਾ ਨਹੀਂ ਜੋ ਗਿਆਨ, ਵਿਗਿਆਨ ਅਤੇ ਸਮੇਂ ਦੀ ਕਸਉਟੀ 'ਤੇ ਪੂਰਾ ਨਾ ਉਤਰਦਾ ਹੋਵੇ। ਇਹ ਸਮੇਂ ਦੀ ਕਸਵਟੀ 'ਤੇ ਵੀ ਪੂਰੇ ਉਤਰਦੇ ਨੇ। ਇਕ ਵੀ ਗੱਲ ਮਿਥਿਆ ਨਹੀਂ ਆਖੀ। ਚਲੋ ਗੁਰੂ ਨਾਨਕ ਦੇਵ ਜੀ ਪਾਸੋਂ ਹੀ ਪੁੱਛ ਲਈਏ ਕਿ ਮਹਾਰਾਜ! ਜਗਤ ਕਦੋਂ ਬਣਿਆ ? ਤਾਂ ਸਤਿਗੁਰੂ

ਕਹਿੰਦੇ ਨੇ:-

ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

(ਜਪੁ ਜੀ ਸਾਹਿਬ)

jaa kartaa sirthee ko saajae aapae jaanai soee |
The Creator who created this creation-only He Himself knows.

ਬਸ ਪਰਮਾਤਮਾ ਹੀ ਜਾਣਦਾ ਹੈ ਕਿ ਇਹ ਜਗਤ ਕਦੋਂ ਬਣਿਆ। ਗੱਲ ਮੁਕਾਈ ਹੈ ਗੁਰੂ ਨਾਨਕ ਦੇਵ ਜੀ ਨੇ ਕਿ ਪਰਮਾਤਮਾ ਹੀ ਜਾਣਦਾ ਹੈ। ਜੀਵ ਆਤਮਾ ਦਾ ਗਰਭ ਵਿਚ ਪਰਵੇਸ਼ ਹੋਇਆ। ਹੁਣ ਇਹ ਕਦੋਂ ਹੋਇਆ, ਪਰਮਾਤਮਾ ਹੀ ਜਾਣਦਾ ਹੈ। ਅਗਲੀ ਗੱਲ, ਹੁਣ ਮਰਨਾ ਵੀ ਹੋਵੇਗਾ, ਕੋਈ ਨਿਸਚਿਤ ਸਮਾਂ ਡਾਕਟਰ ਨਹੀਂ ਦੱਸ ਸਕਦਾ ਕਿ ਫਲਾਣੇ ਦਿਨ ਮਰਨਾ ਹੋਵੇਗਾ। ਸੰਸਾਰ ਦੀ ਪਰਲੋ ਹੋਵੇਗੀ, ਕਿਆਮਤ ਤਾਂ ਹੋਵੇਗੀ, ਪਰ ਕਦੋਂ ਹੋਵੇਗੀ, ਕੌਣ ਦੱਸੇਗਾ, ਕਿਸ ਤਰ੍ਹਾਂ ਦੱਸੇਗਾ। ਮਰਨਾ ਤਾਂ ਸਾਡਾ ਹੋਵੇਗਾ, ਪਰ ਕਿਸ ਤਰ੍ਹਾਂ ਹੋਵੇਗਾ। ਮਰਨਾ ਤਾਂ ਹੈ ਪਰ ਕੁਛ ਵੀ ਪਤਾ ਨਹੀਂ। ਇਸ ਕਰਕੇ ਮਨੁੱਖ ਨਿਸਚਿੰਤ ਹੋ ਜਾਂਦਾ ਹੈ। ਫਿਰ ਮਨੁੱਖ ਨੂੰ ਸਮਝਾਉਣਾ ਪੈਂਦਾ ਹੈ ਕਿ ਪਰਮਾਤਮਾ ਦੀ ਤਰਫ਼ੋਂ ਨਿਸਚਿਤ ਹੈ, ਪਰ ਮਨੁੱਖ ਪਰਮਾਤਮਾ 'ਤੇ ਨਿਸਚਾ ਨਹੀਂ ਕਰਦਾ, ਬਸ ਏਨੀ ਗੱਲ ਹੈ। ਪ੍ਰਭੂ ਦੀ ਤਰਫ਼ੋਂ ਨਿਸਚਿਤ ਹੈ ਕਿ ਤੂੰ ਮਰੇਂਗਾ। ਕਦੋਂ ਮਰੇਂਗਾ? ਜਿਸ ਨੇ ਨਿਸਚਿਤ ਕੀਤਾ ਹੈ, ਇਹ ਓਹੀ ਜਾਣਦਾ ਹੈ। ਰੁਤ, ਮਾਹ, ਥਿੱਤ, ਸਮਾਂ ਓਹੀ ਜਾਣਦਾ ਹੈ। ਜਦ ਵਿਗਿਆਨ ਮਨੁੱਖ ਬਾਰੇ ਹੀ ਨਹੀਂ ਦੱਸ ਸਕਦਾ ਕਿ ਇਸ ਨੇ ਗਰਭ ਵਿਚ ਕਦੋਂ ਪਰਵੇਸ਼ ਕੀਤਾ ਭਾਵ ਕਦੋਂ ਇਸ ਦਾ ਜਨਮ ਹੋਇਆ, ਕਦੋਂ ਮਰਨਾ ਹੋਵੇਗਾ। ਸੰਸਾਰ ਬਾਰੇ ਸਾਇੰਸ ਕਿਸ ਤਰ੍ਹਾਂ ਦੱਸੇਗੀ। ਸਭ ਅੰਦਾਜ਼ੇ ਨੇ। ਇਸ ਆਦਿ ਸ਼ਬਦ ਤੋਂ ਮੈਂ ਇਤਨੀ ਗੱਲ ਆਪ ਜੀ ਦੇ ਸਾਹਮਣੇ ਰੱਖੀ ਹੈ।

ਸ੍ਰਿਸ਼ਟੀ ਦੇ ਆਦਿ ਵਿਚ, ਹੁਣ ਇਸ ਦੇ ਆਰੰਭ ਵਿਚ ਸੰਮਤ ਵੀ ਲਿਖ ਸਕਦੇ ਸਨ, ਥਿੱਤ, ਵਾਰ ਵੀ ਲਿਖ ਸਕਦੇ ਸਨ। ਨਹੀਂ ਲਿਖਿਆ, ਕਿਉਂ? ਨਾ ਰੁਤ ਸੀ, ਨਾ ਦਿਨ ਸੀ, ਨਾ ਸਮਾਂ ਸੀ। ਉਦੋਂ ਸੰਸਾਰ ਦੀ ਸਾਜਨਾ ਹੋਈ। ਸਾਜਨਾ ਦੇ ਨਾਲ ਸਮੇਂ ਦੀ ਵੀ ਸਿਰਜਨਾ ਹੋ ਗਈ। ਸਾਜਨਾ ਦੇ ਨਾਲ, ਦਿਨ, ਮਹੀਨੇ, ਰੁਤਾਂ ਦੀ ਸਾਜਨਾ ਹੋ ਗਈ। ਇਹ ਸਭ ਕੁਛ ਇਕੋ ਦਫ਼ਾ ਹੋ ਗਿਆ।

ਸ੍ਰਿਸ਼ਟੀ ਦੇ ਸਾਜਨ ਤੋਂ ਪਹਿਲੇ ਅਗਰ ਦਿਨ ਹੈ ਤਾਂ ਸਰਿਸ਼ਟੀ ਤਾਂ ਬਣੀ ਹੋਈ ਹੈ, ਸੂਰਜ ਤਾਂ ਹੈ। ਸਰਿਸ਼ਟੀ ਦੇ ਸਾਜਨ ਤੋਂ ਪਹਿਲੇ ਅਗਰ ਦਿਨ ਰਾਤ ਹੈ, ਰੁਤ ਮਾਹ ਹੈ ਤਾਂ ਸਰਿਸ਼ਟੀ ਤਾਂ ਫਿਰ ਮੌਜੂਦ ਹੈ। ਪਰ ਨਹੀਂ, ਸਰਿਸ਼ਟੀ ਦੀ ਸਾਜਨਾ ਦੇ ਨਾਲ ਦਿਨ ਦੀ ਸਾਜਨਾ ਹੋਈ, ਸਮੇਂ ਦੀ ਸਾਜਨਾ ਹੋਈ, ਇਕੱਠੀ ਹੋਈ। ਇਸ ਵਾਸਤੇ ਹੀ ਮਹਾਰਾਜ ਕਹਿੰਦੇ ਨੇ:-

ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

(ਜਪੁ ਜੀ ਸਾਹਿਬ)

ਉਹ ਆਪ ਹੀ ਜਾਣਦਾ ਹੈ। ਉਸ ਨੂੰ ਪਤਾ ਹੈ। **ਆਦਿ ਪੂਰਨ**। ਸ੍ਰਿਸ਼ਟੀ ਦੇ ਆਦਿ ਵਿਚ ਅਗਰ ਕੋਈ ਸੀ ਤਾਂ ਉਹ ਆਪ ਹੀ ਸੀ। ਇਹ ਅਧੂਰੇ ਮਨੁੱਖ ਨਹੀਂ ਸਨ। ਇਹ ਅਧੂਰੇ ਸਾਇੰਟਿਸਟ ਨਹੀਂ ਸਨ। ਇਹ ਅਧੂਰੇ ਗਿਆਨੀ ਨਹੀਂ ਸਨ। ਇਹ ਅਧੂਰੀ ਸੂਝ ਬੂਝ ਰੱਖਣ ਵਾਲੇ ਨਹੀਂ ਸਨ। ਕੇਵਲ ਉਹ ਪੂਰਨ ਸੀ। ਇਸ ਵਾਸਤੇ ਮਹਾਰਾਜ ਕਹਿੰਦੇ ਨੇ, ਉਹ ਜਾਣਦਾ ਹੈ। **ਮਧਿ ਪੂਰਨ**। ਸਮੇਂ ਦਾ ਮੱਧ, ਸਰਿਸ਼ਟੀ ਦਾ ਮੱਧ। ਜੈਸੇ ਚਾਲੀ, ਪੰਜਤਾਲੀ ਸਾਲਾਂ ਨੂੰ ਇਸ ਜ਼ਿੰਦਗੀ ਦਾ ਮੱਧ ਮੰਨ ਲੈਂਦੇ ਨੇ। ਕਹਿ ਦਿੱਤਾ ਜਾਂਦਾ ਹੈ, ਇਹ ਅੱਧਖੜ ਉਮਰ ਦਾ ਹੈ, ਮੱਧ। ਹੁਣ ਸਰਿਸ਼ਟੀ ਬਾਰੇ ਕੀ ਦੱਸੀਏ। ਇਸ ਦਾ ਮੱਧ ਕਦੋਂ ਆਉਂਦਾ ਹੈ। ਮੱਧ ਦੇ ਵਿਚ ਵੀ ਉਹ ਪੂਰਨ ਹੈ, ਫਿਰ **ਅੰਤਿ**। ਜਦ ਪਰਲੋ ਹੋਵੇਗੀ, ਕਿਆਮਤ ਹੋਵੇਗੀ, ਸਭ ਕਿਛ ਖ਼ਤਮ ਹੋ ਜਾਵੇਗਾ। ਸਾਰਾ ਆਕਾਰ ਨਿਰਾਕਾਰ ਹੋ ਜਾਏਗਾ। ਜਦ ਉਹ ਸੂਖਮ ਤੋਂ ਸਥੂਲ ਹੋ ਜਾਂਦਾ ਹੈ :-

ਤੂੰ ਸੂਖਮੁ ਹੋਆ ਅਸਥੂਲੀ ॥ (ਅੰਗ ੧੦੨)

ਫਿਰ ਸਥੂਲ ਤੋਂ ਸੂਖਮ ਹੋ ਜਾਂਦਾ ਹੈ। ਜੇ ਉਹ ਨਿਰਾਕਾਰ ਤੋਂ ਆਕਾਰ ਹੋ ਜਾਂਦਾ ਹੈ ਤਾਂ ਫਿਰ ਆਕਾਰ ਤੋਂ ਨਿਰਾਕਾਰ ਹੋ ਜਾਂਦਾ ਹੈ। ਇਸ ਕਰਕੇ ਅੰਤ ਸਮੇਂ ਵੀ ਉਹ ਪੂਰਨ ਹੈ।

ਆਦਿ ਵਿਚ ਵੀ ਉਹ ਪੂਰਨ ਹੈ, **ਮਧਿ** ਵਿਚ ਵੀ ਉਹ ਪੂਰਨ ਹੈ ਅਤੇ **ਅੰਤਿ** ਵਿਚ ਵੀ ਉਹ ਪੂਰਨ ਹੈ। ਕੁਛ ਲੋਗ ਐਸੇ ਵੀ ਨੇ ਜਿਨ੍ਹਾਂ ਦੀ ਕਲਪਨਾ ਅੱਗੇ ਚਲੀ ਜਾਂਦੀ ਹੈ। ਸੰਸਾਰ ਦੇ ਆਦਿ ਤਕ ਤਾਂ ਨਹੀਂ ਗਈ। ਕਹਿੰਦੇ ਨੇ ਨਿਰੰਕਾਰ ਦਾ ਆਦਿ ਲੱਭੀਏ ਕਿ ਉਹ ਕਦੋਂ ਦਾ ਹੈ। ਇਨ੍ਹਾਂ ਦੋਨਾਂ ਖੋਜਾਂ ਵਿਚ ਅਗਰ ਸਭ ਤੋਂ ਪਹਿਲੇ ਕਿਸੇ ਨੇ ਕਲਪਨਾ ਕੀਤੀ ਹੈ ਤਾਂ ਉਹ ਹੈ ਬ੍ਰਹਮਾ। ਦੇਖੀਏ ਤਾਂ ਸਹੀ ਰੱਬ ਕਦੋਂ ਤੋਂ ਹੈ। ਇਹ ਸੰਸਾਰ ਕਦੋਂ ਤੋਂ ਹੈ। ਗੁਰੂ ਨਾਨਕ ਦੇਵ ਜੀ ਮਹਾਰਾਜ ਇਸ ਦਾ ਜ਼ਿਕਰ ਕਰਦੇ ਨੇ। ਜਦ ਖੋਜਣ ਦਾ ਇਸ ਨੇ ਸੰਕਲਪ ਕੀਤਾ ਅਤੇ ਵਿਸ਼ਨੂੰ ਦੇ ਅੱਗੇ ਇਸ ਗੱਲ ਨੂੰ ਰਖਿਆ ਤਾਂ ਵਿਸ਼ਨੂੰ ਨੇ ਕਿਹਾ ਕਿ ਮੇਰਾ ਅਸ਼ੀਰਵਾਦ ਤੇਰੇ ਨਾਲ ਹੈ। ਮੈਂ ਤੈਨੂੰ ਅਸੀਸ ਦਿੰਦਾ ਹਾਂ। ਮੈਂ ਤੇਰੇ ਲਈ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਆਪਣੇ ਮਕਸਦ ਵਿਚ ਕਾਮਯਾਬ ਹੋਵੇਂ। ਗੁਰੂ ਨਾਨਕ ਦੇਵ ਜੀ ਮਹਾਰਾਜ ਇਸ ਦਾ ਜ਼ਿਕਰ ਇਸ ਤਰ੍ਹਾਂ ਕਰਦੇ ਨੇ :-

ਨਾਲਿ ਕੁਟੰਬੁ ਸਾਥਿ ਵਰਦਾਤਾ ਬ੍ਰਹਮਾ ਭਾਲਣ ਸ੍ਰਿਸਟਿ ਗਇਆ॥
(ਅੰਗ ੩੫੦)

ਬ੍ਰਹਮਾ ਸਰਿਸ਼ਟੀ ਦੀ ਭਾਲ ਲਈ ਚਲ ਪਿਆ ਕਿ ਆਦਿ ਕੀ ਹੈ?

........ਸਾਥਿ ਵਰਦਾਤਾ..... ॥

ਵਰ ਦੇਣ ਵਾਲਾ, ਵਿਸ਼ਨੂੰ। ਪ੍ਰਭੂ ਅੱਗੇ ਅਰਦਾਸ ਕਰਨ ਵਾਲਾ ਕਿ ਬ੍ਰਹਮਾ ਆਪਣੇ ਮਕਸਦ ਵਿਚ ਸਫਲ ਹੋਵੇ। ਕਹਿੰਦੇ ਨੇ ਬ੍ਰਹਮੇ ਨੇ ਬਹੁਤ ਲੰਬਾ ਸਮਾਂ ਇਸ ਖੋਜ ਵਿਚ ਲਾਇਆ। ਹੱਥ ਕੀ ਆਇਆ, ਉਹ ਵੀ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੱਸਦੇ ਨੇ :-

ਆਗੈ ਅੰਤੁ ਨ ਪਾਇਓ ਤਾ ਕਾ ਕੰਸੁ ਛੇਦਿ ਕਿਆ ਵਡਾ ਭਇਆ॥ ੩॥

(ਅੰਗ ੩੫੦)

ਅੱਗੇ **ਆਦਿ** ਹੱਥ ਨਹੀਂ ਆਇਆ, **ਅੰਤਿ** ਹੱਥ ਨਹੀਂ ਆਇਆ। ਜੋ ਕੁਛ ਵੀ ਹੱਥ ਆਇਆ, ਬ੍ਰਹਮੇ ਦੀ ਜ਼ਬਾਨ ਤੋਂ ਨਿਕਲਿਆ, **ਨੇਤੀ, ਨੇਤੀ, ਨੇਤੀ**। ਇਹ ਵੀ ਆਦਿ ਨਹੀਂ ਹੈ, ਇਹ ਵੀ ਅੰਤਿ ਨਹੀਂ ਹੈ। ਜਿਹੜੀ ਵੀ ਉਸ ਨੇ ਖੋਜ ਕੀਤੀ, ਕਹਿ ਦਿੱਤਾ, ਮੈਨੂੰ ਇਸ ਦੇ ਆਦਿ ਦਾ ਨਹੀਂ ਪਤਾ। ਅੰਤ ਮੇਰੀ ਪਕੜ ਵਿਚ ਨਹੀਂ ਆਇਆ। ਇਹ ਉਸ ਵਕਤ ਦਾ ਸਭ ਤੋਂ ਸਿਆਣਾ ਮਨੁੱਖ, ਅੰਤਰਮੁਖੀ ਮਨੁੱਖ, ਜਿਸ ਦੇ ਬਾਰੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ ਵਰ-ਦਾਤਾ, ਵਿਸ਼ਨੂੰ ਵੀ ਨਾਲ ਸੀ, ਪਰ ਬ੍ਰਹਮਾ ਕਾਮਯਾਬ ਨਹੀਂ ਹੋਇਆ। ਉਸ ਵਕਤ ਦਾ ਇਹ ਚੋਟੀ ਦਾ ਗਿਆਨੀ, ਚੋਟੀ ਦਾ ਸੰਤ ਵੀ ਕਹਿ ਲਉ ਯਾ ਫਿਰ ਚੋਟੀ ਦਾ ਵਿਗਿਆਨੀ (Scientist) ਆਪਣੇ ਮਕਸਦ ਵਿਚ ਸਫਲ ਨਹੀਂ ਹੋਇਆ :-

ਆਗੈ ਅੰਤੁ ਨ ਪਾਇਓ ਤਾ ਕਾ... ॥

ਅੰਤ ਹੱਥ ਵਿਚ ਨਹੀਂ ਆਇਆ, ਆਦਿ ਪਕੜ ਵਿਚ ਨਹੀਂ ਆਇਆ। ਉਹ ਪੂਰਨ ਹੈ। ਕਹਿੰਦੇ ਨੇ ਜਿਹੜਾ ਵੀ ਧਰਮ ਦੇ ਮਾਰਗ ਵਿਚ ਥੋੜ੍ਹਾ ਅੱਗੇ ਚਲਾ ਗਿਆ, ਉਸ ਦੀ ਮੱਤ ਬਾਰੀਕ ਹੋ ਜਾਂਦੀ ਹੈ। ਧਰਮ ਵਿਚ ਜਿਹੜਾ ਪਰਵੇਸ਼ ਕਰਦਾ ਹੈ, ਉਸ ਦੀ ਮੱਤ ਅਤਿ ਸੂਖਮ ਹੋ ਜਾਂਦੀ ਹੈ। ਧਰਮ ਦੀ ਸਮਝ ਉਦੋਂ ਹੁੰਦੀ ਹੈ, ਜਦੋਂ ਮੱਤ ਸੂਖਮ ਹੋ ਜਾਏ। ਪਰਵੇਸ਼ ਉਦੋਂ ਮਿਲਦਾ ਹੈ ਜਦ ਮੱਤ ਅਤਿ ਸੂਖਮ ਹੋ ਜਾਂਦੀ ਹੈ। ਇਸ ਦੇ ਉੱਪਰ ਕਬੀਰ ਜੀ ਨੇ ਬੜਾ ਸੋਹਣਾ ਉਦਾਹਰਣ ਦਿੱਤਾ ਹੈ:-

ਕਬੀਰ ਮੁਕਤਿ ਦੁਆਰਾ ਸੰਕੁਰਾ.... ॥

(ਅੰਗ ੧੩੬੭)

ਈਸ਼ਵਰ ਦਾ ਦੁਆਰ, ਧਰਮ ਦਾ ਦੁਆਰ, ਮੋਖ ਦੁਆਰ ਸੰਕੀਰਨ ਹੈ, ਸੂਖਮ ਹੈ। ਕਿਤਨਾ ਕੁ ਸੂਖਮ ਹੈ:-

....ਰਾਈ ਦਸਏਂ ਭਾਇ॥ (ਅੰਗ ੧੩੬੭)

ਹੁਣ ਰਾਈ ਦੇ ਦਾਣੇ ਦਾ ਦਸਵਾਂ ਭਾਗ ਕਰੋ। ਮਾਈਕਰੋ-ਸਕੋਪ (Microscope) ਤੋਂ ਬਿਨਾਂ ਨਹੀਂ ਦੇਖ ਸਕੋਗੇ, ਪਰ ਇਹ ਵੀ ਮਜਬੂਰਨ ਉਦਾਹਰਣ ਦਿੱਤਾ ਹੈ। ਇਸ ਤੋਂ ਵੀ ਸੂਖਸ਼ਮ ਹੈ ਅਤਿ ਸੂਖਸ਼ਮ ਹੈ :-

ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ॥ ੫੮॥

(ਅੰਗ ੧੩੬੭)

ਮਨੁੱਖ ਦੀ ਅਕਲ, ਮੋਟੀ ਸਮਝ, ਹਾਥੀ ਹੈ, ਸਥੂਲ ਹੈ, ਮੋਟੀ ਹੈ। ਦਰਵਾਜ਼ਾ ਸੂਖਮ

ਹੈ। ਇਸ ਸੂਖਮ ਦੁਆਰ ਤੋਂ ਮੋਟੀ ਅਕਲ ਕਿਸ ਤਰ੍ਹਾਂ ਲੰਘੇਗੀ। ਕਬੀਰ ਜੀ ਨੇ ਮੋਟੀ ਅਕਲ ਦੀ ਤਸ਼ਬੀਹ ਹਾਥੀ ਨਾਲ ਦਿੱਤੀ ਹੈ। ਕਬੀਰ ਜੀ ਬਨਾਰਸ ਦੇ ਵਸਨੀਕ ਸਨ। ਬਨਾਰਸ ਬਿਹਾਰ ਦੇ ਬਾਰਡਰ (Border) 'ਤੇ ਹੈ। ਬਿਹਾਰ ਵਿਚ ਅੱਜ ਵੀ ਹਾਥੀ ਬਹੁਤ ਜ਼ਿਆਦਾ ਹਨ। ਬੜੇ ਬੜੇ ਮੰਡਲੇਸ਼ਵਰ, ਰਾਜੇ, ਮਹਾਰਾਜੇ ਜੋ ਬਨਾਰਸ ਆਉਂਦੇ ਸਨ, ਉਹ ਹਾਥੀਆਂ 'ਤੇ ਆਉਂਦੇ ਸਨ। ਹਾਥੀਆਂ 'ਤੇ ਅਸਵਾਰ ਹੋ ਕੇ ਤੀਰਥ ਯਾਤਰਾ ਕਰਦੇ ਸਨ। ਹਾਥੀ ਕਬੀਰ ਜੀ ਦੇ ਸਾਹਮਣੇ ਸੀ। ਉਨ੍ਹਾਂ ਨੇ ਮੋਟੀ ਅਕਲ ਦੀ, ਮੋਟੀ ਸਮਝ ਦੀ ਤਸ਼ਬੀਹ ਹਾਥੀ ਨਾਲ ਦਿੱਤੀ। ਮਨ ਤਾਂ ਹਾਥੀ ਹੈ, ਮਨੁੱਖ ਦੀ ਸਮਝ ਤਾਂ ਹਾਥੀ ਹੈ। ਇਹ ਸੂਖਮ ਦੁਆਰ, ਅਤਿ ਸੂਖਮ ਦੁਆਰ, ਇਸ ਵਿਚੋਂ ਇਹ ਮਨ ਹਾਥੀ ਕਿਵੇਂ ਲੰਘੇਗਾ। ਇੱਧਰ ਰਾਜਸਥਾਨ ਅਤੇ ਹਰਿਆਣੇ ਵਿਚ ਮੈਂ ਦੇਖਿਆ ਹੈ, ਮੋਟੀ ਅਕਲ ਵਾਲੇ ਨੂੰ ਆਪਣੀ ਭਾਸ਼ਾ ਵਿਚ ਇੰਝ ਕਹਿੰਦੇ ਹਨ:-

ਯਾ ਕੀ ਅਕਲ ਤੋ ਭੈਂਸ ਹੈ।

ਅਕਲ ਥੋੜੀ ਹੈ, ਭੈਂਸ ਹੈ। ਅਕਲ ਨੂੰ ਮੱਝ ਨਾਲ ਤਸ਼ਬੀਹ ਦਿੰਦੇ ਹਨ, ਕਿਉਂਕਿ ਇੱਧਰ ਹਾਥੀ ਕੋਈ ਨਹੀਂ। ਵੱਡੇ ਵੱਡੇ ਜੰਗਲ ਵੀ ਕੋਈ ਨਹੀਂ। ਮੱਝ ਮੋਟਾ ਜਾਨਵਰ ਹੈ। ਇਸ ਲਈ ਮੋਟੀ ਅਕਲ (ਮੱਝ) ਉਸ ਸੂਖਮ ਦੁਆਰ ਤੋਂ ਕਿਵੇਂ ਲੰਘੇ। ਮੋਟੀ ਅਕਲ ਕਿਵੇਂ ਹੁੰਦੀ ਹੈ। ਹਰ ਵਕਤ ਯਾਦਾਂ ਦੇ ਵਿਚ ਪਰਵਾਰ। ਹਰ ਵਕਤ ਸੋਚਣੀ ਦੇ ਵਿਚ ਸੰਸਾਰ। ਹਰ ਵਕਤ ਵਿਚਾਰਾਂ ਦੇ ਵਿਚ ਧਨ ਸੰਪਦਾ। ਅਗਰ ਇਹ ਚਲਦੇ ਰਹੇ ਤਾਂ ਅਕਲ ਮੋਟੀ ਹੁੰਦੀ ਜਾਏਗੀ। ਜਿਤਨੀ ਮੋਟੀ ਅਕਲ ਦਾ ਮਨੁੱਖ ਹੋਵੇਗਾ, ਉਸ ਦੇ ਲਈ ਪਰਮਾਤਮਾ ਵੀ ਪਰਮਾਤਮਾ ਨਹੀਂ ਰਹਿ ਜਾਏਗਾ। ਉਸ ਦੇ ਲਈ ਪਰਮਾਤਮਾ ਵੀ ਇਕ ਮੁਰਦਾ, ਇਕ ਕਬਰ, ਇਕ ਮੜ੍ਹੀ ਹੋਵੇਗਾ, ਕਿਉਂਕਿ ਅਕਲ ਮੋਟੀ ਹੈ। ਉਸ ਦੇ ਵਾਸਤੇ ਪਰਮਾਤਮਾ ਵੀ ਕੋਈ ਦੇਹੀ, ਕੋਈ ਸਰੀਰ ਹੈ। ਉਸ ਦੇ ਵਾਸਤੇ ਪਰਮਾਤਮਾ ਵੀ ਕੋਈ ਬਹੁਤ ਵੱਡਾ ਪੱਥਰ, ਚਾਹੇ ਮੂਰਤੀ ਦੇ ਵਿਚ ਹੋਵੇ, ਉਹ ਪਰਮਾਤਮਾ ਹੈ। ਇਹ ਸਭ ਮੋਟੀ ਅਕਲ ਦੀ ਈਜਾਦ ਹੈ। ਜਿਤਨੀ ਬਹੁਤ ਮੋਟੀ ਅਕਲ ਹੋਵੇਗੀ, ਉਤਨੇ ਸੂਖਮ ਨੂੰ (ਕਿਉਂਕਿ ਪਰਮਾਤਮਾ ਤਾਂ ਨਿਰਾਕਾਰ ਹੈ, ਅਤਿ ਸੂਖਮ) ਸਮਝਣਾ ਮੁਸ਼ਕਿਲ ਹੋ ਜਾਏਗਾ। ਇਸ ਵਕਤ ਦੁਨੀਆ ਵਿਚ ਮਨੁੱਖ ਦੀ ਅਕਲ ਪੜ੍ਹ ਲਿਖ ਕੇ ਜਿਤਨੀ ਮੋਟੀ ਹੋ ਗਈ ਹੈ, ਪਰਾਚੀਨ ਕਾਲ ਵਿਚ, ਅਨਪੜ੍ਹ ਲੋਕਾਂ ਦੀ ਅਕਲ ਵੀ ਇਤਨੀ ਮੋਟੀ ਨਹੀਂ ਸੀ। ਅੱਜ ਮਨੁੱਖ ਦੀ ਅਕਲ ਬੜੀ ਮੋਟੀ ਹੈ। ਵਿਚਾਰ ਤਾਂ ਬੜੇ ਮੋਟੇ ਨੇ। ਗੁਰਬਾਣੀ ਨਾਲ ਤਾਲਮੇਲ ਇਸ ਵਾਸਤੇ ਨਹੀਂ ਬੈਠਦਾ। ਹਰ ਵਿਸ਼ੇ ਦਾ ਸ਼ਬਦ ਮੌਜੂਦ ਹੈ। ਫਿਰ ਵੀ ਕੀਰਤਨੀਏ, ਖ਼ਾਸ ਕਰਕੇ ਸੰਤ ਕੀਰਤਨੀਏ, ਢੋਲਕੀ ਛੈਣਿਆਂ ਨਾਲ ਕਵਿਤਾਵਾਂ ਨੂੰ ਗਾਇਨ ਕਰਨਗੇ। ਕਵਿਤਾਵਾਂ ਜੋੜਨਗੇ। ਬਈ ਅੰਮ੍ਰਿਤ ਬਾਣੀ ਮੌਜੂਦ ਹੈ। ਅਮਰ ਕਾਵਿ ਮੌਜੂਦ ਹੈ, ਗਾਉ। ਨਾ ਸੁਣਨ ਵਾਲਿਆਂ ਦੀ ਸਮਝ ਵਿਚ ਆਉਂਦਾ ਹੈ, ਨਾ ਸੁਣਾਉਣ ਵਾਲਿਆਂ ਦੀ ਸਮਝ ਵਿਚ, ਕਿਉਂ? ਅਕਲ ਮੋਟੀ ਹੈ। ਮੁਆਫ਼ੀ ਮੈਂ ਪਹਿਲੇ ਮੰਗ ਲਵਾਂ। ਇਕ ਨਹੀਂ, ਕਈਆਂ ਨੇ ਕਿਹਾ ਹੈ, ਕਵਿਤਾ ਚੰਗੀ ਲੱਗਦੀ ਹੈ। ਹੁਣ ਕਵਿਤਾ ਨਿਕਲੀ ਹੈ ਮੋਟੇ ਦਿਮਾਗ਼ ਵਿਚੋਂ ਅਤੇ ਸਰੋਤਾ ਵੀ ਹੋਵੇ ਮੋਟੇ ਦਿਮਾਗ਼ ਦਾ ਤਾਂ ਫਿਰ ਤਾਲਮੇਲ ਬੈਠ ਜਾਂਦਾ ਹੈ। ਖੇਡ ਬਣ ਜਾਂਦੀ

ਹੈ। ਗੁਰਬਾਣੀ ਤਾਂ ਅਤਿ ਸੂਖਮ ਹੈ, ਇਸ ਕਰਕੇ ਤਾਲਮੇਲ ਨਹੀਂ ਬੈਠਦਾ।

ਠੀਕ ਹੈ ਰਾਗ ਤਾਲ ਨੂੰ ਕਈ ਲੋਗ ਨਹੀਂ ਸਮਝਦੇ ਸਨ। ਧਾਰਨਾ ਵਿਚ ਲੋਕੀਂ ਕੀਰਤਨ ਕਰਦੇ ਸਨ, ਪਰ ਧਾਰਨਾ ਗੁਰਬਾਣੀ ਦੀ ਹੁੰਦੀ ਸੀ, ਆਪਣੀ ਕਵਿਤਾ ਦੀ ਨਹੀਂ ਸੀ ਹੁੰਦੀ। ਆਪਣੀ ਤਰਫ਼ੋਂ ਕੋਈ ਬੋਲ ਨਹੀਂ ਸਨ ਜੋੜਦੇ, ਪਰ ਆਪਣੀ ਤਰਫ਼ੋਂ ਜਿਹੜੇ ਬੋਲ ਜੋੜਦੇ ਨੇ, ਉਹ ਸਰੋਤਿਆਂ ਨੂੰ ਚੰਗੇ ਲੱਗਣ ਅਤੇ ਗਾਇਨ ਕਰਨ ਵਾਲਿਆਂ ਨੂੰ ਵੀ ਚੰਗੇ ਲੱਗਣ, ਤਾਂ ਫਿਰ ਮੈਨੂੰ ਕਹਿਣ ਦੇਣਾ ਕਿ ਇਹ ਮੋਟੀ ਅਕਲ ਦਾ ਸਬੂਤ ਹੈ, ਹੋਰ ਕੁਛ ਵੀ ਨਹੀਂ। ਅਕਲ ਬਾਰੀਕ ਨਹੀਂ ਹੈ ਕਿ ਇਹ ਗੁਰਬਾਣੀ ਨੂੰ ਸਮਝ ਸਕੇ :-

ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥

(ਅੰਗ ੯੩੫)

ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ॥
ਮਨੁ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉ ਕੈ ਜਾਇ॥ ੫੮॥

(ਅੰਗ ੧੩੬੭

ਬਹੁਤ ਸੋਹਣੀ ਤਸ਼ਬੀਹ ਦਿੱਤੀ ਹੈ। ਸਤਸੰਗ ਕਰਦਿਆਂ ਕਰਦਿਆਂ, ਕਥਾ ਕੀਰਤਨ ਰੋਜ਼ ਸੁਣਦਿਆਂ ਸੁਣਦਿਆਂ ਜਿਤਨਾ ਵੀ ਜਾਗਿਆ ਹੋਇਆ ਮਨ ਹੈ, ਉਹ ਨਾਲ ਜੋੜੀਏ ਤਾਂ ਸਹਿਜੇ ਸਹਿਜੇ ਜਾਗਰਿਤੀ ਵੱਧ ਜਾਂਦੀ ਹੈ। ਮਨੁੱਖ ਦੀ ਅਕਲ ਸੂਖਮ ਹੋ ਜਾਂਦੀ ਹੈ। ਇਹ ਇਕ ਜ਼ਰੀਆ ਹੈ। ਜੈਸੇ ਹੀ ਇਹ ਸੂਖਮ ਹੁੰਦੀ ਹੈ, ਉਸ ਸੂਖਮ ਦੀਆਂ ਝਲਕਾਂ ਪੈਣੀਆਂ ਸ਼ੁਰੂ ਹੋ ਜਾਂਦੀਆਂ ਹਨ। ਅਜੇ ਤਾਂ ਮੋਟੀ ਅਕਲ ਦੇ ਮਨੁੱਖ ਸੂਖਮ ਸਰੀਰ ਨੂੰ ਹੀ ਨਹੀਂ ਮੰਨਦੇ। ਇਹ ਸਥੂਲ ਸਰੀਰ ਤਾਂ ਇੱਥੇ ਹੀ ਸਾੜ ਦਿੱਤਾ ਜਾਂਦਾ ਹੈ ਯਾ ਦਫ਼ਨ ਕਰ ਦਿੱਤਾ ਜਾਂਦਾ ਹੈ। ਅੱਗੇ ਯਾਤਰਾ 'ਤੇ ਕੌਣ ਜਾਂਦਾ ਹੈ? ਸੂਖਮ ਸਰੀਰ। ਜੇਕਰ ਸੂਖਮ ਸਰੀਰ ਹੈ ਹੀ ਨਹੀਂ, ਮੌਤ ਨਾਲ ਸਾਰਾ ਨਿਰਣਾ ਹੋ ਗਿਆ। ਗੱਲ ਖ਼ਤਮ ਹੋ ਗਈ। ਫਿਰ ਕੀ ਰਹਿ ਗਿਆ, ਕੁਛ ਵੀ ਨਹੀਂ। ਇੱਕ ਚੰਗਾ ਪੜ੍ਹਿਆ ਲਿਖਿਆ ਨੌਜਵਾਨ ਇੱਕ ਦਿਨ ਕਹਿਣ ਲਗਾ, ਗਿਆਨੀ ਜੀ, ਉਹ ਜੋ ਤੁਸੀਂ ਸੂਖਮ ਸਰੀਰ ਦੀ ਗੱਲ ਕੀਤੀ ਏ, ਇਸ ਨੂੰ ਆਪਣਾ ਮਨ ਤਾਂ ਨਹੀਂ ਮੰਨਦਾ। ਮੈਂ ਕਿਹਾ ਇਹ ਧਰਮ ਅਤੇ ਪਰਮਾਤਮਾ ਕੀ ਤੇਰੇ ਮਨ ਦੇ ਮੰਨਣ 'ਤੇ ਖੜਾ ਹੈ? ਤੂੰ ਨਹੀਂ ਮੰਨਦਾ ਤਾਂ ਨਾਂਹ ਮੰਨ। ਤੈਨੂੰ ਕਿਸ ਨੇ ਕਹਿ ਦਿੱਤਾ ਕਿ ਤੂੰ ਮੰਨ। ਬਹੁਤ ਸਾਰੀ ਦੁਨੀਆ ਤਾਂ ਪਰਮਾਤਮਾ ਨੂੰ ਵੀ ਨਹੀਂ ਮੰਨਦੀ। ਤੇਰੇ ਨਾ ਮੰਨਣ ਦੇ ਨਾਲ ਕੀ ਹੁੰਦਾ ਹੈ। ਕਿਸੇ ਸੱਚਾਈ ਨੂੰ ਨਾਂਹ ਮੰਨਣ ਦੇ ਨਾਲ, ਸੱਚਾਈ ਤਾਂ ਖ਼ਤਮ ਨਹੀਂ ਹੁੰਦੀ। ਉਹ ਨਾਸ ਤਾਂ ਨਹੀਂ ਹੁੰਦੀ। ਅੱਗੇ ਯਾਤਰਾ 'ਤੇ ਫਿਰ ਕੌਣ ਜਾਂਦਾ ਹੈ? ਅਗਲਾ ਜਨਮ ਕਿਸ ਨੂੰ ਮਿਲਦਾ ਹੈ? ਇਹ ਸਰੀਰ ਤਾਂ ਇੱਥੇ ਰਹਿ ਗਿਆ, ਅਗਰ ਨਹੀਂ ਹੈ ਤਾਂ। ਭਾਵੇਂ ਬਾਰ ਬਾਰ ਦਾ ਜਨਮ ਇਸਲਾਮ ਨਹੀਂ ਮੰਨਦਾ। ਜਦ ਕਦੀ ਇਸ ਤਰ੍ਹਾਂ ਦੇ ਸੱਜਣਾਂ ਨਾਲ ਮੁਲਾਕਾਤ ਹੁੰਦੀ ਹੈ, ਕਿਉਂਕਿ ਦਾਸ ਦੇ ਨਾਲ ਇੱਕ ਮੌਲਵੀ ਰਿਹਾ ਹੈ। ਗਿਆਨੀ ਬਲਵਿੰਦਰ ਸਿੰਘ ਜੀ ਵੀ ਨਾਲ ਸਨ, ਜੋ ਕੈਨੇਡਾ ਤੋਂ ਆਏ ਹੋਏ ਸਨ। ਇੰਗਲੈਂਡ ਤੋਂ ਲੈ ਕੇ ਕੈਨੇਡਾ ਤਕ ਉਹ ਮੇਰੇ ਨਾਲ ਰਿਹਾ ਹੈ। ਕਹਿਣ ਲੱਗਾ, ਮੈਂ ਗੁਰਬਾਣੀ ਦੀ ਕਥਾ

ਸੁਣਨੀ ਹੈ, ਮੈਨੂੰ ਨਾਲ ਰਖ ਲਉ। ਕਹਿਣ ਲੱਗਾ ਕਿ ਗੁਰਦੁਆਰੇ ਵਿਚ ਕੋਈ ਇਤਰਾਜ਼ ਤਾਂ ਨਹੀਂ ਹੋਵੇਗਾ। ਮੈਂ ਕਿਹਾ ਨਹੀਂ ਹੋਵੇਗਾ। ਮੈਨੂੰ ਕਹਿਣ ਲੱਗਾ, ਇਹ ਵੀ ਦੱਸੋ ਕਿ ਜਿਸ ਕਮਰੇ ਵਿਚ ਮੈਨੂੰ ਟਿਕਾਣਾ ਦਿਉਗੇ ਕੀ ਮੈਂ ਉਥੇ ਨਮਾਜ਼ ਪੜ੍ਹ ਸਕਦਾ ਹਾਂ? ਨਹੀਂ ਤਾਂ ਮੈਨੂੰ ਉਸ ਟਾਈਮ ਮਸਜਿਦ ਜਾਣਾ ਪਵੇਗਾ। ਮੈਂ ਕਿਹਾ, ਕੋਈ ਨਹੀਂ, ਤੁਸੀਂ ਪੜ੍ਹ ਸਕਦੇ ਹੋ। ਕੋਈ ਤੰਗ ਬੁੱਧੀ ਦਾ ਨਾ ਟੱਕਰ ਜਾਏ, ਮੈਂ ਕਿਹਾ ਹੋਰ ਤੇ ਮੈਂ ਹੁਣ ਕੁਝ ਨਹੀਂ ਕਹਿ ਸਕਦਾ। ਕਈ ਕੱਟੜ ਵੀ ਹੁੰਦੇ ਨੇ। ਕਈ ਛੋਟੀ ਅਕਲ ਦੇ ਵੀ ਹੁੰਦੇ ਨੇ। ਕਈ ਮੋਟੀ ਅਕਲ ਦੇ ਵੀ ਹੁੰਦੇ ਨੇ। ਮੈਂ ਕਿਹਾ ਤੁਸੀਂ ਪੜ੍ਹ ਸਕਦੇ ਹੋ। ਜੇਕਰ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਬਾਬਾ ਫਰੀਦ ਕਹਿ ਸਕਦੇ ਨੇ:-

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥ ੭੦॥

(ਅੰਗ ੧੩੮੧)

ਅਸੀਂ ਪੰਜ ਟਾਈਮ ਗੁਰਦੁਆਰੇ ਨਹੀਂ ਆਉਂਦੇ। ਸਾਨੂੰ ਦੋ ਵਕਤ ਦਾ ਸਤਸੰਗ ਹੈ। ਪੰਜ ਵਖਤ ਨਮਾਜ਼ ਮੁਸਲਮਾਨ ਪੜ੍ਹਦਾ ਹੈ।

ਉਠੁ ਫਰੀਦਾ ਉਜੂ ਸਾਜਿ........॥

(ਅੰਗ ੧੩੮੧)

ਉਹ ਪੰਜ ਇਸ਼ਨਾਨਾ ਕਰਦੇ ਨੇ, ਪੂਰਾ ਇਸ਼ਨਾਨ ਨਹੀਂ। ਸਾਨੂੰ ਤਾਂ ਕਿਹਾ ਗਿਆ ਹੈ ਕਿ ਪੂਰਾ ਇਸ਼ਨਾਨ ਕਰੋ:-

ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ ਪ੍ਰਗਟੇ ਭਲੇ ਸੰਜੋਗਾ॥੧॥

(ਅੰਗ ੬੧੧)

ਪਰ ਉਹ ਉਜੂ ਸਾਜਦੇ ਨੇ, ਪੈਰ ਧੋਂਦੇ ਨੇ, ਹੱਥ ਧੋਂਦੇ ਨੇ ਅਤੇ ਮੂੰਹ ਧੋਂਦੇ ਨੇ। ਪੰਜ ਇਸ਼ਨਾਨਾ। ਇਰਾਕ ਦੇ ਵਿਚ ਪਾਣੀ ਦੀ ਕਮੀ ਸੀ। ਮੁਹੰਮਦ ਸਾਹਿਬ ਨੇ ਉਜੂ ਕਰਨਾ ਜੋੜਿਆ ਹੈ:-

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ॥ ੭੧॥

(ਅੰਗ ੧੩੮੧)

ਮੈਂ ਕਿਹਾ, ਕਰ ਲਿਆ ਕਰ। ਜਦ ਤੇਰੀਆਂ ਪੰਜ ਨਮਾਜ਼ਾਂ ਦਾ ਵਕਤ ਆਵੇ, ਪੜ੍ਹ ਲਿਆ ਕਰ। ਇਕ ਦਿਨ ਮੈਨੂੰ ਕਹਿਣ ਲਗਾ, ਇਹ ਜਿਹੜਾ ਬਾਰ ਬਾਰ ਦਾ ਜਨਮ ਹੈ, ਇਹ ਤਾਂ ਅਸੀਂ ਨਹੀਂ ਮੰਨਦੇ, ਕਿਉਂਕਿ ਕਈ ਦਿਨਾਂ ਤੋਂ ਕਥਾ ਜੋ ਸੁਣ ਰਿਹਾ ਸੀ। ਪਿੱਛੋਂ ਰਾਵਲਪਿੰਡੀ ਦਾ ਸੀ। ਪੰਜਾਬੀ ਪੂਰੀ ਤਰ੍ਹਾਂ ਸਮਝਦਾ ਸੀ ਅਤੇ ਆਪ ਵੀ ਬੋਲਦਾ ਸੀ। ਮੈਂ

ਕਿਹਾ, ਚਲੋ ਤੁਸੀਂ ਨਹੀਂ ਮੰਨਦੇ। ਤੁਹਾਡੇ ਮਜ਼ਹਬ ਦੇ ਵਿਚ ਮਨਾਹੀ ਹੈ। ਨਹੀਂ ਮੰਨਦੇ, ਕੋਈ ਨਹੀਂ, ਪਰ ਪਹਿਲੇ ਇਹ ਦੱਸੋ, ਇਹ ਸਰੀਰ ਤਾਂ ਇੱਥੇ ਕਬਰ ਵਿਚ ਰਹਿ ਗਿਆ, ਅੱਗੇ ਕੌਣ ਜਾਂਦਾ ਹੈ? ਅਗਰ ਸੂਖਮ ਸਰੀਰ ਨਹੀਂ ਹੈ, ਉਸ ਜੰਨਤ ਤੇ ਦੋਜ਼ਖ਼ ਵਿਚ ਕੌਣ ਜਾਂਦਾ ਹੈ? ਅਸਲ ਵਿਚ ਸੂਖਮ ਸਰੀਰ ਨੂੰ ਸਜ਼ਾ ਭੋਗਣ ਵਾਸਤੇ, ਸਥੂਲ ਸਰੀਰ ਵੀ ਚਾਹੀਦਾ ਹੈ। ਸੂਖਮ ਸਰੀਰ ਨੂੰ ਵੀ ਸਵਰਗ ਦਾ ਰਸ ਮਾਨਣ ਵਾਸਤੇ ਸਥੂਲ ਸਰੀਰ ਚਾਹੀਦਾ ਹੈ। ਇਕ ਗੱਲ ਹੋਰ ਵੀ ਹੈ, ਨਰਕ ਤੇ ਸਵਰਗ ਕਿਧਰੇ ਖਗੋਲਿਕ ਤੇ ਭੂਗੋਲਿਕ ਦਸ਼ਾ ਨਾ ਸਮਝ ਲੈਣਾ। ਨਕਸ਼ਾ ਖੋਲ੍ਹ ਕੇ ਨਾ ਬੈਠ ਜਾਣਾ ਕਿ ਕਿਹੜੀ ਥਾਂ 'ਤੇ ਸਵਰਗ ਹੈ ਤੇ ਕਿਹੜੀ ਥਾਂ 'ਤੇ ਨਰਕ। ਦਿਵਾਲੀ ਦੇ ਦਿਨਾਂ ਵਿਚ ਕਲੰਡਰ ਵੀ ਮਿਲਦੇ ਨੇ। ਕਈ ਜਗ੍ਹਾ ਨਰਕ ਬਣੇ ਹੋਏ ਮਿਲਦੇ ਨੇ ਅਤੇ ਕਈ ਜਗ੍ਹਾ ਸਵਰਗ ਬਣੇ ਹੋਏ ਮਿਲਦੇ ਨੇ। ਹੈਰਾਨ ਹੋ ਜਾਂਦਾ ਹਾਂ ਮੈਂ ਕਿ ਜਿਨ੍ਹਾਂ ਨੂੰ ਆਪਣੇ ਘਰ ਦਾ ਨਕਸ਼ਾ ਬਣਾਉਣਾ ਨਹੀਂ ਆਉਂਦਾ, ਉਨ੍ਹਾਂ ਨੇ ਨਰਕ ਤੇ ਸਵਰਗ ਦੇ ਨਕਸ਼ੇ ਬਣਾਏ ਹੋਏ ਨੇ।

ਨਰਕ ਕੀ ਹੈ? ਜਿੱਥੇ ਹਰ ਚੀਜ਼ ਦਾ ਅਭਾਵ ਹੈ। ਜੋ ਅੱਖਾਂ ਮੰਗਦੀਆਂ ਨੇ, ਉਹ ਨਹੀਂ ਹੈ। ਜੋ ਕੰਨ ਮੰਗਦੇ ਨੇ, ਉਹ ਨਹੀਂ ਹੈ। ਜੋ ਰਸਨਾ ਮੰਗਦੀ ਹੈ, ਉਹ ਨਹੀਂ ਹੈ। ਜੋ ਖਾਣ ਨੂੰ ਪੇਟ ਮੰਗਦਾ ਹੈ, ਉਹ ਨਹੀਂ ਹੈ। ਰਹਿਣ ਨੂੰ ਕੁੱਲੀ ਨਹੀਂ ਹੈ। ਪਹਿਨਣ ਨੂੰ ਜੁੱਲੀ ਨਹੀਂ ਹੈ। ਹਰ ਚੀਜ਼ ਦਾ ਅਭਾਵ ਹੈ। ਸਰੀਰ ਰੋਗੀ ਹੈ, ਭਿਅੰਕਰ ਰੋਗੀ ਹੈ। ਅਸਾਧ ਰੋਗੀ ਹੈ। ਹੁਣ ਇਸ ਨੂੰ ਤੁਸੀਂ ਕੀ ਆਖੋਗੇ। ਨਰਕ ਨਹੀਂ ਹੈ ਤਾਂ ਹੋਰ ਕੀ ਹੈ। ਕਹਿੰਦੇ ਨੇ ਇੰਦਰ ਸਵਰਗ ਵਿਚ ਹੈ। ਜੇ ਇੰਦਰੀਆਂ ਦਾ ਸਾਰਾ ਰਸ ਮੌਜੂਦ ਹੈ। ਜੋ ਕੁਝ ਚਾਹੀਦਾ ਹੈ, ਮੌਜੂਦ ਹੈ। ਰਹਿਣ ਵਾਸਤੇ ਮਹੱਲ ਹੈ, ਪਹਿਨਣ ਵਾਸਤੇ ਕਪੜੇ ਨੇ, ਖਾਣ ਨੂੰ ਛਤੀਹ ਪ੍ਰਕਾਰ ਦਾ ਭੋਜਨ ਹੈ। ਵੇਖਣ ਨੂੰ ਰੰਗ ਤਮਾਸ਼ੇ ਨੇ। ਸੁਣਨ ਵਾਸਤੇ ਗੀਤ, ਸੰਗੀਤ ਹੈ ਤਾਂ ਸਵਰਗ ਹੈ। (ਸਵਰਗ= ਸਵੈ-ਵਰਗ)। ਆਪਣੇ ਵਰਗਾ ਵਰਗ। ਜੋ ਮਨ ਚਾਹੁੰਦਾ ਹੈ, ਇੰਦਰੇ ਚਾਹੁੰਦੇ ਨੇ। ਸਵਰਗ, ਨਰਕ ਇਹ ਸੰਸਾਰ ਵਿਚ ਬਣੀਆਂ ਹੋਈਆਂ ਹਾਲਤਾਂ ਨੇ ਅਤੇ ਤੁਸੀਂ ਇਸ ਜ਼ਮੀਨ 'ਤੇ ਦੇਖ ਸਕਦੇ ਹੋ। ਕਈ ਸਵਰਗ ਵਿਚ ਨੇ ਅਤੇ ਕਈ ਨਰਕ ਵਿਚ ਨੇ।

ਜਨਮ ਹੀ ਫੁਟ ਪਾਥ 'ਤੇ ਹੋਇਆ ਹੈ, ਇਕ ਭਿਖਾਰਨ ਦੇ ਪੇਟ ਤੋਂ। ਜੰਮਦਿਆਂ ਹੀ ਇਹ ਬੱਚਾ ਜੋ ਦੁੱਧ ਪੀ ਰਿਹਾ ਹੈ, ਉਹ ਭਿਖਸ਼ਾ ਦੇ ਟੁਕੜਿਆਂ ਨਾਲ ਬਣਿਆ ਦੁੱਧ ਹੈ। ਜਨਮ ਤੋਂ ਹੀ ਵਿਚਾਰਾ ਭਿਖਾਰੀ। ਥੋੜ੍ਹੀ ਜਿਹੀ ਹੋਸ਼ ਸੰਭਾਲੀ 'ਤੇ ਫੁਟ ਪਾਥ 'ਤੇ ਮੰਗਣ ਲੱਗ ਪਿਆ ਹੈ। ਜ਼ਿੰਦਗੀ ਵੀ ਫੁਟ ਪਾਥ 'ਤੇ ਗੁਜ਼ਰੀ। ਇੱਕ ਦਿਨ ਫੁਟ ਪਾਥ 'ਤੇ ਹੀ ਮਰ ਗਿਆ। ਇਸ ਲਈ ਹੋਰ ਕਿਹੜਾ ਨਰਕ ਹੁੰਦਾ ਹੈ। ਇਹੀ ਨਰਕ ਹੈ। ਹੋਰ ਕਿਸ ਨੂੰ ਨਰਕ ਆਖੋਗੇ। ਸਵਰਗ ਤੇ ਨਰਕ ਅਵਸਥਾਵਾਂ ਨੇ, ਨਾ ਕਿ ਕੋਈ ਅਸਥਾਨ ਨੇ। ਸਥਾਨ ਨਹੀਂ ਹਨ। ਇਸ ਚੱਕਰ ਵਿਚ ਨਾ ਪੈਣਾ। ਅਸਲ ਵਿਚ ਦੁੱਖ ਸੁਖ ਤੋਂ ਰਹਿਤ ਹੋ ਜਾਣਾ, ਨਰਕ ਸਵਰਗ ਤੋਂ ਰਹਿਤ ਹੋ ਜਾਣਾ ਹੈ, ਉੱਚੇ ਉਠ ਜਾਣਾ ਹੈ। ਕਬੀਰ ਜੀ ਕਹਿੰਦੇ ਨੇ :-

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥

(ਅੰਗ ੧੩੭੦)

ਬਚ ਗਿਆ ਹਾਂ ਮੈਂ ਨਰਕ ਤੋਂ, ਬਚ ਗਿਆ ਹਾਂ ਮੈਂ ਸੁੱਖਾਂ ਤੋਂ ਵੀ। ਸਵਰਗ ਤੋਂ ਵੀ

ਬਚ ਗਿਆ ਹਾਂ। ਸਵਰਗ ਆਪਣੀ ਥਾਂ 'ਤੇ ਰੋਕ ਦਿੰਦਾ ਹੈ, ਨਰਕ ਆਪਣੀ ਥਾਂ 'ਤੇ ਰੋਕ ਦਿੰਦਾ ਹੈ। ਸਵਰਗ ਵਿਚ ਇੰਦਰੀਆਂ ਦਾ ਰਸ ਹੈ। ਮਨੁੱਖ ਇਸੇ ਵਿਚ ਡੁੱਬ ਕੇ ਰਹਿ ਜਾਂਦਾ ਹੈ। ਨਰਕ ਦੇ ਵਿਚ ਬਿਲਕੁਲ ਅਭਾਵ ਹੈ। ਦੁੱਖ ਇਸ ਨੂੰ ਰੋਕ ਦਿੰਦੇ ਨੇ।

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥
ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥੧੨੦॥

(ਅੰਗ ੧੩੭੦)

ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥

(ਅੰਗ ੯੬੯)

ਸੰਤਾਂ ਨੇ ਦੋਨੋਂ ਰੱਦ ਕਰ ਦਿੱਤੇ ਨੇ। ਇਸ ਨੂੰ ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਇੰਞ ਕਹਿੰਦੇ ਨੇ:-

ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥
ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥੧॥ਰਹਾਉ॥

(ਅੰਗ ੬੩੩)

ਚਲੋ ਪਰਾਚੀਨ ਅਰਥਾਂ ਵਿਚ ਇੰਞ ਕਹਿ ਲਈਏ, ਜੋ ਨਰਕ ਨੂੰ ਨਰਕ ਨਹੀਂ ਮੰਨਦਾ। ਨਰਕ ਜਿਸ ਨੂੰ ਰੋਕਦਾ ਨਹੀਂ। ਜੋ ਸਵਰਗ ਦੇ ਨਾਲ ਬਹੁਤਾ ਪਿਆਰ ਨਹੀਂ ਪਾਉਂਦਾ, ਸਵਰਗ ਵਿਚ ਜੋ ਡੁੱਬਦਾ ਨਹੀਂ। ਅਸਲ ਵਿਚ ਬੰਦੇ ਨੂੰ ਨਰਕ ਰੋਕ ਦਿੰਦਾ ਹੈ, ਸਵਰਗ ਡੋਬ ਦਿੰਦਾ ਹੈ। ਜ਼ਮੀਨ ਦੇ ਉੱਤੇ ਪਾਣੀ ਦੀ ਧਾਰਾ ਵਗ ਰਹੀ ਹੈ। ਕੁਛ ਕੁ ਪਾਣੀ ਜ਼ਮੀਨ ਜਜ਼ਬ ਕਰ ਲੈਂਦੀ ਹੈ, ਕੁਛ ਕੁ ਪਾਣੀ ਨੂੰ ਸੂਰਜ ਦੀਆਂ ਕਿਰਨਾਂ ਸੁਕਾ ਦਿੰਦੀਆਂ ਨੇ। ਵਿਚਾਰੀ ਧਾਰਾ ਸਾਗਰ ਤਕ ਨਹੀਂ ਪਹੁੰਚਦੀ। ਕਿਸੇ ਨੂੰ ਦੁੱਖ ਇਤਨਾ ਸੁਕਾ ਦਿੰਦੇ ਨੇ ਕਿ ਚਲਣ ਜੋਗੇ ਨਹੀਂ ਰਹਿਣ ਦਿੰਦੇ। ਕਈਆਂ ਨੂੰ ਆਪਣੇ ਵਿਚ ਐਸਾ ਜਜ਼ਬ ਕਰ ਲੈਂਦੇ ਨੇ ਕਿ ਚਲਣ ਜੋਗਾ ਨਹੀਂ ਰਹਿੰਦੇ। ਇਤਨਾ ਸੁੱਖ, ਇਤਨਾ ਜਜ਼ਬ ਹੋ ਗਿਆ ਕਿ ਅੰਮ੍ਰਿਤ ਵੇਲੇ ਉਠਣਾ ਔਖਾ ਹੈ। ਇਸ ਦੇ ਲਈ ਨਾਮ ਜਪਣਾ ਔਖਾ ਹੈ। ਇਹ ਸਵਰਗ ਨਾਮ ਨਹੀਂ ਜਪਣ ਦਿੰਦਾ, ਇਤਨਾ ਰਸ। ਨਰਕ, ਇਤਨਾ ਦੁੱਖ, ਇਤਨਾ ਸੁਕਾ ਦਿੱਤਾ, ਇਤਨਾ ਰੋਕ ਦਿੱਤਾ ਕਿ ਇਹਦੇ ਲਈ ਹੁਣ ਅੰਮ੍ਰਿਤ ਵੇਲੇ ਉਠ ਕੇ ਅੱਧਾ ਘੰਟਾ, ਪੌਣਾ ਘੰਟਾ, ਜਪ ਕਰਨਾ ਔਖਾ ਹੈ, ਪਰ ਫਿਰ ਵੀ ਅਗਰ ਕਿਸੇ ਕੋਲ ਨਰਕ ਹੈ ਤੇ ਸਵਰਗ ਹੈ। ਅੰਮ੍ਰਿਤ ਵੇਲੇ ਉਠ ਕੇ ਇਸ ਨੇ ਜਪ ਕਰਨਾ ਆਰੰਭ ਕੀਤਾ ਹੈ, ਵਿਅਰਥ ਨਹੀਂ ਜਾਏਗਾ, ਅਗਰ ਨਰਕ ਵਿਚ ਹੈ, ਤਾਂ ਨਰਕ ਤੋਂ ਉੱਚਾ ਉਠ ਜਾਏਗਾ, ਅਗਰ ਸਵਰਗ ਵਿਚ ਹੈ ਤਾਂ ਸਵਰਗ ਤੋਂ ਉੱਚਾ ਉਠ ਜਾਏਗਾ। ਕਬੀਰ ਸਾਹਿਬ ਕਹਿੰਦੇ ਨੇ ਆਪਾਂ ਸਵਰਗ ਨਰਕ ਦੋਹਾਂ ਤੋਂ ਬਚ ਗਏ ਹਾਂ :-

ਉਹ ਜੋ ਅਨਾਦੀ ਪਰਮਾਤਮਾ ਹੈ, ਉਸ ਨੂੰ ਸਮਝਣ ਲਈ ਬੜੀ ਸੂਖਮ ਮੱਤ ਚਾਹੀਦੀ ਹੈ। ਕਿਆ ਸੂਖਮ ਮੱਤ ਦੇ ਵਿਚ ਪਰਮਾਤਮ ਸਮਝ ਆ ਜਾਂਦਾ ਹੈ? ਅਸਲ ਵਿਚ

ਸੂਖਮ ਮੱਤ ਵਿਚ ਇਤਨਾ ਸਮਝ ਆ ਜਾਂਦਾ ਹੈ ਕਿ ਉਹ ਇਤਨਾ ਸੂਖਮ ਹੈ, ਉਹ ਅਤਿ ਸੂਖਮ ਹੈ ਅਤੇ ਸਮਝ ਵਿਚ ਨਹੀਂ ਆ ਸਕਦਾ। ਇਤਨਾ ਕੁ ਸਮਝ ਵਿਚ ਆ ਜਾਂਦਾ ਹੈ ਕਿ ਉਹ ਇਤਨਾ ਸੂਖਮ ਹੈ, ਪਤਾ ਚਲ ਜਾਂਦਾ ਹੈ ਕਿ ਅਸੀਂ ਨਹੀਂ ਸਮਝ ਸਕਦੇ। ਇਤਨੀ ਗੱਲ ਸਮਝ ਵਿਚ ਆ ਜਾਂਦੀ ਹੈ। ਬਹੁਤ ਵੱਡੀ ਸਮਝ ਹੈ, ਕੀ? ਕਿ ਨਹੀਂ ਸਮਝ ਸਕਦੇ:-

ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ॥

(ਅੰਗ ੫੪੭)

ਇਹ ਵੀ ਬਹੁਤ ਵੱਡੀ ਗੱਲ ਹੈ। ਸਮਝ ਪ੍ਰਭਾਵਿਤ ਹੋ ਜਾਂਦੀ ਹੈ। ਵਿਸਮਾਦ ਹੋ ਜਾਂਦੀ ਹੈ। ਹੈਂ! ਮੈਂ ਅਤਿ ਸੂਖਮ ਮੱਤ ਦਾ ਮਾਲਿਕ ਹਾਂ? ਸਮਝ ਇਹ ਆ ਜਾਂਦਾ ਹੈ, ਕੀ? ਨਹੀਂ ਸਮਝ ਸਕਦੇ। ਵਿਸਮਾਦ ਹੋ ਜਾਂਦਾ ਹੈ। ਉਸ ਦੀ ਰਸਨਾ ਵਾਹਿਗੁਰੂ, ਵਾਹਿਗੁਰੂ ਜਪਣ ਲੱਗ ਪੈਂਦੀ ਹੈ। ਉਸ ਨੂੰ ਯਾਦ ਕਰਨ ਲੱਗ ਪੈਂਦੀ ਹੈ। ਹੇ ਪ੍ਰਭੂ! ਤੈਨੂੰ ਮੈਂ ਸਮਝ ਤਾਂ ਨਹੀਂ ਸਕਦਾ, ਕਿਉਂਕਿ ਮੇਰੇ ਸਾਰੇ ਪੈਮਾਨੇ ਕਮਜ਼ੋਰ ਨੇ। ਨਾ ਮੈਂ ਨਾਪ ਸਕਦਾ ਹਾਂ, ਨਾ ਮੈਂ ਤੋਲ ਸਕਦਾ ਹਾਂ। ਨਾ ਮੈਂ ਤੇਰੀਆਂ ਸਿਫ਼ਤਾਂ ਨੂੰ ਗਿਣ ਸਕਦਾ ਹਾਂ। ਮੈਂ ਨਹੀਂ ਸਮਝ ਸਕਦਾ, ਕਿਉਂ? ਤੂੰ ਅਤਿ ਸੂਖਮ ਹੈਂ ਅਤੇ ਅਸੀਮ ਹੈਂ। ਐਸਾ ਪੁਰਖ ਖੋਜ ਕਰ ਕਰ ਕੇ ਵਿਸਮਾਦ ਹੋ ਜਾਂਦਾ ਹੈ। ਉਹ ਜਪਣ ਲੱਗ ਪੈਂਦਾ ਹੈ। ਉਸ ਦਾ ਜਪਣਾ ਕੁਝ ਹੋਰ ਹੋ ਜਾਂਦਾ ਹੈ। ਸੂਖਮ ਮੱਤ ਨਹੀਂ ਹੈ, ਪਰ ਮੱਤ ਤਾਂ ਕੱਖ ਵੀ ਨਹੀਂ, ਪਰ ਵਾਹਿਗੁਰੂ, ਵਾਹਿਗੁਰੂ ਕਰਦਾ ਪਿਆ ਹੈ। ਅਜੇ ਇਸ ਦਾ ਇਤਨਾ ਹੀ ਲਾਭ ਹੋਵੇਗਾ। ਇਸ ਵਾਹਿਗੁਰੂ, ਵਾਹਿਗੁਰੂ ਕਰਨ ਨਾਲ ਜਿਸ ਦਿਨ ਇਸ ਨੂੰ ਸੂਖਮ ਮੱਤ ਦੀ ਪ੍ਰਾਪਤੀ ਹੋਈ, ਫਿਰ ਇਸ ਦਾ ਵਾਹਿਗੁਰੂ, ਵਾਹਿਗੁਰੂ ਕਹਿਣ ਦਾ ਢੰਗ ਵੀ ਬਦਲ ਜਾਏਗਾ। ਕਿਉਂ? ਫਿਰ ਇਸ ਨੂੰ ਵਾਹਿਗੁਰੂ, ਵਾਹਿਗੁਰੂ ਆਖਣ ਵਿਚ ਰਸ ਆਵੇਗਾ। ਫਿਰ ਇਸ ਨੂੰ ਵਾਹਿਗੁਰੂ ਵਾਹਿਗੁਰੂ ਆਖਣ ਵਿਚ ਨਵੀਂ ਪ੍ਰੇਰਨਾ ਮਿਲੇਗੀ। ਫਿਰ ਇਸ ਨੂੰ ਵਾਹਿਗੁਰੂ ਵਾਹਿਗੁਰੂ ਆਖਣ ਵਿਚ ਆਂਤਰਿਕ ਪ੍ਰੇਰਨਾ ਮਿਲੇਗੀ। ਇਸ ਨੂੰ ਰਿਸ਼ੀ ਮੁਨੀ ਕਹਿੰਦੇ ਨੇ, ਹੁਣ ਸਾਨੂੰ ਹਰ ਗੱਲ ਦੀ ਅੰਦਰੋਂ ਪ੍ਰੇਰਨਾ ਮਿਲਦੀ ਹੈ। ਐਸਾ ਮਨੁੱਖ ਵੱਡੇ ਤੋਂ ਵੱਡਾ ਫ਼ੈਸਲਾ ਕਰਨ ਵਿਚ ਕਿਸੇ ਦੀ ਰਾਏ ਨਹੀਂ ਲਵੇਗਾ। ਆਂਤਰਿਕ ਪ੍ਰੇਰਨਾ ਦੇ ਮੁਤਾਬਿਕ ਫ਼ੈਸਲਾ ਕਰੇਗਾ। ਦਸ ਬੰਦੇ ਕੀ ਆਖਦੇ ਨੇ, ਉਹ ਇਸ ਦੀ ਚਿੰਤਾ ਨਹੀਂ ਕਰੇਗਾ।

ਸਾਰਾ ਬੇਦੀ ਸਮਾਜ, ਧੰਨ ਗੁਰੂ ਨਾਨਕ ਦੇਵ ਜੀ ਨੂੰ ਸਮਝਾਉਣ ਆ ਗਿਆ ਕਿ ਤੁਸੀਂ ਇੰਝ ਨਾ ਕਰੋ। ਤੁਸੀਂ ਪਟਵਾਰੀ ਦੇ ਪੁੱਤਰ, ਪਟਵਾਰੀ ਜੀ ਪ੍ਰਤਿਸ਼ਟਤ ਸੱਜਣ ਨੇ, ਮਾਨ ਸਨਮਾਨ ਹੈ ਉਨ੍ਹਾਂ ਦਾ। ਇਸ ਕਰਕੇ ਜਨੇਊ ਪਹਿਨ ਲਉ। ਇਹ ਬੇਦੀਆਂ ਦੀ ਰਸਮ ਹੈ। ਅਸੀਂ ਸਾਰਿਆਂ ਨੇ ਪਹਿਨਿਆ ਹੋਇਆ ਹੈ। ਤੁਹਾਨੂੰ ਕੀ ਹੈ। ਇਤਨੇ ਸਾਰਿਆਂ ਦੀ ਰਾਏ ਨੂੰ ਠੁਕਰਾ ਦਿੱਤਾ। ਆਂਤਰਿਕ ਪ੍ਰੇਰਨਾ। ਤੁਸੀਂ ਜੋ ਕੁਛ ਕਹਿੰਦੇ ਹੋ, ਮੈਂ ਇਹ ਨਹੀਂ ਮੰਨ ਸਕਦਾ। ਮੇਰਾ ਪ੍ਰਭੂ ਜੋ ਕੁਛ ਕਹਿੰਦਾ ਹੈ, ਮੈਂ ਤਾਂ ਉਹ ਕਰਨਾ ਹੈ। ਇਹ ਆਂਤਰਿਕ ਪ੍ਰੇਰਨਾ ਹੁੰਦੀ ਹੈ। ਜਿਸ ਨੂੰ ਆਂਤਰਿਕ ਪ੍ਰੇਰਨਾ ਮਿਲਣੀ ਸ਼ੁਰੂ ਹੋ ਜਾਂਦੀ ਹੈ, ਉਸ ਦੇ ਬੋਲ ਸਮਾਜ ਨਾਲ ਮੇਲ ਨਹੀਂ ਖਾਂਦੇ। ਉਹ ਸਮਾਜ ਵਿਰੋਧੀ ਹੋ ਜਾਂਦਾ ਹੈ, ਦੁਸ਼ਮਨ ਹੋ ਜਾਂਦਾ ਹੈ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਪਾਵਨ ਪਵਿੱਤਰ ਵਾਕ ਵਿਚ ਕਹਿ ਰਹੇ ਨੇ,

ਸਰਿਸ਼ਟੀ ਦੇ **ਆਦਿ** ਵਿਚ, ਜਦ ਆਰੰਭ ਹੋਈ ਸੀ, ਕੇਵਲ ਓਹੀ ਹੀ ਸੀ। **ਮਧਿ** ਦੇ ਵਿਚ ਵੀ ਓਹੀ ਹੈ। **ਅੰਤਿ** ਵਿਚ ਵੀ ਓਹੀ ਹੀ ਹੋਵੇਗਾ। ਕੋਈ ਵੀ ਸਹੀ ਅੰਦਾਜ਼ਾ ਨਹੀਂ ਦੱਸ ਸਕਦਾ, ਕਦੋਂ ਇਹ ਪ੍ਰਿਥਵੀ ਨਸ਼ਟ ਹੋ ਜਾਵੇਗੀ। ਸੰਨ ੧੯੬੨ ਦੀ ਗੱਲ ਹੈ। ਮੈਂ ਕਾਨਪੁਰ ਵਿਚ ਸੀ ਅਤੇ ਗੁਰਦੁਆਰੇ ਦੀ ਛੱਤ 'ਤੇ ਟਹਿਲ ਰਿਹਾ ਸੀ। ਫਰਵਰੀ ਦਾ ਮਹੀਨਾ ਸੀ। ਉਦੋਂ ਓਥੇ ਠੰਡ ਬਹੁਤ ਸੀ। ਕਥਾ ਕਰਨ ਦੇ ਬਾਅਦ ਮੈਂ ਉੱਪਰ ਟਹਿਲਣ ਲਈ ਚਲਾ ਗਿਆ। ਥਲਿਉਂ ਮੈਨੂੰ ਇਕ ਸੱਜਣ ਨੇ ਆਵਾਜ਼ ਮਾਰੀ, ਗਿਆਨੀ ਜੀ, ਥੱਲੇ ਆ ਜਾਉ। ਮੈਂ ਕਿਹਾ, ਕਿਉਂ? ਕਹਿਣ ਲਗੇ, ਅਖ਼ਬਾਰ ਨਹੀਂ ਪੜ੍ਹਿਆ। ਖ਼ਬਰ ਨਹੀਂ ਸੁਣੀ। ਇਕ ਜੋਤਸ਼ੀ ਨੇ ਕਿਹਾ ਹੈ, ਅੱਜ ਪਰਲੋ ਹੋ ਜਾਣੀ ਹੈ। ਮੈਂ ਕਿਹਾ ਕਿ ਗੁਫ਼ਾ ਵਿਚ ਮੈਨੂੰ ਪਰਲੋ ਦਿਖਾਈ ਨਹੀਂ ਦੇਣੀ। ਮੈਂ ਕੋਠੇ 'ਤੇ ਚੜ੍ਹ ਕੇ ਹੀ ਦੇਖਾਂਗਾ। ਹੁਣ ਮੈਂ ਥੱਲੇ ਨਹੀਂ ਆਉਣਾ। ਇੱਥੋਂ ਹੀ ਦੇਖਾਂਗਾ ਕਿ ਪਰਲੋ ਕਿਵੇਂ ਹੁੰਦੀ ਹੈ। ਗ਼ਾਲਿਬ ਕਹਿੰਦੇ ਨੇ :-

ਹਮ ਨੇ ਸੁਨਾ ਥਾ ਕਿ ਉੜੇਂਗੇ ਗ਼ਾਲਿਬ ਕੇ ਪਰਖੇ।
ਦੇਖਨੇ ਹਮ ਭੀ ਗਏ ਪਰ ਇਹ ਤਮਾਸ਼ਾ ਨਾ ਹੂਆ।

ਸ਼ਾਮ ਨੂੰ ਉਸ ਜੋਤਸ਼ੀ ਨੇ ਪਤਾ ਹੈ ਕੀ ਆਖਿਆ। ਇਤਨੇ ਹਵਨ, ਯੱਗ ਹੋਏ ਨੇ। ਇਤਨੇ ਲੋਗਾਂ ਨੇ ਪ੍ਰਾਰਥਨਾ ਕੀਤੀ ਹੈ। ਪਰਮਾਤਮਾ ਨੇ ਮੰਨ ਲਈ ਹੈ। ਪਰਲੋ ਟਲ ਗਈ ਹੈ। ਉਸ ਨੇ ਜਾਨ ਇੰਝ ਛੁੜਾਈ। ਲੇਕਿਨ ਮੰਨਣ ਵਾਲਿਆਂ ਨੇ ਤਾਂ ਗੱਲ ਮੰਨ ਲਈ ਸੀ। ਕਬੂਲ ਕਰ ਲਈ ਸੀ। ਮਹਾਰਾਜ ਕਹਿੰਦੇ ਨੇ, ਕੋਈ ਨਹੀਂ ਜਾਣਦਾ, ਸਰਿਸ਼ਟੀ, ਇਸ ਦਾ ਅੰਤ ਕਿੱਥੇ ਹੈ ਅਤੇ ਕਦੋਂ ਹੋਵੇਗਾ। ਓਹੀ ਪੂਰਨ ਹਰ ਸਮੇਂ ਵਿਆਪਕ ਹੁੰਦਾ ਹੈ ਔਰ ਹਰ ਸਮੇਂ ਓਹੀ ਹੁੰਦਾ ਹੈ। ਜੈਤਸਰੀ ਦੀ ਵਾਰ ਦਾ ਇਹ ਸਲੋਕ ਅਤੇ ਪਉੜੀ ਦੀ ਲੜੀਵਾਰ ਵਿਆਖਿਆ ਤੁਛ ਬੁੱਧੀ ਅਨੁਸਾਰ ਇਸ ਤਰ੍ਹਾਂ ਹੈ :-

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥

ਜੋ ਆਦਿ ਵਿਚ ਵੀ ਪੂਰਨ ਸੀ, ਮੱਧ ਵਿਚ ਵੀ ਪੂਰਨ ਸੀ ਅਤੇ ਅੰਤ ਵਿਚ ਵੀ ਪੂਰਨ ਰਹੇਗਾ।

ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘਨਾਸਨ ਜਗਦੀਸੁਰਹ ॥ ੧ ॥

ਐਸਾ ਜੋ ਅਕਾਲ, ਤਿੰਨ ਕਾਲਾਂ ਵਿਚ ਰਮਿਆ ਹੋਇਆ ਹੈ, **ਆਦਿ** ਵਿਚ ਵੀ ਸੀ, **ਮਧਿ** ਵਿਚ ਵੀ ਸੀ ਅਤੇ **ਅੰਤਿ** ਵਿਚ ਵੀ ਹੋਵੇਗਾ। ਐਸਾ ਜੋ ਤ੍ਰਿ-ਕਾਲ ਦਰਸ਼ੀ ਹੈ, ਹਰ ਸਮੇਂ ਵਿਚ ਰਮਿਆ ਹੋਇਆ ਹੈ। ਸੰਤ ਜਨ ਉਸੇ ਦਾ ਹੀ ਰਮਣ ਕਰਦੇ ਨੇ, ਚਿੰਤਨ ਕਰਦੇ ਨੇ ਅਤੇ ਇਸ ਤਰ੍ਹਾਂ ਚਿੰਤਨ ਕਰਦਿਆਂ ਉਨ੍ਹਾਂ ਦੇ ਸਾਰੇ ਪਾਪ ਨਾਸ ਹੋ ਜਾਂਦੇ ਨੇ। ਸਾਰੇ ਹੀ ਦੁੱਖ ਮਿਟ ਜਾਂਦੇ ਨੇ।

ਪੇਖਨ ਸੁਨਨ ਸੁਨਾਵਨੋ ਮਨ ਮਹਿ ਦ੍ਰਿੜੀਐ ਸਾਚੁ ॥

ਜੋ ਸਾਰਿਆਂ ਨੂੰ ਵੇਖਦਾ ਹੈ, ਸਾਰਿਆਂ ਨੂੰ ਸੁਣਦਾ ਹੈ ਅਤੇ ਸਾਰਿਆਂ ਨੂੰ ਆਪਣੀ

ਆਵਾਜ਼ ਸੁਣਾਉਂਦਾ ਹੈ।

ਘਟ ਘਟ ਵਾਜਹਿ ਨਾਦ॥

(ਜਪੁ ਜੀ ਸਾਹਿਬ)

ਸਾਰਿਆਂ ਦੇ ਅੰਦਰ ਇਹ ਨਾਦ ਵਜ ਰਿਹਾ ਹੈ। ਅਗਰ ਕੋਈ ਨਹੀਂ ਸੁਣਦਾ ਤਾਂ ਅਜੇ ਉਸ ਦਾ ਮਨ ਜਾਗਿਆ ਨਹੀਂ। ਉਹ ਜੋ ਵੇਖਦਾ ਪਿਆ ਹੈ, ਸੁਣਦਾ ਪਿਆ ਹੈ, ਸੁਣਾਉਂਦਾ ਪਿਆ ਹੈ, ਆਪਣੇ ਮਨ ਵਿਚ ਉਸ 'ਤੇ ਦ੍ਰਿੜ੍ਹ ਵਿਸ਼ਵਾਸ ਰਖੋ। ਦ੍ਰਿੜ੍ਹਤਾ ਨਾਲ ਉਸ ਦਾ ਚਿੰਤਨ ਕਰੋ, ਦ੍ਰਿੜ੍ਹਤਾ ਨਾਲ ਉਸ ਨੂੰ ਯਾਦ ਕਰੋ।

ਪੂਰਿ ਰਹਿਓ ਸਰਬਤ੍ਰ ਮੈ ਨਾਨਕ ਹਰਿ ਰੰਗਿ ਰਾਚੁ॥ ੨॥

ਜੋ ਸਾਰਿਆਂ ਵਿਚ ਪੂਰਨ ਤੌਰ 'ਤੇ ਸਮਾਇਆ ਹੋਇਆ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ, ਉਸ ਦੇ ਰੰਗ ਵਿਚ ਰਚ ਜਾਹ। ਉਸੇ ਦੇ ਰੰਗ ਦਾ ਅਨੰਦ ਮਾਣ।

ਪਉੜੀ॥
ਹਰਿ ਏਕੁ ਨਿਰੰਜਨੁ ਗਾਈਐ ਸਭ ਅੰਤਰਿ ਸੋਈ॥

ਉਸ ਇਕ ਦੇ ਗੁਣ ਗਾਇਨ ਕਰਨੇ ਚਾਹੀਦੇ ਨੇ, ਜੋ ਸਾਰਿਆਂ ਦੇ ਅੰਦਰ ਰਮਿਆ ਹੋਇਆ ਹੈ। ਖੋਜ ਅੰਦਰ ਤੋਂ ਸ਼ੁਰੂ ਕਰਨੀ ਪਵੇਗੀ, ਕਿਉਂਕਿ:-

.....ਸਭ ਅੰਤਰਿ ਸੋਈ ॥

ਕਿਉਂਕਿ ਉਹ ਸਾਰੀ ਸਰਿਸ਼ਟੀ ਵਿਚ ਨਿਰਾਕਾਰ ਦੇ ਰੂਪ ਵਿਚ ਵਿਆਪਕ ਹੈ। ਸਰਿਸ਼ਟੀ ਵਿਚ, ਜੜ੍ਹ ਵਿਚ, ਚੇਤਨ ਵਿਚ, ਬਨਸਪਤੀ ਵਿਚ, ਪਸ਼ੂਆਂ ਵਿਚ, ਮਨੁੱਖਾਂ ਵਿਚ। ਪਰਮਾਤਮਾ ਦੀ ਖੋਜ ਕਿੱਥੋਂ ਸ਼ੁਰੂ ਕਰੀਏ, ਪਸ਼ੂਆਂ ਤੋਂ, ਬਨਸਪਤੀ ਤੋਂ, ਸੂਰਜ ਚੰਦ ਤਾਰਿਆਂ ਤੋਂ? ਇਹ ਸਭ ਬਾਹਰ ਨੇ। ਇਸ ਕਰਕੇ ਅੰਦਰੋਂ ਸ਼ੁਰੂ ਕਰੀਏ। ਜੋ ਸਾਡੇ ਅੰਦਰ ਹੈ। ਸਾਰਿਆਂ ਵਿਚ ਵਿਆਪਕ ਹੈ। ਐਸਾ ਪਰਿਪੂਰਨ ਪਰਮਾਤਮਾ, ਉਸੇ ਦੀ ਅਰਾਧਨਾ ਕਰੀਏ, ਉਸੇ ਵਿਚ ਧਿਆਨ ਜੋੜੀਏ।

ਕਰਣ ਕਾਰਣ ਸਮਰਥ ਪ੍ਰਭੁ ਜੋ ਕਰੇ ਸੁ ਹੋਈ॥

ਜੋ ਕਰਤਾ ਵੀ ਹੈ ਅਤੇ ਕਾਰਣ ਵੀ ਹੈ। ਜੋ ਕਰਨ ਲਗਿਆਂ, ਬਣਾਉਣ ਲਗਿਆਂ, ਉਹ ਕਿਸੇ ਦੀ ਰਾਏ ਨਹੀਂ ਲੈਂਦਾ, ਬਲਕਿ ਆਪ ਹੀ ਸਮਰੱਥ ਹੈ। ਕਿਸੇ ਦੇ ਸਲਾਹ ਮਸ਼ਵਰੇ ਦੀ ਉਸ ਨੂੰ ਲੋੜ ਵੀ ਨਹੀਂ। ਮਹਾਰਾਜ ਤਾਂ ਇਸ ਤਰ੍ਹਾਂ ਵੀ ਕਹਿੰਦੇ ਨੇ ਕਿ ਉਸ ਦਾ ਮਤਾ ਕੀ ਹੈ:-

ਅੰਤੁ ਨ ਜਾਪੈ ਕਿਆ ਮਨਿ ਮੰਤੁ॥

(ਜਪੁ ਜੀ ਸਾਹਿਬ)

ਉਸ ਦੇ ਮਨ ਵਿਚ ਕੀ ਮਤਾ ਹੈ, ਉਹ ਕੀ ਕਰਨਾ ਚਾਹੁੰਦਾ ਹੈ, ਕੁਛ ਵੀ ਨਹੀਂ ਪਤਾ ਕੱਲ ਕੀ ਹੋਵੇਗਾ। ਸਭ ਜੋਤਸ਼ੀ ਝੂਠ ਬੋਲਦੇ ਨੇ। ਜੋਤਸ਼ੀਆਂ ਦੀ ਗਣਿਤ ਵਿੱਦਿਆ ਸਹੀ ਹੋ ਸਕਦੀ ਹੈ। ਫਲਤ ਵਿੱਦਿਆ ਐਵੇਂ ਕਪੋਲ ਕਲਪਨਾ ਮਾਤਰ ਹੈ, ਪਰ ਮੈਂ ਇਹ ਵੀ ਨਹੀਂ ਕਹਿ ਰਿਹਾ ਕਿ ਗਣਿਤ ਜੋਤਿਸ਼ ਗ਼ਲਤ ਹੈ। ਉਹ ਬਿਲਕੁਲ ਠੀਕ ਹੈ। ਫਲਤ ਦਾ ਭਾਵ ਹੈ ਕਿ ਕੱਲ ਮੇਰੇ ਨਾਲ ਕੀ ਹੋਣਾ ਹੈ। ਇਹ ਸਿਰਫ ਪਰਮਾਤਮਾ ਜਾਣੇ। ਚਲੋ ਪਰਮਾਤਮਾ ਨੂੰ ਦੇਖ ਲਈਏ, ਉਸ ਦੇ ਮਨ ਵਿਚ ਕੀ ਹੈ। ਮਹਾਰਾਜ ਕਹਿੰਦੇ ਨੇ, ਓਥੇ ਤਕ ਕਿਸੇ ਦੀ ਪਹੁੰਚ ਨਹੀਂ ਹੈ:-

ਅੰਤੁ ਨ ਜਾਪੈ ਕਿਆ ਮਨਿ ਮੰਤੁ॥

ਉਸ ਦੇ ਮਨ ਵਿਚ ਕਿਸੇ ਵਿਅਕਤੀ ਬਾਰੇ, ਜਗਤ ਬਾਰੇ, ਗ੍ਰਹਿ ਨਛੱਤਰ ਬਾਰੇ ਕੀ ਮਤਾ ਹੈ, ਉਹ ਕੀ ਕਰਨਾ ਚਾਹੁੰਦਾ ਹੈ, ਕੋਈ ਨਹੀਂ ਜਾਣਦਾ। ਕੇਵਲ ਓਹੀ ਪਰਮਾਤਮਾ ਜਾਣਦਾ ਹੈ:-

ਖਿਨ ਮਹਿ ਥਾਪਿ ਉਥਾਪਦਾ ਤਿਸੁ ਬਿਨੁ ਨਹੀ ਕੋਈ॥

ਇਕ ਛਿਨ ਵਿਚ ਸਾਜਨਾ ਕਰ ਦਿੰਦਾ ਹੈ, ਮਿਟਾ ਦਿੰਦਾ ਹੈ। ਇਹ ਸਭ ਕੁਛ ਇਕ ਛਿਨ ਵਿਚ ਕਰ ਸਕਦਾ ਹੈ। ਚੰਗੀ ਤਰ੍ਹਾਂ ਮੈਨੂੰ ਯਾਦ ਹੈ, ਤਿੰਨ ਚਾਰ ਸਾਲ ਪਹਿਲੇ ਮੈਂ ਅਹਿਮਦਾਬਾਦ ਵਿਚ ਸੀ। ਦਸ ਰਾਗੀ ਜੱਥੇ ਵੀ ਨਾਲ ਸਨ। ਜਿੱਥੇ ਤਕ ਮੇਰਾ ਅੰਦਾਜ਼ਾ ਹੈ ਸ਼ਾਇਦ ਸਿੰਘ ਸਾਹਿਬਾਨ ਵੀ ਸਨ। ਸਾਰੇ ਗੁਜਰਾਤ ਦਾ ਭਰਮਣ ਕਰਦੇ ਹੋਏ ਅਹਿਮਦਾਬਾਦ ਆਏ। ੨੫ ਜਨਵਰੀ ਨੂੰ ਸਾਰੇ ਜੱਥੇ ਜੈਪੁਰ ਨੂੰ ਰਵਾਨਾ ਹੋਏ। ਮੈਂ ੨੫ ਤਾਰੀਖ਼ ਨੂੰ ਬੰਬਈ ਤੋਂ ਹੋ ਕੇ ਜੈਪੁਰ ਪਹੁੰਚਣਾ ਸੀ। ੨੬ ਜਨਵਰੀ ਨੂੰ ਓਥੇ (ਅਹਿਮਦਾਬਾਦ) ਭੁਚਾਲ ਆ ਗਿਆ। ਜਿਸ ਬਿਲਡਿੰਗ ਵਿਚ ਅਸੀਂ ਸਾਰੇ ਠਹਿਰੇ ਹੋਏ ਸੀ, ਸਭ ਜ਼ਮੀਨ 'ਤੇ ਆ ਗਈ। ਕੁਛ ਵੀ ਨਾ ਰਿਹਾ, ਇਕ ਖਿਨ ਦੇ ਵਿਚ, ਇਕ ਛਿਨ ਦੇ ਵਿਚ। ਬਾਅਦ ਵਿਚ ਸਹਿਜੇ ਸਹਿਜੇ ਪਤਾ ਚਲਿਆ ਕਿ ਕਿਤਨੇ ਕਸਬੇ ਮਿਟ ਗਏ। ਕਿਤਨੇ ਸ਼ਹਿਰ ਮਿੱਟੀ ਹੋ ਗਏ। ਬਿਲਡਿੰਗਾਂ ਨੇਸਤੋ ਨਾਬੂਦ ਹੋ ਗਈਆਂ। ਇਹ ਸਭ ਕੁਛ ਇਕ ਛਿਨ ਵਿਚ ਹੋ ਗਿਆ। ਸਵੇਰ ਦੇ ਸਮੇਂ ਕਿਤੇ ਐਸਾ ਹੋਇਆ ਸੀ। ਉਲਹਾਸ ਨਗਰ ਮੈਂ ਸਟੇਜ 'ਤੇ ਬੈਠਾ ਕਥਾ ਕਰ ਰਿਹਾ ਸੀ ਤੇ ਸਟੇਜ ਹਿਲਣ ਲੱਗ ਪਈ। ਸਟੇਜ ਛੋਟੀ ਸੀ। ਮੇਰੇ ਪਾਸ ਜੋ ਵਾਜਾ ਪਿਆ ਸੀ, ਉਹ ਥੱਲੇ ਗਿਰ ਗਿਆ। ਮੈਂ ਸੋਚਿਆ ਸ਼ਾਇਦ ਮੈਨੂੰ ਹੀ ਕਿਧਰੇ ਚੱਕਰ ਆ ਗਿਆ ਹੈ। ਅੱਧੀਆਂ ਸੰਗਤਾਂ ਜਦ ਭੱਜ ਕੇ ਬਾਹਰ ਨਿਕਲਣ ਲੱਗੀਆਂ ਅਤੇ ਜਿਹੜੀਆਂ ਬੈਠੀਆਂ ਸਨ, ਉਹ ਵਾਹਿਗੁਰੂ, ਵਾਹਿਗੁਰੂ ਕਰਨ ਲੱਗ ਪਈਆਂ। ਮੈਂ ਸੋਚਿਆ ਇਹ ਤਾਂ ਭੁਚਾਲ ਆ ਗਿਆ ਹੈ। ਝਟਕੇ ਬੰਬਈ, ਉਲਹਾਸ ਨਗਰ ਤਕ ਸਨ। ਉਲਹਾਸ ਨਗਰ ਸਿਰਫ਼ ਇਕ ਮਕਾਨ ਦੀਆਂ ਸੀੜੀਆਂ ਗਿਰ ਗਈਆਂ ਸਨ। ਬਾਕੀ ਕੁਛ ਵੀ ਨਹੀਂ ਹੋਇਆ, ਲੇਕਿਨ ਝਟਕੇ ਬੜੇ ਜ਼ੋਰ ਦੇ ਸਨ। ਸਭ ਕੁਛ ਹਿਲ ਰਿਹਾ ਸੀ। ਸ਼ਾਮ ਤਕ ਪਤਾ ਚਲਿਆ ਕਿ ਗੁਜਰਾਤ ਵਿਚ ਬੜੀ ਤਬਾਹੀ ਹੋਈ ਹੈ। ਕਿਸੇ ਨੇ ਇਹ ਵੀ ਦੱਸਿਆ ਕਿ ਗਿਆਨੀ ਜੀ, ਜਿੱਥੇ ਤੁਸੀਂ ਠਹਿਰੇ ਸੀ, ਓਥੇ ਅੱਜ ਕੋਈ ਬਿਲਡਿੰਗ ਨਹੀਂ

ਹੈ। ਉਹ ਤਾਂ ਮਿੱਟੀ ਹੋ ਗਈ ਹੈ, ਕੁਛ ਵੀ ਨਹੀਂ ਰਿਹਾ, ਜਿੱਥੇ ਤੁਸੀਂ ਸਾਰੇ ਸੀ। ਇਸ ਤਰ੍ਹਾਂ ਉਹ ਇਕ ਛਿਨ ਵਿਚ ਸਾਜਨਾ ਕਰ ਦਿੰਦਾ ਹੈ ਅਤੇ ਇਕ ਛਿਨ ਵਿਚ ਪਰਲੋ ਕਰ ਦਿੰਦਾ ਹੈ। ਉਥਾਪਨਾ ਕਰ ਦਿੰਦਾ ਹੈ। ਇਸ ਤਰ੍ਹਾਂ ਦਾ ਸ਼ਕਤੀਸ਼ਾਲੀ ਉਸ ਪਰਮਾਤਮਾ ਤੋਂ ਬਿਨਾਂ ਹੋਰ ਕੋਈ ਵੀ ਨਹੀਂ ਹੈ।

ਖੰਡ ਬ੍ਰਹਮੰਡ ਪਾਤਾਲ ਦੀਪ ਰਵਿਆ ਸਭ ਲੋਈ॥

ਛੋਟੇ ਛੋਟੇ ਖੰਡਾਂ ਵਿਚ ਤੇ ਪੂਰੇ ਬ੍ਰਹਮੰਡ ਵਿਚ, ਆਕਾਸ਼ ਵਿਚ ਤੇ ਪਾਤਾਲ ਵਿਚ, ਓਹੀ ਰਮਿਆ ਹੋਇਆ ਹੈ। ਓਹੀ ਵਿਆਪਕ ਹੈ।

ਜਿਸੁ ਆਪਿ ਬੁਝਾਏ ਸੋ ਬੁਝਸੀ ਨਿਰਮਲ ਜਨੁ ਸੋਈ॥ ੧॥

ਸਾਧਨਾ ਕਰਦਿਆਂ ਕਰਦਿਆਂ ਜਿਸ ਨੂੰ ਇਹ ਸੂਖਮ ਮੱਤ ਪਰਮਾਤਮਾ ਆਪ ਦਿੰਦਾ ਹੈ, ਉਸ ਨੂੰ ਸਮਝ ਆ ਜਾਂਦੀ ਹੈ। ਉਹ ਇਹ ਜਾਣਦਾ ਹੈ ਕਿ ਪਰਮਾਤਮਾ ਵਿਆਪਕ ਹੈ। ਇਕ ਛਿਨ ਵਿਚ ਉੱਤਪਤੀ ਤੇ ਪਰਲੋ ਕਰ ਸਕਦਾ ਹੈ। ਸਾਰੇ ਕਰਿਸ਼ਮੇ ਉਸੇ ਦੇ ਨੇ।

❋

ਪਰਮਾਤਮਾ ਉੱਚਾ ਹੈ

ਜੈਤਸਰੀ ਮਹਲਾ ੫ ਘਰੁ ੨ ਛੰਤ

ੴ ਸਤਿਗੁਰ ਪ੍ਰਸਾਦਿ॥

ਸਲੋਕੁ॥

ਊਚਾ ਅਗਮ ਅਪਾਰ ਪ੍ਰਭੁ ਕਥਨੁ ਨ ਜਾਇ ਅਕਥੁ॥
ਨਾਨਕ ਪ੍ਰਭ ਸਰਣਾਗਤੀ ਰਾਖਨ ਕਉ ਸਮਰਥੁ॥੧॥

ਛੰਤੁ॥

ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ॥
ਕੇਤੇ ਗਨਉ ਅਸੰਖ ਅਵਗਣ ਮੇਰਿਆ॥
ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ॥
ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ॥
ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ॥
ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ॥੧॥

ਸਲੋਕੁ॥

ਨਿਰਤਿ ਨ ਪਵੈ ਅਸੰਖ ਗੁਣ ਊਚਾ ਪ੍ਰਭ ਕਾ ਨਾਉ॥
ਨਾਨਕ ਕੀ ਬੇਨੰਤੀਆ ਮਿਲੈ ਨਿਥਾਵੇ ਥਾਉ॥੨॥

ਛੰਤੁ॥

ਦੂਸਰ ਨਾਹੀ ਠਾਉ ਕਾ ਪਹਿ ਜਾਈਐ॥
ਆਠ ਪਹਰ ਕਰ ਜੋੜਿ ਸੋ ਪ੍ਰਭੁ ਧਿਆਈਐ॥
ਧਿਆਇ ਸੋ ਪ੍ਰਭੁ ਸਦਾ ਅਪੁਨਾ ਮਨਹਿ ਚਿੰਦਿਆ ਪਾਈਐ॥
ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ॥
ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ॥
ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ॥੨॥

ਸਲੋਕੁ॥

ਰੇ ਮਨ ਤਾ ਕਉ ਧਿਆਈਐ ਸਭ ਬਿਧਿ ਜਾ ਕੈ ਹਾਥਿ॥
ਰਾਮ ਨਾਮ ਧਨੁ ਸੰਚੀਐ ਨਾਨਕ ਨਿਬਹੈ ਸਾਥਿ॥ ੩॥

ਛੰਤੁ॥

ਸਾਬੀਅੜਾ ਪ੍ਰਭੁ ਏਕੁ ਦੂਸਰ ਨਾਹਿ ਕੋਇ॥
ਥਾਨ ਥਨੰਤਰਿ ਆਪਿ ਜਲਿ ਥਲਿ ਪੂਰ ਸੋਇ॥
ਜਲਿ ਥਲਿ ਮਹੀਅਲਿ ਪੂਰਿ ਰਹਿਆ ਸਰਬ ਦਾਤਾ ਪ੍ਰਭੁ ਧਨੀ॥
ਗੋਪਾਲ ਗੋਬਿੰਦ ਅੰਤੁ ਨਾਹੀ ਬੇਅੰਤ ਗੁਣ ਤਾ ਕੇ ਕਿਆ ਗਨੀ॥
ਭਜੁ ਸਰਣਿ ਸੁਆਮੀ ਸੁਖਹ ਗਾਮੀ ਤਿਸੁ ਬਿਨਾ ਅਨ ਨਾਹਿ ਕੋਇ॥
ਬਿਨਵੰਤਿ ਨਾਨਕ ਦਇਆ ਧਾਰਹੁ ਤਿਸੁ ਪਰਾਪਤਿ ਨਾਮੁ ਹੋਇ ॥੩॥

ਸਲੋਕੁ॥

ਚਿਤਿ ਜਿ ਚਿਤਵਿਆ ਸੋ ਮੈ ਪਾਇਆ॥
ਨਾਨਕ ਨਾਮੁ ਧਿਆਇ ਸੁਖ ਸਬਾਇਆ॥੪॥

ਛੰਤੁ॥

ਅਬ ਮਨੁ ਛੂਟਿ ਗਇਆ ਸਾਧੂ ਸੰਗਿ ਮਿਲੇ॥
ਗੁਰਮੁਖਿ ਨਾਮੁ ਲਇਆ ਜੋਤੀ ਜੋਤਿ ਰਲੇ॥
ਹਰਿ ਨਾਮੁ ਸਿਮਰਤ ਮਿਟੇ ਕਿਲਬਿਖ ਬੁਝੀ ਤਪਤਿ ਅਘਾਨਿਆ॥
ਗਹਿ ਭੁਜਾ ਲੀਨੇ ਦਇਆ ਕੀਨੇ ਆਪਨੇ ਕਰਿ ਮਾਨਿਆ॥
ਲੈ ਅੰਕਿ ਲਾਏ ਹਰਿ ਮਿਲਾਏ ਜਨਮ ਮਰਣਾ ਦੁਖ ਜਲੇ॥
ਬਿਨਵੰਤਿ ਨਾਨਕ ਦਇਆ ਧਾਰੀ ਮੇਲਿ ਲੀਨੇ ਇਕ ਪਲੇ॥੪॥੨॥

(ਅੰਗ ੭੦੪)

ਇਸ ਮਹਾਨ ਵਾਕ ਵਿਚ ਕਈ ਛੰਦ ਨੇ, ਕਈ ਸਲੋਕ ਨੇ ਪਰ ਮੂਲ ਵਿਚਾਰ ਇਕੋ ਹੀ ਹੈ ਕਿ ਉਹ ਉੱਚਾ ਹੈ, ਬਹੁਤ ਉੱਚਾ ਹੈ। ਫਿਰ ਵੀ ਅੱਜ ਪਰਮਾਤਮਾ ਦੀ ਉੱਚਾਈ ਨੂੰ, ਲੰਬਾਈ ਨੂੰ, ਗਹਿਰਾਈ ਨੂੰ ਸਾਇੰਸ ਨੇ ਨਾਪਿਆ ਹੈ। ਸੂਰਜ ਦੀ ਬੁਲੰਦੀ ਉਨ੍ਹਾਂ ਨੇ ਦੱਸ ਦਿੱਤੀ ਹੈ, ਬਈ ਇਤਨਾ ਉੱਚਾ ਹੈ। ਚੰਦਰਮਾ ਦੀ ਉੱਚਾਈ ਵੀ ਉਨ੍ਹਾਂ ਨੇ ਦੱਸ ਦਿੱਤੀ ਹੈ। ਸਾਗਰ ਦੀ ਗਹਿਰਾਈ ਵੀ ਉਨ੍ਹਾਂ ਨੇ ਦੱਸ ਦਿੱਤੀ ਹੈ। ਬਈ ਪਰਸ਼ਾਂਤ ਮਹਾਂ ਸਾਗਰ ਘਟ ਤੋਂ ਘਟ ੩੦ ਹਜ਼ਾਰ ਫੁਟ ਗਹਿਰਾ ਹੈ। ਗ਼ਰਜ਼ ਕਿ ਮਨੁੱਖ ਦਾ ਸ਼ੌਕ ਹੈ ਕਿ ਇਹ ਜੋ ਵਸਤੂ ਹੈ, ਇਸ ਨੂੰ ਨਾਪ ਲਈਏ। ਤੋਲ ਲਈਏ, ਕਿਤਨੀ ਕੁ ਉੱਚੀ ਹੈ, ਕਿਤਨੀ ਗਹਿਰੀ ਹੈ। ਇਹ ਆਦਿ ਕਾਲ ਤੋਂ ਮਨੁੱਖ ਦਾ ਸ਼ੌਕ ਰਿਹਾ ਹੈ। ਮਨੁੱਖ ਦੀ ਸਮਝ ਵਿਚ ਇਹ ਗੱਲ ਆਈ ਹੈ ਕਿ ਨਾਪਣਾ ਹੈ, ਤੋਲਣਾ ਹੈ। ਉੱਚਾਈ ਨਾਪਣੀ ਹੈ, ਗਹਿਰਾਈ ਨਾਪਣੀ ਹੈ, ਲੰਬਾਈ ਨਾਪਣੀ ਹੈ। ਉੱਚਾ ਹੈ, ਕਿਤਨਾ ਕੁ ਹੈ। ਫਿਰ ਮਹਾਰਾਜ ਕਹਿੰਦੇ ਨੇ :-

.....ਕਥਨੁ ਨ ਜਾਇ ਅਕਥੁ ॥

ਨਹੀਂ ਕਹਿ ਸਕਦੇ। ਜੋ ਨਾਪਿਆ ਹੈ, ਨਹੀਂ ਕਹਿ ਸਕਦੇ। ਚਾਹੇ ਗਹਿਰਾਈ ਨਾਪੀ, ਚਾਹੇ ਉੱਚਾਈ ਨਾਪੀ ਹੈ। ਇਹ ਜਿਹੜਾ ਸ਼ਬਦ ਹੈ:-

ਨੇਤ ਨੇਤ ਬਨ ਤ੍ਰਿਣ ਕਹਤ॥

(ਜਾਪੁ ਸਾਹਿਬ)

ਨੇਤ ਨੇਤ ਕਥੰਤਿ ਬੇਦਾ॥

(ਅੰਗ ੧੩੫੯)

ਵੇਦ ਕਹਿ ਰਹੇ ਨੇ ਨੇਤ ਨੇਤ। ਨੇਤੀ ਦਾ ਮਤਲਬ ਹੈ, ਇਹ ਨਹੀਂ ਹੈ, ਇਹ ਨਹੀਂ ਹੈ। ਇਸ ਦੇ ਅੱਖਰੀ ਅਰਥ ਇਹ ਨੇ। ਜੋ ਵੇਖਿਆ ਹੈ, ਇਹ ਸੀਮਾ ਨਹੀਂ ਹੈ। ਜੋ ਆਖਿਆ ਹੈ, ਨੇਤ ਨੇਤ, ਇਹ ਸੀਮਾ ਨਹੀਂ ਹੈ। ਜੋ ਸੁਣਿਆ ਹੈ, ਨੇਤੀ ਨੇਤੀ, ਇਹ ਸੀਮਾ ਨਹੀਂ ਹੈ। ਇਸ ਤਰੀਕੇ ਨਾਲ, ਜੋ ਸੋਚਿਆ ਹੈ, ਜੋ ਸਮਝਿਆ ਹੈ, ਨੇਤ ਨੇਤ, ਇਹ ਸੀਮਾ ਨਹੀਂ ਹੈ। ਜੋ ਸੋਚਿਆ ਹੈ, ਉਹ ਵੀ ਠੀਕ ਨਹੀਂ, ਜੋ ਕਥਨ ਕੀਤਾ ਹੈ, ਉਹ ਵੀ ਠੀਕ ਨਹੀਂ। ਜੋ ਵੇਖਿਆ ਹੈ, ਉਹ ਵੀ ਪੂਰਨ ਨਹੀਂ, ਜੋ ਸੁਣਿਆ ਹੈ, ਉਹ ਵੀ ਪੂਰਨ ਨਹੀਂ। ਮਨੁੱਖ ਦੇ ਕੋਲ ਜਾਣਨ ਦੇ, ਸਮਝਣ ਦੇ ਵਸੀਲੇ ਇਹੀ ਗਿਆਨ-ਇੰਦਰੇ ਨੇ, ਮਨ ਹੈ ਅਤੇ ਬੁੱਧ ਹੈ। ਹੋਰ ਤਾਂ ਕੁਛ ਹੈ ਨਹੀਂ। ਅਕਲ ਹੈ, ਸਮਝ ਹੈ। ਵਿਚਾਰ ਸ਼ਕਤੀ ਹੈ, ਸੋਚ ਸ਼ਕਤੀ ਹੈ। ਇਸ ਦੇ ਬਾਰੇ ਬਾਣੀ ਕਹਿੰਦੀ ਹੈ:-

ਨੇਤ ਨੇਤ ਕਥੰਤਿ ਬੇਦਾ॥

ਨੇਤੀ ਨੇਤੀ, ਜੋ ਵੇਖਿਆ ਹੈ, ਨਹੀਂ ਹੈ। ਜੋ ਬਿਆਨ ਕੀਤਾ ਹੈ, ਨਹੀਂ ਹੈ। ਫਿਰ ਬਿਆਨ ਕਿਉਂ ਕੀਤਾ? ਇਹ ਦੂਜਾ ਪ੍ਰਸ਼ਨ ਖੜਾ ਹੋਵੇਗਾ, ਤਰਕ ਖੜੀ ਹੋਵੇਗੀ, ਫਿਰ ਕਿਉਂ ਵੇਖਿਆ? ਵੇਖਿਆ ਹੈ, ਕਿਤਨਾ ਹੈ। ਵੇਖ ਵੇਖ ਕੇ ਜੋ ਵੇਖਿਆ ਹੈ, ਨੇਤੀ ਨੇਤੀ। ਜੋ ਵੇਖਿਆ ਹੈ ਇਹ ਵੇਖਣ ਦੀ ਸੀਮਾ ਨਹੀਂ। ਕਥਨ ਕੀਤਾ ਹੈ ਕਿ ਪੂਰਨ ਕਥਨ ਕਰ ਸਕੀਏ, ਪਰ ਕਥਨ ਕਰ ਕਰ ਕੇ ਵੇਖਿਆ ਹੈ, ਨੇਤੀ ਨੇਤੀ, ਅਕਥ। ਨਹੀਂ ਕਹਿ ਸਕਦੇ। ਪੂਰੀ ਕੋਸ਼ਿਸ਼ ਕੀਤੀ ਹੈ, ਸਮਝਣ ਦੀ, ਜਾਣਨ ਦੀ। ਫਿਰ ਜਾਣ ਜਾਣ ਕੇ ਇਹ ਜਾਣਿਆ ਹੈ, ਨੇਤੀ ਨੇਤੀ। ਜੋ ਮੈਂ ਜਾਣਿਆ ਹੈ, ਇਸ ਦੀ ਤਾਂ ਸੀਮਾ ਹੈ, ਪਰ ਜੋ ਹੈ ਉਸ ਦੀ ਸੀਮਾ ਨਹੀਂ। ਉਹ ਅਸੀਮ ਹੈ। ਜੋ ਮੈਂ ਸਮਝਿਆ ਹੈ, ਉਸ ਦੀ ਸੀਮਾ ਹੈ। ਜੋ ਹੈ ਉਹ ਅਸੀਮ ਹੈ। ਇਹ ਛੰਤ ਤੇ ਸਲੋਕ ਕੁਛ ਇਸ ਤਰ੍ਹਾਂ ਪਏ ਬਿਆਨ ਕਰਦੇ ਨੇ। ਇਸ ਸੰਬੰਧ ਵਿਚ ਕਿਸੇ ਦਾ ਕੋਈ ਦਾਅਵਾ ਹੋਵੇ ਕਿ ਮੈਂ ਪੂਰਾ ਜਾਣ ਲਿਆ ਹੈ, ਕਿਉਂਕਿ ਇਸ ਤਰ੍ਹਾਂ ਦੇ ਦਾਅਵੇ ਕਰਨ ਵਾਲੇ ਦਾਸ ਨੂੰ ਹਰ ਸ਼ਹਿਰ ਵਿਚ ਮਿਲ ਜਾਂਦੇ ਨੇ। ਦਾਅਵਾ ਹੁੰਦਾ ਹੈ, ਅਸੀਂ ਜਾਣਦੇ ਹਾਂ, ਸਾਨੂੰ ਸਭ ਪਤਾ ਹੈ, ਪਰ ਇਸ ਤਰ੍ਹਾਂ ਦਾ ਕਹਿਣ ਵਾਲਾ ਕਿ ਮੈਂ ਨਹੀਂ ਜਾਣਦਾ। ਜਾਣਨ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਜਾਣਨ ਦੀ ਸੀਮਾ ਹੈ, ਪਰ ਉਹ ਅਸੀਮ ਹੈ। ਐਸਾ ਰੰਗ ਰਤੜਾ ਕਦੇ ਕਦਾਈਂ ਮਿਲਦਾ ਹੈ। ਐਸੀ ਰੰਗੀ ਹੋਈ ਰੂਹ ਕਦੇ ਕਦਾਈਂ ਮਿਲਦੀ ਹੈ।

ਨੋਟ— ਬਾਣੀ ਵਿਚ ਆਖਿਆ ਗਿਆ ਹੈ ਕਿ ਪਰਮਾਤਮਾ ਮਨ ਬਾਣੀ ਬੁੱਧ ਤੋਂ ਪਰੇ

ਹੈ। ਮਨ ਆਪਣੇ ਵਿਚਾਰ ਦੇ ਵਿਚ ਨਿਰੰਕਾਰ ਨੂੰ ਨਹੀਂ ਲਿਆ ਸਕਦਾ। ਬੁੱਧ ਉਸ ਨੂੰ ਸਮਝ ਦੇ ਵਿਚ ਨਹੀਂ ਲਿਆ ਸਕਦੀ। ਜ਼ਬਾਨ ਉਸ ਨੂੰ ਕਥਨੀ ਦੇ ਵਿਚ ਨਹੀਂ ਲਿਆ ਸਕਦੀ। ਲੇਕਿਨ ਐਸਾ ਵੀ ਕਥਨ ਕਰਕੇ ਬਿਆਨ ਕੀਤਾ ਗਿਆ ਹੈ ਕਿ ਅਕੱਥ ਹੈ। ਜੋ ਕਿਹਾ ਹੈ ਇਸ ਦੀ ਸੀਮਾ ਹੈ, ਜੋ ਹੈ ਉਹ ਅਸੀਮ ਹੈ। ਜਿਸ ਨੂੰ ਸਮਝਿਆ ਹੈ, ਉਸ ਦੀ ਸੀਮਾ ਹੈ ਤਾਂ ਫਿਰ ਅਸੀਮ ਨੂੰ ਸਮਝਣ ਦਾ, ਕਥਨ ਕਰਨ ਦਾ, ਵੇਖਣ ਦਾ ਕੋਈ ਵਸੀਲਾ ਨਹੀਂ? ਨਹੀਂ ਹੈ। ਇੱਥੇ ਪਤਾ ਹੈ ਨਾਸਤਿਕਾਂ ਨੇ ਕੀ ਕਹਿ ਦਿੱਤਾ, ਜੋ ਹੈ ਹੀ ਨਹੀਂ, ਇਹ ਸੰਤ ਐਵੇਂ ਰੌਲਾ ਪਾਈ ਜਾਂਦੇ ਨੇ। ਦੁਨੀਆ ਨੂੰ ਐਵੇਂ ਧੋਖਾ ਦੇਈ ਜਾਂਦੇ ਨੇ। ਜੇ ਕਹਿੰਦੇ ਹਾਂ ਸਮਝਾਉ ਤਾਂ ਫਿਰ ਕਹਿੰਦੇ ਨੇ ਸਮਝ ਤੋਂ ਪਰੇ ਹੈ। ਜੇ ਕਹਿੰਦੇ ਹਾਂ ਕਥਨ ਕਰੋ ਤਾਂ ਕਹਿੰਦੇ ਨੇ ਅੱਕਥ ਹੈ। ਵਿਗਿਆਨ ਐਸਾ ਕਹਿੰਦਾ ਹੈ ਕਿ ਦੁਨੀਆ ਵਿਚ ਕੋਈ ਅਜੂਬਾ ਐਸਾ ਨਹੀਂ ਜੋ ਸਮਝ ਵਿਚ ਨਹੀਂ ਆ ਸਕਦਾ। ਕੋਈ ਐਸਾ ਮੋਅਜਿਜ਼ਾ ਨਹੀਂ ਜੋ ਸਮਝ ਵਿਚ ਨਹੀਂ ਆ ਸਕਦਾ। ਅੱਜ ਨਹੀਂ ਆਇਆ ਸਮਝ ਵਿਚ, ਕੱਲ ਆ ਜਾਏਗਾ। ਕੱਲ ਨਹੀਂ ਆਇਆ ਸਮਝ ਵਿਚ, ਪਰਸੋਂ ਆ ਜਾਏਗਾ। ਰੋਜ਼ ਰੋਜ਼ ਮਨੁੱਖ ਦੀ ਬੁੱਧ ਵਿਕਸਿਤ ਹੋ ਰਹੀ ਹੈ। ਰੋਜ਼ ਰੋਜ਼ ਮਨੁੱਖ ਦੇ ਮਾਨਸਿਕ ਮੰਡਲ ਦਾ ਵਿਕਾਸ ਹੋ ਰਿਹਾ ਹੈ। ਜੋ ਅੱਜ ਸਮਝ ਵਿਚ ਨਹੀਂ ਆਇਆ, ਕੱਲ ਆ ਜਾਏਗਾ, ਪਰ ਇਹ ਕਿਉਂ ਕਹਿੰਦੇ ਹੋ ਕਿ ਮਨ ਬਾਣੀ, ਬੁੱਧ ਤੋਂ ਪਰੇ ਹੈ। ਅਗਰ ਮਨ ਬਾਣੀ ਬੁੱਧ ਤੋਂ ਪਰੇ ਹੈ ਤਾਂ ਕਹਿੰਦੇ ਨੇ, ਹੈ ਨਹੀਂ। ਅਗਰ ਹੈ ਤਾਂ ਕੋਈ ਪਰੂਫ (Proof) ਦਿਉ। ਤੁਸੀਂ ਸਤਸੰਗੀ ਹੋ, ਇਸ ਕਰਕੇ ਮੈਂ ਕਹਿ ਰਿਹਾ ਹਾਂ, ਕਿਉਂਕਿ ਤੁਸੀਂ ਰੋਜ਼ ਦੇ ਸਰੋਤੇ ਹੋ, ਸਮਝਦਾਰ ਹੋ। ਇਕ ਵੀ ਅਵਤਾਰ ਪਰਤੱਖ ਪਰਮਾਣ ਨਹੀਂ ਦੇ ਸਕਿਆ। ਇਕ ਵੀ ਪੂਰਨ ਸੰਤ ਪਰਤੱਖ ਪਰਮਾਣ ਨਹੀਂ ਦੇ ਸਕਿਆ। ਵਕਤ ਦੀਆਂ ਬਾਕੀ ਹਕੂਮਤਾਂ, ਵਕਤ ਦੇ ਬਾਕੀ ਲੋਗ, ਉਨ੍ਹਾਂ ਨੂੰ ਕਹਿੰਦੇ ਰਹੇ, ਤੁਸੀਂ ਝੂਠੇ ਹੋ। ਜੇ ਪਰਮਾਤਮਾ ਹੈ ਤਾਂ ਪਰਮਾਣ ਦਿਉ, ਬਿਆਨ ਕਰੋ, ਸਮਝਾਉ। ਤਕਰੀਬਨ ਤਕਰੀਬਨ ਸਾਰਿਆਂ ਨੇ ਕਹਿ ਦਿੱਤਾ ਹੈ, ਮਹਿਦੂਦ ਹੈ ਸਾਡੀ ਸਮਝ, ਉਹ ਲਾ-ਮਹਿਦੂਦ ਹੈ, ਅਸੀਮ ਹੈ। ਸੀਮਿਤ ਹੈ, ਸਾਡੀ ਸਮਝ ਵਿਚ ਉਹ ਅਸੀਮ ਹੈ। ਦੂਜੀ ਤਰਕ ਨਾਸਤਿਕਾਂ ਦੀ, ਪਤਾ ਹੈ ਕੀ ਹੈ? ਕਿਹਾ ਜੋ ਅਸੀਮ ਹੈ ਤੁਹਾਡੀ ਪਕੜ ਦੇ ਵਿਚ ਨਹੀਂ ਆਇਆ ਤਾਂ ਫਿਰ ਨਹੀਂ ਹੈ। ਅੱਜ ਤਕ ਨਾਸਤਿਕਤਾ ਦੀ ਕੋਈ ਵੀ ਤਸੱਲੀ ਨਹੀਂ ਕਰ ਸਕਿਆ।

ਇਸ ਦੇ ਉੱਪਰ ਪੰਚ-ਦਸੀ ਵਿਚ ਸਮਝਾਉਣ ਵਾਸਤੇ ਇਕ ਬੜੀ ਸੁੰਦਰ ਕਹਾਣੀ ਲਿਖੀ ਹੋਈ ਹੈ। ਨਮਕ ਦੀਆਂ ਦਸ ਪੰਦਰਾਂ ਡਲੀਆਂ, ਸਮੁੰਦਰ ਦੇ ਕੰਢੇ 'ਤੇ ਬੈਠ ਕੇ ਵਿਚਾਰ ਵਟਾਂਦਰਾ ਕਰ ਰਹੀਆਂ ਸਨ। ਜਿਹੜੀਆਂ ਪੌਰਾਣਿਕ ਸਾਖੀਆਂ ਨੇ, ਇਹ ਸਮਝਾਉਣ ਦਾ ਇੰਝ ਢੰਗ ਸੀ। ਨਮਕ ਦੀਆਂ ਡਲੀਆਂ ਅਤੇ ਸਭ ਨੇ ਸਮੁੰਦਰ ਦੀ ਵਿਆਖਿਆ ਕਰਨੀ ਸੀ। ਇਕ ਡਲੀ ਕਹੇ, ਸਮੁੰਦਰ ਇਤਨਾ ਲੰਬਾ ਹੈ, ਇਤਨਾ ਚੌੜਾ ਹੈ। ਦੂਜੀ ਕਹੇ ਨਹੀਂ, ਇਤਨਾ ਨਹੀਂ, ਇਤਨਾ ਹੈ ਔਰ ਇਤਨਾ ਗਹਿਰਾ ਹੈ। ਤੀਸਰੀ ਨੇ ਆਪਣੀ ਵਿਆਖਿਆ ਕੀਤੀ, ਚੌਥੀ ਨੇ ਆਪਣੀ ਵਿਆਖਿਆ ਕੀਤੀ ਅਤੇ ਪੰਜਵੀਂ ਨੇ ਆਪਣੀ। ਜਿਹੜੀ ਮੁਖੀ ਡਲੀ ਸੀ, ਸਭ ਤੋਂ ਵੱਡੀ, ਉਸ ਨੇ ਆਖਿਆ ਇੰਝ ਹੈ ਕਿ ਤੁਸੀਂ ਤਾਂ ਕਿਨਾਰੇ 'ਤੇ ਬੈਠੀਆਂ ਬਿਆਨ ਕਰ ਰਹੀਆਂ ਹੋ। ਇਸ ਵਾਸਤੇ ਮੈਂ ਹੁਣ ਕਿਨਾਰੇ ਤੋਂ ਗੱਲ ਨਹੀਂ ਕਰਾਂਗੀ, ਸਾਗਰ ਦੇ ਵਿਚ ਜਾਂਦੀ ਹਾਂ, ਮੇਰੀ ਉਡੀਕ ਕਰਿਓ। ਮੈਂ ਸਾਗਰ ਦੀ

ਗਹਿਰਾਈ, ਲੰਬਾਈ ਤੇ ਚੌੜਾਈ ਨਾਪ ਕੇ ਵਾਪਸ ਆਵਾਂਗੀ ਅਤੇ ਤੁਹਾਨੂੰ ਦੱਸਾਂਗੀ। ਤੁਸੀਂ ਕਿਨਾਰੇ ਤੋਂ ਦੱਸਦੀਆਂ ਪਈਆਂ ਹੋ, ਮੈਂ ਸਾਗਰ ਦੇ ਵਿਚ ਜਾ ਕੇ ਦੱਸਾਂਗੀ। ਪੰਚ-ਦਸੀ ਦੀ ਇਹ ਕਹਾਣੀ ਹੈ। ਹਜ਼ਾਰਾਂ ਸਾਲ ਲੰਘ ਗਏ ਨੇ, ਉਹ ਵਿਚਾਰੀਆਂ ਨਮਕ ਦੀਆਂ ਡਲੀਆਂ, ਉਡੀਕਦੀਆਂ ਪਈਆਂ ਨੇ ਕਿ ਅੱਜ ਆਵੇਗੀ, ਕੱਲ ਆਵੇਗੀ ਅਤੇ ਸਾਨੂੰ ਦੱਸੇਗੀ ਕਿ ਸਾਗਰ ਕਿਤਨਾ ਗਹਿਰਾ ਹੈ, ਕਿਤਨਾ ਲੰਬਾ ਹੈ, ਕਿਤਨਾ ਚੌੜਾ ਹੈ। ਇਹ ਕਹਾਣੀ ਇੱਥੇ ਹੀ ਨਹੀਂ ਮੁਕਦੀ। ਉਨ੍ਹਾਂ ਨਮਕ ਦੀਆਂ ਡਲੀਆਂ ਨੇ ਫ਼ੈਸਲਾ ਕੀਤਾ, ਝੂਠੀ ਸੀ, ਤਦੇ ਹੀ ਵਾਪਸ ਨਹੀਂ ਆਈ। ਸ਼ਰਮਸਾਰ ਹੋਣੀ ਸੀ। ਝੂਠਾ ਦਾਅਵਾ ਕੀਤਾ ਸੀ। ਸਾਗਰ ਦੀ ਲੰਬਾਈ, ਚੌੜਾਈ ਅਤੇ ਗਹਿਰਾਈ ਨੂੰ ਨਾਪ ਨਹੀਂ ਸਕੀ ਹੋਵੇਗੀ। ਹੁਣ ਸਾਡੇ ਸਾਹਮਣੇ ਸ਼ਰਮਸਾਰ ਨਾ ਹੋਵੇ, ਇਸ ਕਰਕੇ ਨਹੀਂ ਆਈ। ਇਕ ਨੇ ਹੋਰ ਹਿੰਮਤ ਕੀਤੀ, ਚਲੋ ਆਪਾਂ ਸਾਗਰ ਨੂੰ ਛੰਡਦੇ ਹਾਂ, ਉਸ ਨੂੰ ਲੱਭਦੇ ਹਾਂ, ਜਿਸ ਨੇ ਐਨਾ ਝੂਠਾ ਦਾਅਵਾ ਕੀਤਾ ਸੀ। ਉਹ ਜਿਹੜੀ ਦੂਜੀ ਗਈ, ਉਸ ਨੂੰ ਵੀ ਹਜ਼ਾਰਾਂ ਸਾਲ ਹੋ ਗਏ ਨੇ, ਉਹ ਵੀ ਵਾਪਸ ਨਹੀਂ ਆਈ। ਬਾਕੀ ਉਡੀਕਦੀਆਂ ਹੋਣਗੀਆਂ। ਜਿਹੜੇ ਪਰਮਾਤਮਾ ਵਿਚ ਲੀਨ ਹੋ ਗਏ ਨੇ, ਯਕੀਨ ਜਾਣੋ ਉਹ ਕਹਿਣ ਜੋਗੇ ਹੀ ਨਹੀਂ ਰਹੇ। ਉਨ੍ਹਾਂ ਨੇ ਕਹਿ ਦਿੱਤਾ ਕਿ ਪ੍ਰਭੂ ਅਕੱਥ ਹੈ। ਜਿਹੜੇ ਕਿਨਾਰੇ 'ਤੇ ਰਹਿ ਗਏ ਨੇ, ਉਨ੍ਹਾਂ ਨੇ ਕਹਿ ਦਿੱਤਾ, ਹੈ ਹੀ ਨਹੀਂ। ਗੱਲ ਖ਼ਤਮ। ਇਹ ਦੁਬਿਧਾ ਕਰੀਬਨ ਕਰੀਬਨ ਹਜ਼ਾਰਾਂ ਸਾਲਾਂ ਤੋਂ ਬਣੀ ਹੋਈ ਹੈ। ਇਸ ਦਾ ਇਕੋ ਹੀ ਤਰੀਕਾ ਹੈ ਕਿ ਸਾਗਰ ਦੇ ਵਿਚ ਛਾਲ ਮਾਰ, ਪਰ ਸਾਗਰ ਦੇ ਵਿਚ ਛਾਲ ਮਾਰਦਿਆਂ, ਆਪਣੀ ਹੋਂਦ ਰਹਿੰਦੀ ਹੀ ਨਹੀਂ:-

ਜਬ ਹਮ ਹੋਤੇ ਤਬ ਤੂ ਨਾਹੀ (ਅੰਗ ੬੫੭)

ਕਹਿੰਦੇ ਨੇ, ਦੋ ਨਹੀਂ ਰਹਿੰਦੇ। ਉਸ ਹਾਲਤ ਦੇ ਵਿਚ ਇਕ ਰਹਿ ਜਾਂਦਾ ਹੈ। ਮੇਰੀ ਦੁਨੀਆ ਵਿਚ ਤੂੰ ਨਹੀਂ ਸੀ। ਫਿਰ ਹੁਣ ਕੀ ਹੈ? ਹੁਣ ਮੈਂ ਨਹੀਂ ਹਾਂ। ਲਾਹੌਰ ਦੇ ਸੁਆਮੀ ਰਾਮ ਤੀਰਥ ਰਾਮ ਉਨ੍ਹਾਂ ਦਾ ਨਾਮ ਸੀ। ਆਪਣੇ ਆਪ ਨੂੰ ਰਾਮ ਕਹਿੰਦੇ ਸਨ। ਇਕ ਦਿਨ ਕੁੱਤੇ ਨੇ ਕੱਟ ਖਾਧਾ ਅਤੇ ਕਹਿਣ ਲਗੇ, ਅੱਜ ਰਾਮ ਨੂੰ ਕੁੱਤੇ ਨੇ ਬੜਾ ਕੱਟਿਆ ਹੈ। ਬੜਾ ਖ਼ੂਨ ਨਿਕਲਿਆ ਹੈ। ਅੱਜ ਰਾਮ ਬੜਾ ਪਰੇਸ਼ਾਨ ਹੋਇਆ ਹੈ। ਅੱਧੇ ਲੋਗ ਤਾਂ ਉਸ ਨੂੰ ਪਾਗ਼ਲ ਕਹਿਣ ਲੱਗ ਪਏ ਸਨ। ਆਪਣੇ ਆਪ ਨੂੰ ਬਾਦਸ਼ਾਹ ਵੀ ਕਹਿੰਦੇ ਸਨ। ਕਾਰਣ ਰਾਮ ਹੀ ਰਹਿ ਗਿਆ ਸੀ, ਰਾਮ ਤੀਰਥ ਤਾਂ ਖ਼ਤਮ ਹੋ ਗਿਆ ਸੀ। ਗੱਲ ਇਤਨੀ ਸੀ।

......ਅਬ ਤੂਹੀ ਮੈ ਨਾਹੀ॥

ਰਹੇਗਾ ਤੇ ਇਕ। ਨਮਕ ਦੀ ਡਲੀ ਗਈ। ਹੁਣ ਨਮਕ ਦੀ ਡਲੀ ਨਹੀਂ ਹੈ, ਗੱਲ ਖ਼ਤਮ। ਜਿੰਨੇ ਚਿਰ ਤਕ ਮੈਂ ਹੈ, ਮਨੁੱਖ ਕਹੇਗਾ ਨਹੀਂ ਹੈ। ਜਦ ਡਲੀ ਰਹੀ ਹੀ ਨਹੀਂ, ਹੁਣ ਬਾਕੀ ਡਲੀਆਂ ਨੂੰ ਕੌਣ ਸਮਝਾਏ ਕਿ ਸਾਗਰ ਅਸੀਮ ਹੈ, ਅਕੱਥ ਹੈ। ਕੌਣ ਸਮਝਾਏ। ਜੋ ਖੋਜ ਕਰਨ ਗਈ ਉਹ ਤਾਂ ਮਿਟ ਗਈ। ਜਿਹੜੇ ਕਿਨਾਰੇ 'ਤੇ ਖੋਜ ਕਰਦੇ ਰਹੇ, ਉਹ ਇਨਕਾਰੀ ਹੋ ਗਏ। ਦੁਨੀਆ ਦੇ ਚੋਟੀ ਦੇ ਧਾਰਮਿਕ ਮਨੁੱਖ ਹੀ ਨਾਸਤਿਕ ਹੋਏ ਨੇ। ਦੁਨੀਆ ਦੇ ਚੋਟੀ ਦੇ ਮਹਾਨ ਮਨੁੱਖ ਹੀ ਜ਼ਾਲਿਮ ਹੋਏ ਨੇ। ਸੁਰਤ ਰੁਕ ਗਈ, ਦਿਖਾਵਾ

ਰਹਿ ਗਿਆ। ਧਰਮ ਦਾ ਪਾਖੰਡ ਰਹਿ ਗਿਆ। ਦੁਨੀਆ ਵਿਚ ਧਰਮ ਦੇ ਨਾਮ 'ਤੇ ਜੋ ਬੜੇ ਬੜੇ ਤਸ਼ੱਦਦ ਤੇ ਖ਼ੂਨ ਖਰਾਬੇ ਹੋਏ, ਉਹ ਚੋਟੀ ਦੇ ਧਾਰਮਿਕ ਲੋਗਾਂ ਨੇ ਕਰਾਏ। ਕਦੀ ਇਤਿਹਾਸ ਪੜ੍ਹੋਗੇ ਤਾਂ ਇਹੋ ਕੁਝ ਮਿਲੇਗਾ।

ਗੁਰੂ ਗੋਬਿੰਦ ਸਿੰਘ ਜੀ ਦੇ ਮਾਸੂਮ ਲਾਡਲਿਆਂ 'ਤੇ ਕਾਜ਼ੀ ਨੇ ਫਤਵਾ ਲਗਾਇਆ ਸੀ ਕਿ ਖ਼ੂਨ ਡੋਲ੍ਹਣ ਦੀ ਕੀ ਲੋੜ ਹੈ, ਦੀਵਾਰਾਂ ਦੇ ਵਿਚ ਇਨ੍ਹਾਂ ਨੂੰ ਚਿਣ ਦਿਉ। ਗੱਲ ਖ਼ਤਮ। ਦੀਵਾਰ ਵਿਚ ਚਿਣਨ ਦਾ ਫ਼ਤਵਾ ਕਾਜ਼ੀ ਦਿੰਦਾ ਹੈ। ਹੈਰਾਨਗੀ ਹੈ, ਪੰਜ ਵਖ਼ਤ ਦਾ ਨਮਾਜ਼ੀ। ਤਸਬੀ ਫੇਰਦਾ ਹੈ। ਦੋ ਵਖ਼ਤ ਕੁਰਾਨ ਦੀ ਤਿਲਾਵਤ ਕਰਦਾ ਹੈ, ਪਰ ਕਿਨਾਰੇ 'ਤੇ ਹੈ। ਅਜੇ ਮੈਂ ਹੈ, ਤੂੰ ਨਹੀਂ। ਇਹ ਨਮਕ ਦੀ ਡਲੀ ਵਾਂਗ ਕਿਨਾਰੇ 'ਤੇ ਹੈ। ਇਹ ਜਿਹੜੇ ਲੰਬੇ ਸਮੇਂ ਤਕ ਕਿਨਾਰੇ 'ਤੇ ਰਹਿ ਜਾਂਦੇ ਨੇ, ਇਹ ਹੀ ਫਿਰ ਕਹਿ ਦਿੰਦੇ ਨੇ ਕਿ ਹੈ ਵੀ ਸਈ ਜਾਂ ਨਹੀਂ। ਦੂਰ ਕਿਉਂ ਜਾਉ, ਗੁਰਸਿੱਖਾਂ ਵਿਚ ਦੇਖੀ ਦਾ ਹੈ। ਬੜੇ ਲੰਬੇ ਸਮੇਂ ਤੋਂ ਜੋ ਗੁਰਦੁਆਰੇ ਆ ਰਹੇ ਨੇ, ਉਨ੍ਹਾਂ ਦੇ ਬੱਚੇ ਮੈਨੂੰ ਕਹਿੰਦੇ ਨੇ, ਕੀ ਕਰਨਾ ਹੈ ਗੁਰਦੁਆਰੇ ਜਾ ਕੇ। ਸਾਡਾ ਬਾਪੂ ਚਾਲੀ ਪੰਜਾਹ ਸਾਲ ਤੋਂ ਜਾ ਰਿਹਾ ਹੈ ਗੁਰਦੁਆਰੇ, ਅਜੇ ਵੀ ਝੂਠ ਬੋਲਦਾ ਹੈ, ਕਰੋਧ ਕਰਦਾ ਹੈ, ਸ਼ਰਾਬ ਵੀ ਪੀਂਦਾ ਹੈ। ਸਾਰੇ ਅਨਰਥ ਵੀ ਕਰਦਾ ਹੈ। ਬੇਈਮਾਨੀ ਵੀ ਕਰਦਾ ਹੈ। ਸਾਡਾ ਪਿਉ ਦੇਵਤਾ ਨਹੀਂ ਬਣ ਸਕਿਆ ਤਾਂ ਅਸੀਂ ਕਿੱਥੋਂ ਬਣਾਂਗੇ। ਇਹ ਤਾਂ ਹੈ ਹੀ ਨਹੀਂ। ਪਾਖੰਡੀਆਂ ਕਰਕੇ ਨਾਸਤਿਕਤਾ ਫੈਲਦੀ ਹੈ। ਪਾਖੰਡੀ ਕੌਣ ਹੈ? ਜੋ ਬਸ ਸਾਰੀ ਜ਼ਿੰਦਗੀ ਕਿਨਾਰੇ 'ਤੇ ਹੀ ਰਹਿ ਗਿਆ। ਲੀਨ ਨਹੀਂ ਹੋਇਆ। ਲੀਨ ਹੋ ਜਾਵੇਗਾ ਤਾਂ ਸਾਗਰ ਹੋ ਜਾਏਗਾ। ਲੀਨ ਹੋ ਗਿਆ ਤਾਂ ਪਰਮਾਤਮਾ ਹੋ ਜਾਏਗਾ। ਸ਼ਮਸ ਤਬਰੇਜ਼ ਨੇ ਪਰਮਾਤਮਾ ਦੇ ਅੱਗੇ ਇਕ ਫ਼ਰਿਆਦ ਕੀਤੀ ਏ:–

ਮਨ ਤਉ ਸ਼ੁਧੀ, ਤੋ ਮਨ ਸ਼ੁਦਮ।
ਮਨ ਜਾਂ ਸ਼ੁਧੀ, ਤੋ ਤਨ ਸ਼ੁਦਮ।
ਇਹ ਕਸ ਨਾ ਗੋਇਦ ਬਾਅਦ ਅਜ਼ੀ।
ਮਨ ਦੀਗਰਮ ਤਉ ਦੀਗਰੀ।

ਤੂੰ ਮੈਂ ਹੋ ਜਾਵੇਂ ਅਤੇ ਮੈਂ ਤੂੰ ਹੋ ਜਾਵਾਂ। ਮੈਂ ਤਨ ਹੋ ਜਾਵਾਂ, ਤੂੰ ਜਾਨ ਹੋ ਜਾਵੇਂ। ਫਿਰ ਕੋਈ ਇਹ ਨਾ ਆਖੇ ਕਿ ਮੈਂ ਕੋਈ ਹੋਰ ਹਾਂ ਤੇ ਤੂੰ ਕੋਈ ਹੋਰ ਹੈਂ। ਅਜੇ ਤਾਂ ਇਸ ਤਰ੍ਹਾਂ ਪਏ ਕਹਿੰਦੇ ਨੇ, ਕਿਉਂ, ਤੂੰ ਤੂੰ ਹੈਂ ਅਤੇ ਮੈਂ ਮੈਂ ਹਾਂ। ਦੋ ਬਣੇ ਹੋਏ ਨੇ। ਇਸੇ ਨੂੰ ਰਵੀਦਾਸ ਕਹਿੰਦੇ ਨੇ, ਹੁਣ ਮੈਂ ਨਹੀਂ, ਤੂੰ ਹੈਂ। ਫਿਰ ਕੋਈ ਇਹ ਹਿੰਮਤ ਨਾ ਕਰੇ ਕਿ ਤੂੰ ਕੋਈ ਹੋਰ ਹੈਂ ਤੇ ਮੈਂ ਕੋਈ ਹੋਰ। ਜੇ ਤੂੰ ਅਨੰਦ ਸਰੂਪ ਹੈਂ ਤੇ ਫਿਰ ਲੋਕੀਂ ਆਖਣ ਮੈਂ ਵੀ ਅਨੰਦ ਸਰੂਪ ਹਾਂ। ਤੂੰ ਨਿਰਵੈਰ ਹੈਂ, ਫਿਰ ਲੋਕੀਂ ਇਹ ਆਖਣ ਮੈਂ ਵੀ ਨਿਰਵੈਰ ਹਾਂ। ਤੂੰ ਸਮ–ਦਰਿਸ਼ਟ ਹੈਂ, ਫਿਰ ਲੋਕੀਂ ਆਖਣ, ਮੈਂ ਵੀ ਸਮ–ਦਰਿਸ਼ਟ ਹੋ ਗਿਆ ਹਾਂ। ਤੂੰ ਦਇਆ ਦਾ ਸਾਗਰ ਹੈਂ, ਫਿਰ ਲੋਕੀਂ ਆਖਣ, ਮੈਂ ਵੀ ਦਇਆ ਦਾ ਸਾਗਰ ਹਾਂ। ਅਜੇ ਤੂੰ ਦਇਆ ਦਾ ਸਾਗਰ ਬਣਿਆ ਹੋਇਆ ਹੈਂ ਅਤੇ ਮੈਂ ਤਾਂ ਬੇਰਹਿਮ ਹਾਂ। ਅਜੇ ਤੂੰ ਤਾਂ ਪ੍ਰੇਮ ਦਾ ਸਾਗਰ ਹੈਂ, ਮੇਰੇ ਕੋਲ ਤਾਂ ਨਫ਼ਰਤ ਹੈ। ਤੂੰ ਨਿਰਵੈਰਤਾ ਦਾ ਸਾਗਰ ਹੈਂ, ਮੈਂ ਤਾਂ ਵੈਰ ਵਿਰੋਧ ਵਿਚ ਹਾਂ। ਅਜੇ ਮੈਂ, ਮੈਂ

ਹਾਂ। ਤੂੰ ਤੂੰ ਹੈਂ। ਕੁਝ ਐਸੀ ਬਖ਼ਸ਼ਿਸ਼ ਕਰ ਕਿ ਤੂੰ ਮੈਂ ਹੋ ਜਾਵੇਂ ਤੇ ਮੈਂ ਤੂੰ ਹੋ ਜਾਵਾਂ। ਤੂੰ ਜਿੰਦ ਹੋ ਜਾਵੇਂ, ਮੈਂ ਤਨ ਹੋ ਜਾਵਾਂ।

ਇਹ ਕਸ ਨਾ ਗੋਇਦ ਬਾਅਦ ਅਜ਼ੀ।
ਮਨ ਦੀਗਰਮ ਤਉ ਦੀਗਰੀ।

ਪਰ ਇਸ ਤਰ੍ਹਾਂ ਦੀ ਜਦ ਅਵਸਥਾ ਬਣਦੀ ਹੈ, ਫਿਰ ਪਤਾ ਹੈ, ਉਹ ਕੀ ਕਹਿ ਦਿੰਦੇ ਨੇ:-

.....ਕਥਨੁ ਨ ਜਾਇ ਅਕਥੁ ॥

ਨਹੀਂ ਕਹਿ ਸਕਦੇ। ਜਿਨ੍ਹਾਂ ਨੇ ਜਾਣਿਆ ਉਨ੍ਹਾਂ ਨੇ ਤਾਂ ਕਹਿ ਦਿੱਤਾ, ਨਹੀਂ ਕਹਿ ਸਕਦੇ। ਜਿਨ੍ਹਾਂ ਨੇ ਨਹੀਂ ਜਾਣਿਆ ਉਨ੍ਹਾਂ ਨੇ ਕਹਿ ਦਿੱਤਾ, ਅਸੀਂ ਨਹੀਂ ਜਾਣਦੇ। ਜਿਨ੍ਹਾਂ ਨੇ ਜਾਣਿਆ ਉਨ੍ਹਾਂ ਕਹਿ ਦਿੱਤਾ, ਅਸੀਂ ਨਹੀਂ ਨਾਪ ਸਕਦੇ, ਨਹੀਂ ਤੋਲ ਸਕਦੇ। ਜਿਨ੍ਹਾਂ ਨੇ ਨਾ ਜਾਣਿਆ, ਕਿਨਾਰੇ 'ਤੇ ਰਹਿ ਗਏ। ਕੁਛ ਨਾਸਤਿਕ ਹੋ ਗਏ, ਕੁਛ ਇਕ ਨੇ ਦੱਸਣਾ ਸ਼ੁਰੂ ਕੀਤਾ, ਜੋ ਬਿਲਕੁਲ ਝੂਠ ਸੀ, ਜੋ ਬਿਲਕੁਲ ਗ਼ਲਤ ਬਿਆਨੀ ਸੀ। ਇਹ ਗ਼ਲਤ ਬਿਆਨੀਆਂ ਹੀ ਕਰੀਬਨ ਕਰੀਬਨ ਧਾਰਮਿਕ ਮੰਦਰਾਂ ਵਿਚ ਚਲ ਰਹੀਆਂ ਨੇ ਅਤੇ ਦੁਨੀਆ ਭਰਮ ਭੁਲੇਖਿਆਂ ਵਿਚ ਪੈ ਜਾਂਦੀ ਹੈ। ਕੱਲ ਹੀ ਕੋਈ ਮੈਨੂੰ ਕਹਿ ਰਿਹਾ ਸੀ ਕਿ ਅਸੀਂ ਤਾਂ ਫਲਾਣੇ ਨੂੰ ਪੂਰਨ ਸੰਤ ਮੰਨ ਰਹੇ ਸੀ, ਉਹ ਤਾਂ ਭਰਿਸ਼ਟ ਨਿਕਲਿਆ। ਪੇਪਰਾਂ ਵਿਚ ਬੜੀ ਗੱਲ ਕਿ ਉਸ ਨੇ ਇਹ ਕੀਤਾ, ਉਹ ਕੀਤਾ ਹੈ। ਮੈਂ ਕਿਹਾ, ਤੂੰ ਸੰਤ ਮੰਨਿਆ ਸੀ। ਕਹਿਣ ਲੱਗਾ ਹਾਂ, ਮੰਨਿਆ ਸੀ। ਮੈਂ ਕਿਹਾ, ਕਿਸ ਆਧਾਰ 'ਤੇ ਮੰਨਿਆ ਸੀ? ਪਹਿਲੇ ਇਹ ਦੱਸੋ, ਕਿਹੜੇ ਮੀਟਰ ਨਾਲ ਵੇਖਿਆ ਸੀ? ਕਈ ਬੀਬੀਆਂ ਵੀ ਮਿਲ ਜਾਂਦੀਆਂ ਨੇ, ਅਸੀਂ ਤਾਂ ਸੱਚਖੰਡ ਦੇ ਦਰਸ਼ਨ ਕਰਕੇ ਆਈਆਂ ਹਾਂ। ਨਿਰਾ ਝੂਠ ਮੱਥੇ ਤੋਂ ਟਪਕਦਾ ਪਿਆ ਹੈ ਅਤੇ ਕਹਿੰਦੀਆਂ ਨੇ ਸੱਚਖੰਡ ਦੇ ਦਰਸ਼ਨ ਕਰਕੇ ਆਈਆਂ ਹਾਂ। ਨਿਰਾ ਝੂਠ। ਸੱਚ ਵਿਚ ਲੀਨ ਹੋਏ ਬਿਨਾਂ ਕੋਈ ਸੱਚਖੰਡੀ ਨਹੀਂ ਹੈ। ਇਸ ਲਈ ਉਸ ਦੀ ਪਹਿਚਾਨ ਕੌਣ ਕਰੇਗਾ? ਕਿਹੜੇ ਮੀਟਰ ਨਾਲ ਨਾਪੋਗੇ? ਸੰਤ ਨੂੰ ਸਮਝਣ ਵਾਸਤੇ ਮੈਂ ਇਕ ਦਲੀਲ ਦਿਆ ਕਰਦਾ ਹਾਂ। ਇਕ ਬੱਚਾ ਜਵਾਨ ਨੂੰ ਕਿਵੇਂ ਸਮਝੇਗਾ। ਇਕ ਪੰਜ ਸਾਲ ਦਾ ਬੱਚਾ, ਇਕ ਪੰਝੀ ਸਾਲਾਂ ਦੇ ਜਵਾਨ ਨੂੰ ਕਿਵੇਂ ਸਮਝੇਗਾ। ਜਵਾਨ ਦੀ ਆਪਣੀ ਉਮੰਗ ਹੈ, ਤਰੰਗ ਹੈ, ਵਾਸ਼ਨਾ ਹੈ, ਕਾਮਨਾ ਹੈ। ਇਕ ਮਾਸੂਮ ਬੱਚਾ ਇਸ ਨੂੰ ਕਿਵੇਂ ਸਮਝੇਗਾ ਕਿ ਜਵਾਨੀ ਕੀ ਹੁੰਦੀ ਹੈ। ਹਾਂ, ਜਵਾਨ ਹੋ ਕੇ ਹੀ ਪਤਾ ਚਲਦਾ ਹੈ ਕਿ ਜਵਾਨੀ ਕਿਸ ਨੂੰ ਕਹਿੰਦੇ ਨੇ, ਉਂਝ ਨਹੀਂ। ਇਕ ਜਵਾਨ ਨੂੰ ਕੀ ਪਤਾ ਹੈ ਕਿ ਬੁਢੇਪਾ ਕੀ ਹੁੰਦਾ ਹੈ। ਭਾਵੇਂ ਬੁੱਢਾ ਉਸ ਦਾ ਪਿਉ ਹੋਵੇ, ਦਾਦਾ ਹੋਵੇ ਅਤੇ ਉਨ੍ਹਾਂ ਨੂੰ ਵੇਖਦਾ ਵੀ ਹੋਵੇ। ਬੁਢੇਪਾ ਕੀ ਹੈ? ਇਹ ਇਸ ਦੀ ਪਹਿਚਾਨ ਤੋਂ ਪਰ੍ਹੇ ਹੈ। ਬੁਢੇਪੇ ਦੀਆਂ ਖ਼ੂਬੀਆਂ ਕੀ ਨੇ ਅਤੇ ਬੁਢੇਪੇ ਦੀਆਂ ਮਜਬੂਰੀਆਂ ਕੀ ਨੇ। ਬੁਢੇਪੇ ਦੀ ਕੀ ਮਹਾਨਤਾ ਹੈ ਅਤੇ ਬੁਢੇਪੇ ਦੀਆਂ ਕੀ ਕਮੀਆਂ ਨੇ, ਇਸ ਦਾ ਇਕ ਜਵਾਨ ਨੂੰ ਕੀ ਪਤਾ ਹੈ। ਬੁੱਢੇ ਹੋ ਕੇ ਹੀ ਪਤਾ ਚਲਦਾ ਹੈ, ਬੁਢੇਪਾ ਕੀ ਹੈ। ਇਕ ਬੁੱਢੇ ਨੂੰ ਕੀ ਪਤਾ ਹੈ ਕਿ ਮੌਤ ਕੀ ਹੁੰਦੀ ਹੈ। ਭਾਵੇਂ ਉਸ ਨੇ ਸੈਂਕੜੇ

ਮੁਰਦੇ ਦੇਖੇ ਹੋਵਣ। ਭਾਵੇਂ ਸੈਂਕੜੇ ਦਫ਼ਾ ਸ਼ਮਸ਼ਾਨ ਘਾਟ ਗਿਆ ਹੋਵੇ। ਭਾਵੇਂ ਬਹੁਤ ਸਾਰੇ ਮੁਰਦਿਆਂ ਨੂੰ ਇਸ਼ਨਾਨ ਕਰਵਾਇਆ ਹੋਵੇ। ਇਸ ਬੁੱਢੇ ਨੂੰ ਕੀ ਪਤਾ, ਮੌਤ ਕਿਸ ਨੂੰ ਕਹਿੰਦੇ ਨੇ। ਮਰ ਕੇ ਹੀ ਪਤਾ ਚਲਦਾ ਹੈ ਕਿ ਮੌਤ ਕੀ ਹੈ। ਸੰਤ ਹੋ ਕੇ ਹੀ ਪਤਾ ਚਲਦਾ ਹੈ ਕਿ ਸੰਤ ਕੀ ਹੈ। ਪਰਮਾਤਮਾ ਦੇ ਵਿਚ ਲੀਨ ਹੋ ਕੇ ਹੀ ਪਤਾ ਚਲਦਾ ਹੈ ਕਿ ਪਰਮਾਤਮਾ ਕੀ ਹੈ:-

ਏਵਡੁ ਊਚਾ ਹੋਵੈ ਕੋਇ॥ ਤਿਸੁ ਊਚੇ ਕਉ ਜਾਣੈ ਸੋਇ॥

(ਜਪੁ ਜੀ ਸਾਹਿਬ)

ਉਹ ਜਾਣਦਾ ਹੈ, ਦੂਸਰਾ ਨਹੀਂ। ਜਿਤਨਾ ਵੱਡਾ ਪਰਮਾਤਮਾ ਹੈ, ਇਤਨਾ ਵੱਡਾ ਹੀ ਕੋਈ ਹੋਵੇ। ਜਿਤਨਾ ਜਵਾਨ ਹੈ ਇਹ, ਬੱਚਾ ਉਤਨਾ ਜਵਾਨ ਹੋ ਜਾਏ, ਫਿਰ ਜਵਾਨੀ ਨੂੰ ਸਮਝੇਗਾ, ਅਜੇ ਨਹੀਂ। ਇਹ ਜਵਾਨ ਬੁੱਢਾ ਹੋ ਜਾਏ ਤਾਂ ਬੁਢੇਪੇ ਨੂੰ ਸਮਝੇਗਾ, ਅਜੇ ਨਹੀਂ। ਮੌਤ ਆ ਗਈ ਹੈ ਤਾਂ ਸਮਝੇਗਾ ਕਿ ਮੌਤ ਕਿਸ ਨੂੰ ਕਹਿੰਦੇ ਨੇ, ਅਜੇ ਨਹੀਂ।

ਪਰਮਾਤਮਾ ਨੇ ਇਕ ਬਖ਼ਸ਼ਿਸ਼ ਕੀਤੀ ਹੋਈ ਹੈ। ਇਹ ਜੀਵ ਪਰਮਾਤਮਾ ਜੈਸਾ ਹੋ ਸਕਦਾ ਹੈ:-

ਬਿਗਰਿਓ ਕਬੀਰਾ ਰਾਮ ਦੁਹਾਈ ॥
ਸਾਚੁ ਭਇਓ ਅਨ ਕਤਹਿ ਨ ਜਾਈ॥ ੧ ॥ ਰਹਾਉ॥

(ਅੰਗ ੧੧੫੮)

ਕਬੀਰ ਜੀ ਕਹਿੰਦੇ ਨੇ ਹੁਣ ਸੱਚ ਹੋ ਗਿਆ ਹਾਂ। ਹੁਣ ਕਬੀਰ ਨਹੀਂ ਰਿਹਾ, ਸੱਚ ਰਹਿ ਗਿਆ ਹੈ। ਕਬੀਰ ਤਾਂ ਖ਼ਤਮ ਹੋ ਗਿਆ ਹੈ:-

ਸਾਚੁ ਭਇਓ......॥

ਹੁਣ ਸੱਚ ਹੋ ਗਿਆ ਹੈ, ਸੱਚ ਪ੍ਰਗਟ ਹੋ ਗਿਆ ਹੈ:-

ਸੰਤਨ ਸੰਗਿ ਕਬੀਰਾ ਬਿਗਰਿਓ॥
ਸੋ ਕਬੀਰੁ ਰਾਮੈ ਹੋਇ ਨਿਬਰਿਓ॥ ੪ ॥ ੫ ॥ (ਅੰਗ ੧੧੫੮)

ਹੁਣ ਕਬੀਰ ਰਾਮ ਹੋ ਗਿਆ ਹੈ, ਕਬੀਰ, ਕਬੀਰ ਨਹੀਂ ਰਿਹਾ। ਹੁਣ ਸਿੱਖ ਗੁਰੂ ਜੈਸਾ ਹੋ ਗਿਆ ਹੈ ਔਰ ਗੁਰੂ ਮਾਣ ਨਾਲ ਕਹਿ ਦਿੰਦਾ ਹੈ, ਇਹ ਮੇਰਾ ਆਪਣਾ ਹੀ ਰੂਪ ਹੈ:-

ਖ਼ਾਲਸਾ ਮੇਰੋ ਰੂਪ ਹੈ ਖ਼ਾਸ॥
khaalsaa mero roop hai khaas.
The Khalsa is my complete image.

ਇਹ ਤਾਂ ਮੇਰਾ ਖ਼ਾਸ ਰੂਪ ਹੈ। ਮੇਰੇ ਸਰੂਪ ਦੇ ਦਰਸ਼ਨ ਕਰਨੇ ਨੇ, ਖ਼ਾਲਸੇ ਦੇ ਦਰਸ਼ਨ ਕਰ ਲੈਣੇ। ਸਾਫ਼ ਕਿਹਾ। ਸਰਬ ਲੋਹ ਗ੍ਰੰਥ ਵਿਚ ਸਭ ਕੁਝ ਲਿਖਿਆ ਹੋਇਆ ਹੈ। ਖ਼ੈਰ!

ਪਾਵਨ ਵਾਕ, ਜਿਨ੍ਹਾਂ ਨੇ ਜਾਣਿਆ ਹੈ, ਉਨ੍ਹਾਂ ਨੇ ਇਹ ਜਾਣਿਆ ਹੈ, ਨਹੀਂ ਜਾਣ ਸਕੇ। ਜਿਨ੍ਹਾਂ ਨੇ ਕਥਨ ਵੀ ਕੀਤਾ ਹੈ, ਉਨ੍ਹਾਂ ਨੇ ਇਹ ਵੀ ਕਿਹਾ ਹੈ, ਨਹੀਂ ਕਹਿ ਸਕਦੇ। ਜਿਨ੍ਹਾਂ ਨੇ ਵੇਖਿਆ ਹੈ, ਫਿਰ ਵੀ ਕਹਿ ਦਿੱਤਾ ਹੈ, ਮਨ, ਬਾਣੀ ਬੁੱਧ ਤੋਂ ਪਰ੍ਹੇ ਹੈ:-

ਅਗਮ ਅਗੋਚਰ

(ਅੰਗ ੯੮)

ਅਗੋਚਰ (ਇੰਦਰਿਆਂ ਦੀ ਪਹੁੰਚ ਤੋਂ ਪਰ੍ਹੇ)। ਇਹ ਅੱਖਾਂ ਨਹੀਂ ਪਹੁੰਚ ਸਕਦੀਆਂ, ਭਾਵੇਂ ਅੱਖਾਂ ਦੀ ਸ਼ਕਤੀ ਅੱਜ ਵਿਗਿਆਨ ਨੇ ਬਹੁਤ ਵਧਾ ਦਿੱਤੀ ਹੈ। ਖ਼ੁਰਦਬੀਨ ਬਣਾ ਦਿੱਤੀ ਹੈ, ਦੂਰਬੀਨ ਬਣਾ ਦਿੱਤੀ ਹੈ। ਦੂਰ ਦੀ ਚੀਜ਼ ਵੇਖ ਸਕਦੇ ਹਾਂ, ਬਾਰੀਕ ਚੀਜ਼ ਵੇਖ ਸਕਦੇ ਹਾਂ, ਫਿਰ ਵੀ ਇਹ ਅੱਖਾਂ ਪਰਮਾਤਮਾ ਨੂੰ ਨਹੀਂ ਵੇਖ ਸਕਦੀਆਂ।

ਭਾਵੇਂ ਕੰਨਾਂ ਦੀ ਸਰੋਤ ਵੀ ਵਧਾ ਦਿੱਤੀ ਹੈ। ਹਜ਼ਾਰਾਂ ਮੀਲ ਦੀ ਦੂਰੀ ਤੋਂ ਸਾਨੂੰ ਕੋਈ ਫ਼ੋਨ ਕਰ ਰਿਹਾ ਹੈ ਤੇ ਅਸੀਂ ਸੁਣ ਰਹੇ ਹਾਂ। ਪਹਿਲੇ ਕਿੱਥੇ ਸੁਣ ਸਕਦੇ ਸੀ। ਵਿਗਿਆਨ ਨੇ ਸਾਡੀ ਆਵਾਜ਼ ਨੂੰ ਵਧਾ ਦਿੱਤਾ ਹੈ। ਇਕ ਮੁਲਕ ਤੋਂ ਅਸੀਂ ਬੋਲ ਰਹੇ ਹਾਂ, ਦੂਜੇ ਮੁਲਕ ਵਿਚ ਅਗਲਾ ਸੁਣ ਰਿਹਾ ਹੈ। ਇੰਦਰਿਆਂ ਦੀ ਸ਼ਕਤੀ ਤਾਂ ਵਿਗਿਆਨ ਨੇ ਬੜੀ ਵਧਾ ਦਿੱਤੀ ਹੈ, ਪਰ ਫਿਰ ਵੀ ਇਹ ਇੰਦਰੇ ਪਰਮਾਤਮਾ ਤਕ ਨਹੀਂ ਪਹੁੰਚੇ। ਇਕ ਵੀ ਸਾਇੰਟਿਸਟ ਨੇ ਨਹੀਂ ਆਖਿਆ ਕਿ ਅਸੀਂ ਪਰਮਾਤਮਾ ਵੇਖ ਲਿਆ ਹੈ ਜਾਂ ਸਮਝ ਗਏ ਹਾਂ ਪਰਮਾਤਮਾ ਨੂੰ। ਹਾਂ, ਇਤਨਾ ਹੀ ਆਖਿਆ ਹੈ ਕਿ ਪਰਮਾਤਮਾ ਨਹੀਂ ਹੈ। ਇਹ ਜ਼ਰੂਰ ਆਖਿਆ ਹੈ। ਜੈਸੇ ਗੁਜਰਾਤ ਦੇ ਵਾਸੂ ਭਰਦਵਾਜ ਜੋ ਸਾਇੰਟਿਸਟ ਨੇ, ਦੱਸਦੇ ਸਨ ਕਿ ਮੈਂ ਨਾਸਤਿਕ ਰਿਹਾ ਹਾਂ। ਮੈਨੂੰ ਖ਼ੁਦ ਕਹਿੰਦੇ ਸਨ, ਮੈਂ ਨਹੀਂ ਮੰਨਦਾ ਸੀ। ਸਾਇੰਟਿਸਟ ਅਕਸਰ ਨਾਸਤਿਕ ਹੁੰਦੇ ਨੇ। ਪਦਾਰਥ ਦੀ ਖੋਜ ਕਰਦਿਆਂ ਕਰਦਿਆਂ, ਦਿਮਾਗ਼ ਪਦਾਰਥ-ਵਾਦੀ ਬਣ ਜਾਂਦਾ ਹੈ। ਪਦਾਰਥ ਦੀਆਂ ਅਗੰਮੀ ਖੇਡਾਂ ਦੇਖ ਦੇਖ ਕੇ ਉਹ ਪਰਮਾਤਮਾ ਤੋਂ ਇਨਕਾਰੀ ਹੋ ਜਾਂਦੇ ਨੇ। ਜਦ ਵਿਗਿਆਨ, ਸਾਇੰਸ ਦੀ ਖੋਜ ਇਨ੍ਹਾਂ ਭਾਵ ਵਾਸੂ ਭਰਦਵਾਜ ਦੇ ਕੈਂਸਰ ਨੂੰ ਦੂਰ ਨਾ ਕਰ ਸਕੀ ਅਤੇ ਉਹ ਕੈਂਸਰ ਦੂਰ ਹੋਇਆ ਧੰਨ ਗੁਰੂ ਰਾਮਦਾਸ ਜੀ ਦੇ ਦਰਬਾਰ ਆ ਕੇ, ਤਾਂ ਇਸ ਅਗੰਮੀ ਸ਼ਕਤੀ ਨੂੰ ਇਨ੍ਹਾਂ ਨੇ ਕਬੂਲ ਕਰ ਲਿਆ ਬਈ ਇਹ ਤਾਂ ਕੋਈ ਖੇਡ ਹੈ। ਮੈਨੂੰ ਕਹਿਣ ਲੱਗੇ ਮੇਰੀ ਸਮਝ ਵਿਚ ਤਾਂ ਨਹੀਂ ਆਈ ਕੋਈ ਗੱਲ, ਪਰ ਹੈ ਇਹ ਖੇਡ। ਹੁਣ ਕੌਣ ਦੱਸੇ ਕਿ ਇਹ ਸਮਝ ਵਿਚ ਆ ਹੀ ਨਹੀਂ ਸਕਦੀ। ਸਮਝ ਲੀਨ ਹੋ ਜਾਂਦੀ ਹੈ। ਨਮਕ ਦੀ ਡਲੀ ਲੀਨ ਹੋ ਜਾਂਦੀ ਹੈ। ਵਾਪਸ ਦੱਸਣ ਜੋਗੀ ਨਹੀਂ ਰਹਿੰਦੀ। ਜਿੰਨੇ ਵੀ ਲੀਨ ਹੋ ਗਏ ਨੇ, ਉਨ੍ਹਾਂ ਨੇ ਕਹਿ ਦਿੱਤਾ ਅਕੱਥ ਹੈ। ਮਨ ਬਾਣੀ ਬੁੱਧ ਤੋਂ ਪਰ੍ਹੇ ਹੈ। ਅਗੰਮ ਅਗੋਚਰ। ਉਰਦੂ ਦਾ ਸ਼ੇਅਰ, ਇਕ ਸੂਫ਼ੀ ਕਹਿੰਦਾ ਹੈ:-

ਕਿਸ ਸੇ ਪਤਾ ਪੂਛੇਂ ਮੰਜ਼ਲੇ ਜਾਨਾ।

ਆਪਣੇ ਪਿਆਰੇ ਦਾ ਪਤਾ ਕਿਸ ਤੋਂ ਪੁਛੀਏ?

ਜਿਸ ਕੋ ਖ਼ਬਰ ਥੀ ਤੇਰੀ ਵੋ ਬੇ-ਖ਼ਬਰ ਨਿਕਲਾ।

ਐ ਖ਼ੁਦਾ! ਜਿਸ ਦੇ ਕੋਲ ਤੇਰੀ ਖ਼ਬਰ ਸੀ, ਉਹ ਤਾਂ ਦੱਸਣ ਜੋਗਾ ਹੀ ਨਹੀਂ ਰਿਹਾ ਅਤੇ ਜਿਹੜੇ ਦੱਸਦੇ ਪਏ ਨੇ ਉਹ ਪਹੁੰਚੇ ਕੋਈ ਨਹੀਂ। ਉਹ ਗ਼ਲਤ ਪਤਾ ਦੱਸਦੇ ਪਏ ਨੇ। ਉਹ ਗ਼ਲਤ ਟਿਕਾਣਾ ਦੱਸਦੇ ਪਏ ਨੇ। ਜਿਸ ਦੇ ਕੋਲ ਸਹੀ ਪਤਾ ਹੈ, ਉਹ ਕਹਿੰਦਾ ਹੈ ਕਿ ਮੇਰੀ ਜ਼ਬਾਨ ਦੀ ਪਹੁੰਚ ਨਹੀਂ। ਮੈਂ ਨਹੀਂ ਕਹਿ ਸਕਦਾ, ਮੈਂ ਨਹੀਂ ਦੱਸ ਸਕਦਾ। ਇਹ ਦੁਬਿਧਾ ਮਨੁੱਖੀ ਦੁਨੀਆ ਵਿਚ ਇਸੇ ਵਾਸਤੇ ਹਜ਼ਾਰਾਂ ਸਾਲਾਂ ਤੋਂ ਬਣੀ ਹੋਈ ਹੈ। ਜਿਨ੍ਹਾਂ ਨੇ ਜਾਣਿਆ, ਜਿਨ੍ਹਾਂ ਕੋਲ ਖ਼ਬਰ ਸੀ, ਉਹ ਖ਼ਬਰ ਦੱਸਣ ਜੋਗੇ ਹੀ ਨਹੀਂ। ਜਿਹੜੇ ਬੇ-ਖ਼ਬਰ ਨੇ, ਉਹ ਖ਼ਬਰਾਂ ਦੱਸਦੇ ਪਏ ਨੇ। ਖ਼ੂਬ ਦੱਸਦੇ ਪਏ ਨੇ। ਦੱਸਦਿਆਂ ਦੱਸਦਿਆਂ ਥਕਦੇ ਵੀ ਨਹੀਂ। ਬੜਾ ਦੱਸਦੇ ਪਏ ਨੇ। ਬੜੇ ਬਹਿਸ-ਮੁਬਾਹਿਸੇ। ਇਕ ਦਿਨ ਮੇਰੇ ਨਾਲ ਕੁਝ ਸੱਜਣ ਬੈਠੇ ਸਨ। ਕਿਸੇ ਸੱਜਣ ਨੇ ਫ਼ੋਨ ਕੀਤਾ। ਜਿਸ ਬ੍ਰਹਮ ਗਿਆਨੀ ਦੇ ਤੁਸੀਂ ਲੱਛਣ ਦੱਸਦੇ ਹੋ (ਕਿਧਰੇ ਪਿੱਛੇ ਕਥਾ ਇਸ ਤਰ੍ਹਾਂ ਦੀ ਚਲੀ ਹੋਵੇਗੀ), ਉਹ ਲੱਛਣ ਮੇਰੇ ਵਿਚ ਹਨ, ਆ ਕੇ ਦੇਖ ਲਉ। ਮੈਂ ਬ੍ਰਹਮ ਗਿਆਨੀ ਦੇ ਸਾਰੇ ਲੱਛਣ ਰੱਖਦਾ ਹਾਂ। ਤੁਸੀਂ ਕਹਿੰਦੇ ਹੋ ਕਰੋੜਾਂ ਵਿਚੋਂ ਕੋਈ ਇਕ ਅੱਧ ਹੁੰਦਾ ਹੈ। ਤੁਸੀਂ ਕਹਿੰਦੇ ਹੋ ਹਰ ਸ਼ਹਿਰ ਵਿਚ ਨਹੀਂ ਹੁੰਦਾ। ਮੈਂ ਕਹਿੰਦਾ ਹਾਂ ਹੁੰਦੇ ਨੇ, ਮੈਂ ਬ੍ਰਹਮ ਗਿਆਨੀ ਹਾਂ। ਮੈਂ ਉਸ ਨੂੰ ਕਿਹਾ ਠੀਕ ਹੈ, ਹੁਣ ਤੇਰੇ ਨਾਲ ਬਹਿਸ ਕੀ ਕਰੀਏ। ਬੇਹਤਰ ਹੋਵੇਗਾ ਜੇ ਤੂੰ ਹਸਪਤਾਲ ਤੋਂ ਇਲਾਜ ਕਰਵਾ ਲਵੇਂ। ਮੈਂ ਫਿਰ ਇਤਨਾ ਹੀ ਕਹਿ ਕੇ ਜਾਨ ਛੁਡਾਈ। ਮੈਂ ਕਿਹਾ ਕਿਸੇ ਡਾਕਟਰ ਨੂੰ ਜ਼ਰੂਰ ਦਿਖਾ, ਕਿਉਂਕਿ ਜਿਨ੍ਹਾਂ ਨੇ ਜਾਣਿਆ ਹੈ, ਉਹ ਲੀਨ ਹੋ ਗਏ ਅਤੇ ਉਨ੍ਹਾਂ ਨੇ ਆਖਿਆ ਅਸੀਂ ਨਹੀਂ ਜਾਣਦੇ। ਸਾਨੂੰ ਕੁਛ ਵੀ ਪਤਾ ਨਹੀਂ, ਇਹ ਉਨ੍ਹਾਂ ਦਾ ਕਹਿਣਾ ਹੈ।

ਕੁਛ ਪਤਾ ਹੈ, ਇਹ ਮੈਂ ਦੂਜਾ ਨੁਕਤਾ ਬਿਆਨ ਕਰਨ ਲੱਗਾ ਹਾਂ। ਉਨ੍ਹਾਂ ਦਾ ਇਹ ਕਹਿਣਾ ਕਿ ਕਥਨ ਨਹੀਂ ਕਰ ਸਕਦੇ। ਕੁਝ ਇਸ਼ਾਰਾ ਕਰ ਰਿਹਾ ਹੈ, ਕਿਸੇ ਪਾਸੇ ਦਾ ਕੁਛ ਇਸ਼ਾਰਾ ਕਰ ਰਿਹਾ ਹੈ। ਕੋਈ ਖੇਡ ਬਣੀ ਹੈ, ਕੋਈ ਰਸ ਬਣਿਆ ਹੈ। ਇਸ ਤਰ੍ਹਾਂ ਦੇ ਦਾਅਵੇ ਕਰਨ ਵਾਲੇ ਐਹ ਤੁਹਾਡੇ ਲਾਗੇ ਇਕ ਪਿੰਡ ਦੇ ਬੰਦੇ ਨੇ, ਇੱਥੇ ਮੇਰੇ ਕੋਲ ਆ ਕੇ ਤਿੰਨ ਚਾਰ ਦਿਨ ਦਾਅਵਾ ਕੀਤਾ ਤੇ ਕਹਿਣ ਲੱਗਾ, ਮੈਂ ਪਹਿਲੀ ਦਫ਼ਾ ਸਟੇਜ 'ਤੇ ਬ੍ਰਹਮ ਗਿਆਨ ਨੂੰ ਲਿਆਂਦਾ ਹੈ। ਮੈਂ ਕਿਹਾ ਲਿਆਂਦਾ ਹੋਵੇਗਾ, ਪਰ ਅੱਜ ਤਕ ਜਿੰਨੇ ਅਵਤਾਰ ਹੋਏ ਨੇ, ਉਹ ਤਾਂ ਐਵੇਂ ਹੀ ਹੋਏ ਨੇ। ਪਹਿਲੀ ਦਫ਼ਾ ਤੂੰ ਹੀ ਲਿਆਂਦਾ ਹੋਵੇਗਾ। ਇਸ ਤਰ੍ਹਾਂ ਦੇ ਬੰਦੇ ਬਹੁਤਾਤ ਵਿਚ ਮਿਲਦੇ ਨੇ। ਸੂਫ਼ੀ ਕਹਿੰਦੇ ਨੇ:-

ਕਿਸ ਸੇ ਪਤਾ ਪੂਛੇਂ ਮੰਜ਼ਿਲੇ ਜਾਨਾ।
ਜਿਸ ਕੋ ਖ਼ਬਰ ਥੀ ਤੇਰੀ ਵੋ ਬੇ-ਖ਼ਬਰ ਨਿਕਲਾ।

ਗੁਰੂ ਨਾਨਕ ਦੇਵ ਜੀ ਮਹਾਰਾਜ ਕਹਿੰਦੇ ਨੇ:-

ਸੋਈ ਅਜਾਣੁ ਕਹੈ ਮੈ ਜਾਨਾ......॥

(ਅੰਗ ੩੯੨)

ਬਸ ਉਸੇ ਨੂੰ ਅਨਜਾਣ ਸਮਝ ਲਉ, ਜਿਹੜਾ ਕਹਿੰਦਾ ਹੈ ਮੈਂ ਜਾਣ ਲਿਆ ਹੈ। ਮੈਨੂੰ ਪਤਾ ਹੈ, ਮੈਂ ਬ੍ਰਹਮ ਗਿਆਨੀ ਹਾਂ:-

.....ਜਾਨਣਹਾਰੁ ਨ ਛਾਨਾ ਰੇ॥

(ਅੰਗ ੩੮੨)

ਪਰ ਜਿਸ ਨੇ ਜਾਣਿਆ ਹੈ, ਉਹ ਜਾਣਕਾਰਾਂ ਦੀ ਨਿਗਾਹ ਤੋਂ ਛੁਪਿਆ ਨਹੀਂ ਰਹਿ ਸਕਦਾ:-

ਹਰਿ ਕਾ ਭਗਤੁ ਪ੍ਰਗਟ ਨਹੀ ਛਪੈ ॥

(ਅੰਗ ੨੬੫)

ਨਹੀਂ ਛੁਪਦਾ, ਕਿਸੇ ਦੀ ਨਿਗਾਹ ਤੋਂ, ਜਾਨਣ ਵਾਲਿਆਂ ਦੀ ਨਿਗਾਹ ਤੋਂ। ਇਸ ਨੂੰ ਪੰਚਦਸੀ ਦੇ ਕਰਤਾ ਨੇ ਇੰਝ ਲਿਖਿਆ ਹੈ: ਸ਼ਿਸ਼ ਪੁੱਛਦਾ ਹੈ ਸੰਤ ਕੋਲੋਂ, ਉਹ ਪ੍ਰਭੂ ਕੀ ਹੈ, ਉਸ ਦੀ ਵਿਆਖਿਆ ਕਰਕੇ ਦਸੋ। ਬਿਆਨ ਕਰੋ। ਉਸ ਸੰਤ ਨੇ, ਉਸ ਨੂੰ ਇਕ ਬੜਾ ਕੀਮਤੀ ਪੱਥਰ (ਹੀਰਾ) ਦੇ ਦਿੱਤਾ ਤੇ ਉਸ ਨੇ ਆਖਿਆ ਇਹ ਵੇਚ ਕੇ ਆ ਜਾ, ਪਰ ਪਹਿਲੇ ਤੂੰ ਜਿੱਥੇ ਜਿੱਥੇ ਜਾਣਾ ਹੈ, ਮੈਂ ਤੈਨੂੰ ਦੱਸਾਂਗਾ। ਮੇਰੇ ਕੋਲੋਂ ਇਜਾਜ਼ਤ ਲੈ ਕੇ ਜਾਵੀਂ। ਸ਼ਿਸ਼ ਕਹਿਣ ਲੱਗਾ ਠੀਕ ਹੈ, ਤੁਸੀਂ ਮੈਨੂੰ ਦੱਸਦੇ ਜਾਣਾ। ਉਸ ਨੇ ਕਿਹਾ, ਜੋ ਫਲਾਣਾ ਸਬਜ਼ੀ ਵੇਚਦਾ ਹੈ, ਉਸ ਕੋਲ ਲੈ ਜਾਹ। ਉਸ ਨੂੰ ਕਹੀਂ ਮੈਂ ਪੱਥਰ ਵੇਚਣਾ ਹੈ, ਲੈਣਾ ਹਈ। ਦੂਜਾ ਜੋ ਕਪੜੇ ਦੀ ਦੁਕਾਨ ਹੈ ਬਜ਼ਾਜ਼ੀ ਦੀ, ਫਿਰ ਉਸ ਕੋਲ ਲੈ ਜਾਈਂ ਤੇ ਕਹੀਂ ਬਈ ਮੈਂ ਇਹ ਪੱਥਰ ਵੇਚਣਾ ਹੈ, ਮੇਰੇ ਸੰਤ ਨੇ ਭੇਜਿਆ ਹੈ। ਉਹ ਤੈਨੂੰ ਕੀ ਮੁੱਲ ਦਿੰਦਾ ਹੈ, ਸੁਣ ਲਈਂ। ਤੀਸਰਾ ਵੀ ਮੈਂ ਤੈਨੂੰ ਦੱਸ ਦਿਆਂ, ਉਹ ਜਿਹੜਾ ਕਸਾਈ ਹੈ, ਮਾਸ ਵੇਚਦਾ ਹੈ, ਉਸ ਦੇ ਕੋਲ ਚਲਾ ਜਾਈਂ ਅਤੇ ਕਹੀਂ ਇਹ ਮੈਂ ਵੇਚਣਾ ਹੈ, ਕੀ ਦੇਵੇਂਗਾ। ਮੈਨੂੰ ਆ ਕੇ ਦੱਸੀਂ, ਫਿਰ ਫ਼ੈਸਲਾ ਮੈਂ ਕਰਾਂਗਾ ਕਿ ਫਲਾਣੇ ਕੋਲ ਵੇਚਣਾ ਹੈ। ਪਹਿਲੇ ਉਹ ਸਬਜ਼ੀ ਵਾਲੇ ਕੋਲ ਗਿਆ, ਉਸ ਨੇ ਕਹਿ ਦਿੱਤਾ ਮੈਂ ਤੈਨੂੰ ਦੋ ਟਾਈਮ ਦੀ ਸਬਜ਼ੀ ਦੇ ਦਿੰਦਾ ਹਾਂ, ਇੱਥੇ ਰੱਖ ਜਾ ਇਸ ਪੱਥਰ ਨੂੰ। ਕਪੜੇ ਵਾਲੇ ਬਜ਼ਾਜ਼ੀ ਨੇ ਕਹਿ ਦਿੱਤਾ ਮੈਂ ਤੈਨੂੰ ਇਕ ਚੋਲੇ ਦਾ ਕਪੜਾ ਦੇ ਦਿੰਦਾ ਹਾਂ। ਪੱਥਰ ਜ਼ਰਾ ਜਿਹਾ ਚਮਕਦਾ ਪਿਆ ਹੈ, ਠੀਕ ਹੈ, ਇੱਥੇ ਰੱਖ ਜਾ। ਫਿਰ ਉਹ ਕਸਾਈ ਕੋਲ ਚਲਾ ਗਿਆ, ਕਸਾਈ ਕਹਿਣ ਲੱਗਾ ਲੋੜ ਤਾਂ ਨਹੀਂ ਇਸ ਪੱਥਰ ਦੀ, ਪਰ ਤੂੰ ਹੁਣ ਲੈ ਕੇ ਆਇਆ ਹੈਂ ਅਤੇ ਸੰਤ ਨੇ ਤੈਨੂੰ ਭੇਜਿਆ ਹੈ, ਚਲੋ ਇਕ ਡੰਗ ਦਾ ਮਾਸ ਲੈ ਜਾਹ, ਬਸ ਇੰਨਾ ਹੀ। ਉਹ ਵਾਪਸ ਆ ਗਿਆ ਅਤੇ ਇਹ ਸਭ ਕੁਛ ਦੱਸ ਕੇ ਕਹਿਣ ਲੱਗਾ, ਸੰਤ ਜੀ, ਕਿਸ ਦੇ ਕੋਲ ਵੇਚਾਂ। ਇਹ ਤਿੰਨ ਤਰ੍ਹਾਂ ਦੇ ਮੁੱਲ ਦੱਸੇ ਨੇ। ਸੰਤ ਨੇ ਆਖਿਆ ਇਕ ਚੌਥਾ ਵੀ ਹੈ, ਉਸ ਦੇ ਕੋਲ ਚਲਾ ਜਾਹ। ਉਹ ਸੀ ਜੌਹਰੀ। ਸੰਤ ਜੀ ਕਹਿਣ ਲੱਗੇ ਪਰ ਵੇਚੀਂ ਨਾਂਹ, ਮੈਨੂੰ ਆ ਕੇ ਦੱਸੀਂ। ਜੌਹਰੀ ਕੋਲ ਗਿਆ, ਉਸ ਨੇ ਕਿਹਾ ਦਸ ਹਜ਼ਾਰ ਸੋਨੇ ਦੀਆਂ ਮੋਹਰਾਂ ਲੈ ਲੈ, ਪਰ ਮਿੱਤਰਾ ਮੇਰੇ ਕੋਲ ਇਤਨਾ ਹੀ ਧਨ ਹੈ ਅਤੇ ਇਹ ਪੱਥਰ ਇਸ ਧਨ ਤੋਂ ਵੀ ਕੀਮਤੀ ਹੈ। ਜੇ ਤੇਰਾ ਜੀਅ ਕਰੇ ਤਾਂ ਇਹ ਦਸ ਹਜ਼ਾਰ ਮੋਹਰਾਂ ਲੈ ਜਾਹ ਤੇ ਰੱਖ ਜਾਹ, ਪਰ ਇਹ ਇਸ ਦੀ ਕੀਮਤ ਨਹੀਂ ਹੈ, ਕਿਉਂਕਿ ਇਸ ਤੋਂ ਜ਼ਿਆਦਾ ਮੈਂ ਨਹੀਂ ਦੇ ਸਕਦਾ, ਮੇਰੇ ਕੋਲ ਹੈ ਨਹੀਂ। ਉਹ ਸ਼ਿਸ਼ ਦੰਗ ਰਹਿ ਗਿਆ ਅਤੇ ਆ ਕੇ ਸੰਤ ਜੀ ਨੂੰ ਦੱਸਿਆ ਕਿ ਉਸ ਜੌਹਰੀ ਨੇ ਇਸ ਪੱਥਰ ਦਾ ਇਤਨਾ ਮੁੱਲ ਪਾਇਆ

ਹੈ ਅਤੇ ਨਾਲੇ ਕਹਿੰਦਾ ਹੈ ਇਹ ਮੁੱਲ ਨਹੀਂ ਹੈ। ਇੰਝ ਕਹਿੰਦਾ ਹੈ। ਪੰਚਦਸੀ ਨੇ ਇਹ ਬੜੀ ਰਸਦਾਇਕ ਕਹਾਣੀ ਦੱਸੀ ਏ। ਪੰਚਦਸੀ ਦਾ ਕਰਤਾ ਫਿਰ ਲਿਖਦਾ ਹੈ ਕਿ ਸਬਜ਼ੀ ਵੇਚਣ ਵਾਲੇ, ਕਪੜਾ ਵੇਚਣ ਵਾਲੇ, ਮਾਸ ਵੇਚਣ ਵਾਲਿਆਂ ਦੇ ਤਾਂ ਬਾਜ਼ਾਰਾਂ ਦੇ ਬਾਜ਼ਾਰ ਨੇ। ਹੀਰਾ ਕਿਧਰੇ ਕਿਧਰੇ ਵਿਕਦਾ ਹੈ। ਲੰਬੀ ਚੌੜੀ ਮਾਰਕੀਟ ਨਹੀਂ ਹੁੰਦੀ, ਲੰਬੇ ਚੌੜੇ ਬਾਜ਼ਾਰ ਨਹੀਂ ਹੁੰਦੇ। ਹਰ ਜਗ੍ਹਾ ਬ੍ਰਹਮ ਗਿਆਨੀ ਨਹੀਂ ਹੁੰਦਾ ਅਤੇ ਹਰ ਜਗ੍ਹਾ ਬ੍ਰਹਮ ਗਿਆਨੀਆਂ ਨੂੰ ਸਮਝਣ ਵਾਲੇ ਵੀ ਨਹੀਂ ਹੁੰਦੇ:-

ਸੋਈ ਅਜਾਣੁ ਕਹੈ ਮੈ ਜਾਨਾ...... ॥

ਮੈਂ ਜਾਣ ਲਿਆ ਹੈ, ਗੁਰੂ ਨਾਨਕ ਦੇਵ ਜੀ ਕਹਿੰਦੇ ਨੇ, ਮੋਹਰ ਲੱਗ ਗਈ ਕਿ ਇਹ ਅਨਜਾਣ ਹੈ। ਨਹੀਂ ਜਾਣਦਾ। ਮੈਂ ਇਹ ਗੱਲ ਇਸ ਵਾਸਤੇ ਕਹਿ ਰਿਹਾ ਹਾਂ, ਕਿਉਂਕਿ ਅੱਜ ਤਕ ਬਹੁਤ ਸਾਰਿਆਂ ਨੇ ਮੇਰੇ ਅੱਗੇ ਦਾਅਵੇ ਕੀਤੇ ਨੇ ਕਿ ਅਸੀਂ ਬ੍ਰਹਮ ਗਿਆਨੀ ਹਾਂ, ਤੁਸੀਂ ਕੀ ਸਮਝਦੇ ਹੋ ਸਾਨੂੰ। ਇਕ ਤਾਂ ਥੋੜ੍ਹੇ ਦਿਨ ਹੋਏ ਔਖਾ ਹੀ ਹੋ ਗਿਆ। ਕਹਿਣ ਲੱਗਾ ਤੁਸੀਂ ਸ਼ੱਕ ਕਿਉਂ ਕਰਦੇ ਹੋ, ਮੈਂ ਬ੍ਰਹਮ ਗਿਆਨੀ ਹਾਂ। ਮੈਂ ਕਿਹਾ ਨਹੀਂ ਬਾਬਾ ਜੀ, ਮੈਂ ਸ਼ੱਕ ਨਹੀਂ ਕਰਦਾ, ਤੁਸੀਂ ਬ੍ਰਹਮ ਗਿਆਨੀ ਹੋ, ਹੁਣ ਮੇਰਾ ਖਹਿੜਾ ਛੱਡੋ। ਇਹ ਬ੍ਰਹਮ ਗਿਆਨੀ ਸਿਰ ਦਾ ਬੋਝ ਬਣ ਗਿਆ ਹੈ। ਇਸ ਤਰ੍ਹਾਂ ਦੇ ਦਾਅਵੇ ਕਰਨ ਵਾਲੇ ਸੰਸਾਰ ਵਿਚ ਬਹੁਤ ਸਾਰੇ ਨੇ। ਸ੍ਰੀ ੧੦੮, ਸ੍ਰੀ ੧੧੧, ਆਪਣੇ ਨਾਲ ਲਕਬ ਜੋੜਨ ਵਾਲੇ ਬਹੁਤ ਨੇ। ਇਸ ਤਰ੍ਹਾਂ ਦੇ ਔਹਦੇ, ਰੁਤਬੇ, ਉਪਾਧੀਆਂ ਜੋੜਨ ਵਾਲੇ ਮਿਲਣਗੇ, ਪਰ ਮਹਾਰਾਜ ਕਹਿੰਦੇ ਨੇ ਐਨੀਆਂ ਉਪਾਧੀਆਂ ਨਾਲ ਜੋੜਨਾ ਹੀ ਇਸ ਗੱਲ ਦਾ ਸਬੂਤ ਹੈ, ਨਹੀਂ ਜਾਣਦੇ। ਪਰ ਜੋ ਜਾਣਨ ਵਾਲਾ ਹੈ, ਉਸ ਦੀ ਨਿਗਾਹ ਤੋਂ ਛੁਪਿਆ ਨਹੀਂ ਰਹਿੰਦਾ (ਜੋ ਜਾਣਦਾ ਹੈ):-

ਅਨਿਕ ਜਤਨ ਕਰਿ ਹਿਰਦੈ ਰਾਖਿਆ ਰਤਨੁ ਨ ਛਪੈ ਛਪਾਇਆ॥ ੧॥

(ਅੰਗ ੬੫੯)

ਜੌਹਰੀ ਦੀ ਨਿਗਾਹ ਤੋਂ ਰਤਨ ਨਹੀਂ ਛੁਪ ਸਕਦਾ। ਸਬਜ਼ੀ ਵੇਚਣ ਵਾਲੇ ਜਾਂ ਕਸਾਈ ਆਦਿ ਦੀ ਨਿਗਾਹ ਤੋਂ ਛੁਪ ਜਾਏਗਾ। ਬਜ਼ਾਜ਼ੀ ਦੀ ਦੁਕਾਨ ਕਰਨ ਵਾਲੇ ਤੋਂ ਛੁਪ ਜਾਏਗਾ, ਪਰ ਕੋਈ ਜੌਹਰੀ ਪਹਿਚਾਣ ਲਏਗਾ। ਜੌਹਰੀ ਹਰ ਜਗ੍ਹਾ ਨਹੀਂ ਹੁੰਦੇ। ਕਪੜੇ ਦੀ ਪਰਖ ਕਰਨ ਵਾਲੇ, ਸਬਜ਼ੀ ਦੀ ਪਰਖ ਕਰਨ ਵਾਲੇ, ਮਾਸ ਦੀ ਪਰਖ ਕਰਨ ਵਾਲੇ ਹਰ ਜਗ੍ਹਾ ਹੁੰਦੇ ਨੇ। ਹੀਰੇ ਦੀ ਪਰਖ ਕਰਨ ਵਾਲੇ ਹਰ ਜਗ੍ਹਾ ਨਹੀਂ ਹੁੰਦੇ।

ਉਸੇ ਨੂੰ ਅਨਜਾਣ ਸਮਝ ਲਉ, ਜਿਹੜਾ ਦਾਅਵੇ ਕਰੇ ਕਿ ਮੈਂ ਜਾਣਦਾ ਹਾਂ। ਇਹ ਬਹੁਤ ਵੱਡੀ ਗੱਲ ਜਗਤ ਗੁਰੂ ਬਾਬੇ ਨਾਨਕ ਨੇ ਆਖ ਦਿੱਤੀ ਹੈ। ਸੂਫ਼ੀ ਇਸ ਨੂੰ ਇਸ ਤਰ੍ਹਾਂ ਬਿਆਨ ਕਰਦੇ ਨੇ:-

ਕਿਸ ਸੇ ਪਤਾ ਪੂਛੇਂ ਮੰਜ਼ਲੇ ਜਾਨਾ।

ਐਹ ਮੇਰੇ ਖ਼ੁਦਾ ਤੇਰੀ ਖ਼ਬਰ, ਕਿਸ ਕੋਲੋਂ ਪੁੱਛੀਏ। ਤੇਰੇ ਨਾਲ ਜੁੜਨਾ ਤੇ ਚਾਹੁੰਦੇ

ਹਾਂ, ਰਸ ਮਾਨਣਾ ਚਾਹੁੰਦੇ ਹਾਂ। ਤੇਰਾ ਪਿਆਰ ਤਾਂ ਬੜਾ ਜਾਗਿਆ ਹੈ, ਪਰ ਪੁੱਛੀਏ ਕਿਸ ਕੋਲੋਂ:-

ਜਿਸ ਕੋ ਖ਼ਬਰ ਥੀ ਤੇਰੀ ਵੋਹ ਬੇਖ਼ਬਰ ਮਿਲਾ।

ਜੋ ਤੇਰੇ ਵਿਚ ਲੀਨ ਸੀ, ਉਹ ਤਾਂ ਕੁਝ ਕਹਿਣ ਜੋਗਾ ਹੀ ਨਹੀਂ। ਕਹਿੰਦਾ ਸੀ ਨੇਤੀ, ਨੇਤੀ, ਨੇਤੀ। ਇਹ ਵੀ ਨਹੀਂ, ਜੋ ਮੈਂ ਦੇਖਿਆ ਇਹ ਵੀ ਨਹੀਂ। ਜੋ ਮੈਂ ਬਿਆਨ ਕੀਤਾ ਹੈ, ਇਹ ਵੀ ਨਹੀਂ। ਜੋ ਮੈਂ ਸਮਝਿਆ ਹੈ, ਇਹ ਵੀ ਨਹੀਂ। ਮੇਰੀ ਸਮਝ ਦੀ ਸੀਮਾ ਹੈ, ਮੇਰੇ ਬਿਆਨ ਦੀ ਸੀਮਾ ਹੈ, ਮੇਰੇ ਸੁਣਨ ਦੀ ਸੀਮਾ ਹੈ:-

ਕਿਆ ਹਉ ਕਥੀ ਕਥੇ ਕਥਿ ਦੇਖਾ ਮੈ ਅਕਥੁ ਨ ਕਥਨਾ ਜਾਈ॥

(ਅੰਗ ੭੯੫)

ਐਸਾ ਨਹੀਂ ਕਿ ਮੈਂ ਕਥਨ ਨਹੀਂ ਕੀਤਾ। ਕੀਤਾ ਹੈ। ਕਥਨ ਕਰ ਕਰ ਕੇ ਪਤਾ ਚਲਿਆ ਹੈ ਕਿ ਅਕੱਥ ਹੈ। ਨਹੀਂ ਕਹਿ ਸਕਦੇ। ਸ਼ਬਦ ਦਾ ਜੋ ਸਾਰੰਸ਼ ਸੀ, ਉਹ ਤੁੱਛ ਬੁੱਧੀ ਅਨੁਸਾਰ ਕਿਹਾ ਹੈ। ਅੱਗੇ ਅੱਖਰੀ ਅਰਥ:-

ਊਚਾ ਅਗਮ ਅਪਾਰ ਪ੍ਰਭੁ ਕਥਨੁ ਨ ਜਾਇ ਅਕਥੁ॥

ਜੋ ਅਗੰਮ ਹੈ, ਇੰਦਰਿਆਂ ਦੀ ਪਹੁੰਚ ਤੋਂ ਪਰ੍ਹੇ ਹੈ। ਜੋ ਉੱਚਾ ਹੈ, ਸੋਚ ਤੋਂ ਵੀ ਉੱਚਾ ਹੈ। ਓਥੋਂ ਤਕ ਕਲਪਨਾ ਵੀ ਨਹੀਂ ਜਾਂਦੀ ਅਤੇ ਸੋਚ ਵੀ ਨਹੀਂ। ਓਥੋਂ ਤਕ ਤਖ਼ਯੀਅਲ ਵੀ ਨਹੀਂ ਜਾਂਦਾ। ਤਖ਼ਯੀਅਲ ਦੀ ਵੀ ਸੀਮਾ ਹੈ, ਸੋਚ ਦੀ ਵੀ ਸੀਮਾ ਹੈ, ਕਲਪਨਾ ਦੀ ਵੀ ਸੀਮਾ ਹੈ। ਉਹ ਉਸ ਤੋਂ ਵੀ ਉੱਚਾ ਹੈ। ਫਿਰ ਮਹਾਰਾਜ ਕਹਿੰਦੇ ਨੇ, **ਕਥਨੁ ਨ ਜਾਇ ਅਕਥੁ॥** ਬਿਆਨ ਵੀ ਨਹੀਂ ਕੀਤਾ ਜਾ ਸਕਦਾ।

ਨਾਨਕ ਪ੍ਰਭ ਸਰਣਾਗਤੀ ਰਾਖਨ ਕਉ ਸਮਰਥੁ॥ ੧॥

ਜੋ ਸਾਰਿਆਂ ਦੀ ਪ੍ਰਤਿਪਾਲਣਾ ਤੇ ਰੱਖਿਆ ਕਰਨ ਦੇ ਸਮਰੱਥ ਹੈ, ਬਸ ਮੈਂ ਉਸ ਦੀ ਸ਼ਰਨ ਵਿਚ ਹਾਂ, ਮੈਂ ਉਸ ਨੂੰ ਬੰਦਨਾ ਕਰਦਾ ਹਾਂ।

ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ॥

ਹੇ ਪ੍ਰਭੂ! ਅਸੀਂ ਤੇਰੀ ਸ਼ਰਨ ਵਿਚ ਆ ਗਏ ਹਾਂ। ਤੈਨੂੰ ਆਪਣਾ ਆਪ ਅਰਪਣ ਕਰ ਦਿੱਤਾ ਹੈ। ਹੁਣ ਜਿਵੇਂ ਤੈਨੂੰ ਭਾਉਂਦਾ ਹੈ, ਤਿਵੇਂ ਤੂੰ ਰੱਖ ਲੈ। ਜਿੱਥੇ ਤੂੰ ਰੱਖਦਾ ਹੈਂ, ਓਥੇ ਹੀ ਰੱਖ ਲੈ। ਜਿਵੇਂ ਤੂੰ ਰੱਖਦਾ ਹੈਂ, ਉਸ ਤਰ੍ਹਾਂ ਰੱਖ ਲੈ।

ਕੇਤੇ ਗਨਉ ਅਸੰਖ ਅਵਗਣ ਮੇਰਿਆ॥

ਅਸੰਖ (ਸੰਖ ਇਕ ਹਿੰਦਸਾ ਹੈ) ਜਿਸ ਦੀ ਸੰਖਿਆ ਨਹੀਂ ਹੋ ਸਕਦੀ, ਜਿਸ ਦੀ ਗਿਣਤੀ ਨਹੀਂ ਹੋ ਸਕਦੀ। ਹੇ ਪ੍ਰਭੂ! ਇਤਨੇ ਅਉਗੁਣ ਨੇ ਕਿ ਗਿਣਤੀ ਨਹੀਂ ਹੋ ਸਕਦੀ।

ਮੈਂ ਕਿੱਥੋਂ ਤਕ ਗਿਣਾਂ। ਤੇਰੇ ਗੁਣ ਬੇਅੰਤ ਨੇ, ਮੇਰੇ ਅਉਗੁਣ ਬੇਅੰਤ ਨੇ। ਬਸ ਪ੍ਰਾਰਥਨਾ ਹੈ ਕਿ ਮੈਨੂੰ ਰੱਖ ਲੈ, ਜਿਥੇ ਤੈਨੂੰ ਭਾਉਂਦਾ ਹੈ, ਓਵੇਂ ਰੱਖ ਲੈ। ਕੋਈ ਗੁਣ ਨਹੀਂ ਕਿ ਮੈਂ ਆਖਾਂ ਮੇਰੇ ਕੋਲ ਇਹ ਹੈ। ਸੰਸਾਰ ਵਿਚ ਕਿਧਰੇ ਮਨੁੱਖ ਕੰਮ ਦੀ ਤਲਾਸ਼ ਵਾਸਤੇ ਜਾਏ ਤਾਂ ਇੰਨਟਰਵਿਊ (Interview) ਵਿਚ ਆਪਣੇ ਗੁਣ ਦੱਸਣੇ ਪੈਂਦੇ ਨੇ। ਆਪਣੀ ਲਿਆਕਤ ਦੱਸਣੀ ਪੈਂਦੀ ਹੈ। ਆਪਣੀ ਲਿਆਕਤ ਦੇ ਸਰਟੀਫ਼ੀਕੇਟ (Certificate) ਵੀ ਦਿਖਾਉਣੇ ਪੈਂਦੇ ਨੇ। ਸਭ ਦੱਸਣਾ ਪੈਂਦਾ ਹੈ। ਐਨੀ ਮੇਰੀ ਲਿਆਕਤ ਹੈ, ਇਤਨਾ ਮੈਂ ਪੜ੍ਹਿਆ ਲਿਖਿਆ ਹਾਂ। ਇਸ ਦੇ ਇਹ ਪਰੂਫ਼ (Proof) ਨੇ। ਜੈਸੇ ਹੀ ਉਹ ਇੰਨਟਰਵਿਊ ਵਿਚ ਪਾਸ ਹੋ ਜਾਏ ਤਾਂ ਕੰਮ ਮਿਲ ਜਾਂਦਾ ਹੈ। ਭਾਵ ਜਿਤਨੀ ਲਿਆਕਤ ਦਾ ਮਨੁੱਖ ਚਾਹੀਦਾ ਹੈ, ਉਸ ਦੇ ਮੁਤਾਬਿਕ ਉਸ ਕੋਲ ਸਰਟੀਫ਼ੀਕੇਟ ਹੋਣੇ ਚਾਹੀਦੇ ਨੇ। ਸਾਡੇ ਦੇਸ਼ ਵਿਚ ਤਾਂ ਸਿਫ਼ਾਰਸ਼ ਹੋਵੇ ਤਾਂ ਵੀ ਖੇਡ ਬਣ ਜਾਂਦੀ ਹੈ।

ਇੱਥੇ ਜਿਹੜਾ ਪਰਮਾਤਮਾ ਦੇ ਅੱਗੇ ਗੁਣਾਂ ਦਾ ਦਾਅਵਾ ਕਰੇ, ਇਸ ਤਰ੍ਹਾਂ ਦਾ ਧਾਰਮਿਕ ਇਤਿਹਾਸ ਵਿਚ, ਇਕੋ ਮਨੁੱਖ ਮਿਲਦਾ ਹੈ। ਮਿਸਰ ਦਾ ਇਕ ਆਜੜੀ ਅਯਾਲੀ। ਉਹ ਕਿਤੇ ਇਬਾਦਤਗਾਹ ਦੇ ਕੋਲੋਂ ਲੰਘਿਆ ਅਤੇ ਜਿਹੜਾ ਇਬਾਦਤਗਾਹ ਵਿਚ ਖ਼ੁਦਾ ਦੀ ਵਿਆਖਿਆ ਕਰ ਰਿਹਾ ਸੀ, ਉਹ ਕਹਿ ਰਿਹਾ ਸੀ 'ਖ਼ੁਦਾ ਲਾ-ਸ਼ਰੀਕ ਹੈ'। ਉਸ ਦਾ ਕੋਈ ਸ਼ਰੀਕ ਨਹੀਂ। ਉਹ ਲਾ-ਮਕਾਨ ਹੈ। ਉਸ ਦਾ ਕੋਈ ਥਾਂ ਟਿਕਾਣਾ ਨਹੀਂ। ਜਿਸ ਤਰ੍ਹਾਂ ਕਲਗੀਧਾਰ ਪਾਤਸ਼ਾਹ ਕਹਿੰਦੇ ਨੇ:-

ਅਨਾਮ ਹੈਂ॥ ਅਠਾਮ ਹੈਂ॥ (ਜਾਪੁ ਸਾਹਿਬ)

ਉਹ ਵਿਚਾਰਾ ਅੱਯਾਲੀ ਯਤੀਮ ਬੱਚਾ ਸੀ। ਉਸ ਦੇ ਮਾਂ ਬਾਪ ਨਹੀਂ ਸਨ। ਜਵਾਨੀ ਵਿਚ ਉਸ ਨੇ ਕਦਮ ਰਖਿਆ ਹੀ ਸੀ। ਤੀਹ ਚਾਲੀ ਭੇਡਾਂ ਉਸ ਦੇ ਕੋਲ ਸਨ। ਓਥੋਂ ਆ ਕੇ ਅੱਜ ਪਹਿਲੀ ਦਫ਼ਾ ਪ੍ਰਾਰਥਨਾ ਕਰਨ ਲੱਗਾ। ਜਿਵੇਂ ਸੁਣ ਕੇ ਆਇਆ ਸੀ, ਕਹਿੰਦਾ ਹੈ ਹੇ ਖ਼ੁਦਾ! ਤੂੰ ਲਾ-ਮਕਾਨ ਹੈਂ। ਤੇਰੇ ਕੋਲ ਮਕਾਨ ਕੋਈ ਨਹੀਂ। ਆਪਣੇ ਕੋਲ ਵੀ ਕੋਈ ਨਹੀਂ। ਰੁੱਖਾਂ ਥੱਲੇ ਹੀ ਰਹਿੰਦਾ ਹਾਂ। ਤੂੰ ਲਾ-ਸ਼ਰੀਕ ਹੈਂ। ਆਪਣੀ ਵੀ ਕਿਸੇ ਨਾਲ ਕੋਈ ਭਾਈਬੰਦੀ ਨਹੀਂ। ਆਪਣਾ ਵੀ ਕੋਈ ਸ਼ਰੀਕ ਨਹੀਂ। ਤੂੰ ਵੀ ਯਤੀਮ ਹੈਂ ਅਤੇ ਮੈਂ ਵੀ ਯਤੀਮ ਹਾਂ। ਤੇਰੇ ਵੀ ਕੋਈ ਮਾਂ ਬਾਪ ਨਹੀਂ, ਮੇਰੇ ਵੀ ਕੋਈ ਮਾਂ ਬਾਪ ਨਹੀਂ। ਇਸ ਹਿਸਾਬ ਨਾਲ ਮੇਰੀ ਤੇਰੀ ਬਰਾਬਰੀ ਹੈ। ਪਤਾ ਹੈ ਦੋਸਤੀ ਕਿੱਥੇ ਹੁੰਦੀ ਹੈ? ਦੋਸਤੀ ਬਰਾਬਰੀ ਦੇ ਤਲ 'ਤੇ ਹੁੰਦੀ ਹੈ। ਇਕ ਕ੍ਰੋਧੀ ਹੈ, ਇਕ ਸ਼ਾਂਤਮਈ ਹੈ। ਦੋਸਤੀ ਨਹੀਂ ਚਲੇਗੀ। ਕੇਵਲ ਦੋ ਦਿਨ ਦਾ ਸੰਗ ਹੋਵੇਗਾ। ਇਕ ਮੂਰਖ ਹੈ, ਇਕ ਸਿਆਣਾ ਹੈ। ਲੰਬੀ ਦੋਸਤੀ ਨਹੀਂ ਚਲ ਸਕਦੀ। ਇਕ ਦਿਆਲੂ ਹੈ, ਇਕ ਕਠੋਰ ਹੈ। ਬੜਾ ਮੁਸ਼ਕਿਲ ਹੈ ਕਿ ਦੋਸਤੀ ਚਲ ਸਕੇ। ਹਾਂ ਦੋਸਤੀ ਹੋ ਸਕਦੀ ਹੈ ਜਾਂ ਤਾਂ ਕਠੋਰ ਨੂੰ ਦਿਆਲੂ ਬਣਾਉ ਜਾਂ ਦਿਆਲੂ ਕਠੋਰ ਬਣੇ। ਸਿਆਣੇ ਨੂੰ ਮੂਰਖ ਬਣਾਉ ਜਾਂ ਮੂਰਖ ਨੂੰ ਸਿਆਣਾ ਬਣਾਉ ਤਾਂ ਦੋਸਤੀ ਹੋ ਜਾਂਦੀ ਹੈ। ਦੋਸਤੀ ਤਾਂ ਹੁੰਦੀ ਹੈ ਜਾਂ ਤੇ ਦੂਜੇ ਨੂੰ ਆਪਣੇ ਵਰਗਾ ਬਣਾਉ ਜਾਂ ਦੂਸਰੇ ਵਰਗੇ ਬਣ ਜਾਉ।

ਇਹ ਅੱਯਾਲੀ ਕਹਿਣ ਲਗਾ, ਹੇ ਖ਼ੁਦਾ! ਤੂੰ ਤਾਂ ਮੇਰੇ ਵਰਗਾ ਹੈਂ। ਤੇਰੇ ਮੇਰੇ ਵਿਚ ਕੋਈ ਫ਼ਰਕ ਨਹੀਂ, ਪਰ ਇਕ ਗੱਲ ਹੈ, ਮੇਰੇ ਕੋਲ ਕੁਝ ਹੈ। ਉਸ ਤੇਰੀ ਵਿਆਖਿਆ ਕਰ ਰਹੇ ਵਾਇਜ਼ ਨੇ ਇਹ ਨਹੀਂ ਦਸਿਆ ਕਿ ਤੇਰੇ ਕੋਲ ਭੇਡਾਂ ਹਨ ਕਿ ਨਹੀਂ, ਪਰ ਮੇਰੇ ਕੋਲ ਤਾਂ ਚਾਲੀ ਭੇਡਾਂ ਹਨ। ਤੂੰ ਮੇਰੇ ਨਾਲ ਦੋਸਤੀ ਪਾ ਲਵੇਂ ਤਾਂ ਮੈਂ ਤੈਨੂੰ ਦੋਵੇਂ ਵਕਤ ਭੇਡਾਂ ਦਾ ਦੁੱਧ ਪਿਲਾਵਾਂਗਾ। ਭੇਡਾਂ ਦੀ ਉੱਨ ਨਾਲ ਤੈਨੂੰ ਸਰਦੀਆਂ ਵਿਚ ਇਕ ਚੋਲਾ ਵੀ ਬਣਾ ਦੇਵਾਂਗਾ। ਤੈਨੂੰ ਫਿਰ ਠੰਡ ਨਹੀਂ ਲਗੇਗੀ। ਐ ਖ਼ੁਦਾ! ਮੇਰੀਆਂ ਹੋਰ ਖ਼ੂਬੀਆਂ ਵੀ ਸੁਣ ਲੈ, ਮੈਨੂੰ ਕੁਛ ਜੜੀ ਬੂਟੀਆਂ ਦਾ ਵੀ ਗਿਆਨ ਹੈ। ਜਿਸ ਦਿਨ ਤੈਨੂੰ ਬੁਖ਼ਾਰ ਚੜ੍ਹੇਗਾ, ਆਪਾਂ ਦੂਰ ਕਰ ਦਿਆਂਗੇ। ਤੂੰ ਵੀ ਯਤੀਮ ਹੈਂ, ਇਸ ਲਈ ਤੇਰੇ ਸਿਰ ਵਿਚ ਜੂੰਆਂ ਵੀ ਪੈ ਜਾਂਦੀਆਂ ਹੋਣਗੀਆਂ। ਆਪਾਂ ਕੱਢ ਦਿਆਂਗੇ। ਇਸ ਤਰ੍ਹਾਂ ਮੌਲਾਨਾ ਰੋਮ ਨੇ ਇਹ ਸਾਰਾ ਕੁਝ ਲਿਖਿਆ ਹੈ। ਹੇ ਖ਼ੁਦਾ! ਮੈਨੂੰ ਮੁੱਠੀ-ਚਾਪੀ ਕਰਨ ਦੀ ਬੜੀ ਸੋਹਣੀ ਜਾਚ ਹੈ। ਤੂੰ ਥੱਕ ਜਾਇਆ ਕਰੇਂਗਾ। ਆਪਾਂ ਤੇਰੀ ਮੁੱਠੀ-ਚਾਪੀ ਕਰਕੇ ਤੇਰੀ ਥਕਾਨ ਲਾਹ ਦਿਆ ਕਰਾਂਗੇ। ਉਸ ਵਾਇਜ਼ ਨੇ ਇਹ ਨਹੀਂ ਦੱਸਿਆ ਕਿ ਤੇਰੇ ਵਿਚ ਇਹ ਖ਼ੂਬੀਆਂ ਹਨ ਕਿ ਨਹੀਂ। ਸਾਡੇ ਕੋਲ ਇਹ ਖ਼ੂਬੀਆਂ ਹੈਗੀਆਂ ਨੇ। ਸਾਡੇ ਕੋਲ ਇਹ ਗੁਣ ਹੈਗੇ ਨੇ। ਪਤਾ ਹੈ ਧਾਰਮਿਕ ਇਤਿਹਾਸਕਾਰ ਕੀ ਕਹਿੰਦੇ ਨੇ ਕਿ ਇਕੋ ਹੀ ਇਸ ਭੋਲੇ ਮਨੁੱਖ ਨੇ, ਅੱਯਾਲੀ ਨੇ ਰੱਬ ਦੇ ਅੱਗੇ ਆਪਣੇ ਗੁਣ ਰੱਖੇ ਨੇ, ਔਗੁਣ ਨਹੀਂ। ਮੈਂ ਤੇਰੀਆਂ ਜੂੰਆਂ ਕੱਢ ਦਿਆਂਗਾ, ਮੈਂ ਤੇਰਾ ਬੁਖ਼ਾਰ ਲਾਹ ਦਿਆਂਗਾ। ਦੋਵੇਂ ਵਕਤ ਤੈਨੂੰ ਦੁੱਧ ਪਿਆਵਾਂਗਾ ਔਰ ਖ਼ੁਦਾ ਪਤਾ ਨਹੀਂ ਤੇਰੇ ਕੋਲ ਪੈਸੇ ਹੈਗੇ ਕਿ ਨਹੀਂ। ਆਪਾਂ ਦੁੱਧ ਵੇਚ ਲੈਂਦੇ ਹਾਂ, ਚਾਰ ਕੌਡੀਆਂ ਵੀ ਸਾਡੇ ਕੋਲ ਹੁੰਦੀਆਂ ਨੇ। ਦੋਵੇਂ ਵਕਤ ਤੈਨੂੰ ਬਾਜਰੇ ਦੀਆਂ ਦੋ ਰੋਟੀਆਂ ਬਣਾ ਕੇ ਖਿਲਾਵਾਂਗਾ। ਇੰਝ ਆਪਣੀਆਂ ਖ਼ੂਬੀਆਂ ਦੱਸਦਾ ਪਿਆ ਸੀ। ਕਹਿੰਦੇ ਨੇ, ਉਸ ਵਕਤ ਹਜ਼ਰਤ ਮੂਸਾ ਕੋਲੋਂ ਦੀ ਲੰਘ ਰਹੇ ਸਨ। ਉਨ੍ਹਾਂ ਨੇ ਜਦ ਸੁਣਿਆ ਕਿ ਖ਼ੁਦਾ ਨੂੰ ਬੜੀ ਤਾੜਨਾ ਕੀਤੀ ਹੈ ਤਾਂ ਉਹ ਉਸ ਆਯਾਲੀ ਨੂੰ ਗੁੱਸੇ ਹੋਏ। ਇਤਿਹਾਸ ਵਿਚ ਤਾਂ ਇੱਥੋਂ ਤਕ ਲਿਖਿਆ ਹੈ ਕਿ ਹਜ਼ਰਤ ਮੂਸਾ ਨੇ ਅੱਯਾਲੀ ਨੂੰ ਦੋ ਥੱਪੜ ਵੀ ਮਾਰੇ ਕਿ ਤੂੰ ਖ਼ੁਦਾ ਨੂੰ ਕਹਿੰਦਾ ਪਿਆ ਹੈਂ ਕਿ ਜੇ ਤੇਰੇ ਜੂੰਆਂ ਪੈ ਜਾਣ ਤੇ ਮੈਂ ਕੱਢਾਂਗਾ, ਤੈਨੂੰ ਦੁੱਧ ਪਿਲਾਵਾਂਗਾ, ਤੇਰਾ ਬੁਖ਼ਾਰ ਉਤਾਰਾਂਗਾ। ਤੂੰ ਉਸ ਨੂੰ ਯਤੀਮ ਕਹੀ ਜਾਂਦਾ ਹੈਂ। ਦੋ ਥੱਪੜ ਮਾਰ ਕੇ ਉਸ ਨੂੰ ਕਿਹਾ ਕਿ ਢੰਗ ਦੀ ਦੁਆ ਕਰਿਆ ਕਰ। ਪਹਿਲੇ ਸਿਖ ਲੈ। ਇਹ ਕਹਿ ਕੇ ਹਜ਼ਰਤ ਮੂਸਾ ਕੋਹਤੂਰ ਦੇ ਪਹਾੜ 'ਤੇ ਚਲੇ ਗਏ।

ਅੱਯਾਲੀ ਰੋਣ ਲੱਗ ਪਿਆ, ਕਹਿੰਦਾ ਹੈ ਹੇ ਖ਼ੁਦਾ! ਇਕੋ ਤਾਂ ਤੂੰ ਸੀ ਜੋ ਮੇਰੇ ਵਰਗਾ, ਪਰ ਇਹ ਹਜ਼ਰਤ ਕਹਿੰਦਾ ਹੈ ਕਿ ਤੂੰ ਮੇਰੇ ਵਰਗਾ ਨਹੀਂ ਹੈਂ। ਸਾਡਾ ਤਾਂ ਦਿਲ ਹੀ ਟੁੱਟ ਗਿਆ। ਇਕ ਉਮੀਦ ਬਣੀ ਸੀ, ਉਹ ਵੀ ਗਈ। ਭਾਵੇਂ ਤੂੰ ਆਇਆ ਤਾਂ ਕੋਈ ਨਹੀਂ, ਪਰ ਤੇਰੇ ਨਾਲ ਦੋਸਤੀ ਪਾ ਕੇ ਖ਼ੁਸ਼ੀ ਬਹੁਤ ਮਿਲੀ। ਅਸਲ ਵਿਚ, ਕਿਉਂਕਿ ਯਾਦ ਜੋ ਉਸ ਦੀ ਸੀ, ਇਸ ਕਰਕੇ ਅੱਯਾਲੀ ਦੇ ਮਨ ਵਿਚ, ਕੁਛ ਅਨੰਦ ਬਣ ਗਿਆ। ਭਾਵੇਂ ਤੂੰ ਮਿਲਿਆ ਤਾਂ ਨਹੀਂ, ਪਰ ਤੇਰੇ ਅੱਗੇ ਜਦੋਂ ਮੈਂ ਫ਼ਰਿਆਦ ਕੀਤੀ, ਦੁਆ ਕੀਤੀ, ਅਨੰਦ ਬੜਾ ਆਇਆ। ਰਸ ਬੜਾ ਆਇਆ, ਸਕੂਨ ਬੜਾ ਮਿਲਿਆ, ਸ਼ਾਂਤੀ ਬੜੀ ਮਿਲੀ ਹੈ। ਹੁਣ ਮੈਂ ਕੀ ਕਰਾਂ, ਇਹ ਹਜ਼ਰਤ ਕਹਿੰਦਾ ਹੈ ਕਿ ਤੂੰ ਮੇਰੇ ਵਰਗਾ ਨਹੀਂ। ਓਧਰ ਕੋਹਤੂਰ

ਦੇ ਉੱਤੇ ਅੱਜ ਰਾਤ ਨੂੰ ਜੈਸੇ ਹੀ ਮੂਸਾ ਬੈਠਾ ਹੈ, ਮਨ ਨਹੀਂ ਜੁੜਦਾ। ਅੱਧੀ ਰਾਤ ਤਕ ਤੜਪਦਾ ਰਿਹਾ। ਫਿਰ ਉਸ ਨੇ ਫ਼ਰਿਆਦ ਕੀਤੀ, ਹੇ ਖ਼ੁਦਾ! ਮੇਰੇ ਕੋਲੋਂ ਕੀ ਹੋ ਗਿਆ ਹੈ, ਅੱਜ ਮੇਰਾ ਮਨ ਤੇਰੇ ਨਾਲ ਕਿਉਂ ਨਹੀਂ ਜੁੜ ਰਿਹਾ? ਕਹਿੰਦੇ ਨੇ, ਉਦੋਂ ਇਲਹਾਮ ਹੋਇਆ, ਨਹੀਂ ਜੁੜ ਸਕੇਗਾ। ਅੱਜ ਤੂੰ ਇੱਕ ਜੁੜੇ ਹੋਏ ਨੂੰ ਤੋੜ ਕੇ ਆਇਆ ਹੈਂ।

ਤੂੰ ਬਰਾਏ ਵਸਲ ਕਰਦਨ ਆਮਦੀ।
ਨਿ ਬਰਾਏ ਫ਼ਸਲ ਕਰਦਨ ਆਮਦੀ।

ਉਹ ਜੋ ਇਲਹਾਮ ਹੋਇਆ, ਮੌਲਾਨਾ ਰੋਮ ਲਿਖਦੇ ਨੇ, ਤੈਨੂੰ ਮੈਂ ਦੁਨੀਆ ਵਿਚ ਭੇਜਿਆ ਸੀ ਜੋੜਨ ਵਾਸਤੇ। ਤੂੰ ਤਾਂ ਤੋੜ ਕੇ ਆ ਗਿਆ ਹੈਂ। ਉਹ ਮੇਰੇ ਅੱਗੇ ਆਪਣੇ ਗੁਣ ਰੱਖ ਰਿਹਾ ਸੀ, ਪਰ ਸੀ ਬੜਾ ਭੋਲਾ। ਬੜਾ ਪਵਿੱਤਰ। ਜਿਹੜੇ ਮੇਰੇ ਅੱਗੇ ਮੇਰੇ ਗੁਣ ਰੱਖ ਦੇਣ ਬੜੇ ਚਾਲਾਕ ਨੇ ਤੇ ਬੜੇ ਦੁਸ਼ਟ ਨੇ। ਜੋ ਮੇਰੇ ਗੁਣਾਂ ਦਾ ਜ਼ਿਕਰ ਕਰਦੇ ਨੇ ਬੜੇ ਚਾਲਾਕ ਦੇਖੇ ਨੇ ਮੈਂ, ਬੜੇ ਦੁਸ਼ਟ ਦੇਖੇ ਨੇ। ਭਾਵੇਂ ਉਹ ਆਪਣੇ ਗੁਣਾਂ ਦਾ ਜ਼ਿਕਰ ਪਿਆ ਕਰਦਾ ਸੀ, ਪਰ ਸੀ ਬੜਾ ਭੋਲਾ, ਬੜਾ ਪਾਵਨ, ਬੜਾ ਪਵਿੱਤਰ ਸੀ। ਪਰਮਾਤਮਾ ਦੀ ਪਹੁੰਚ ਨੀਅਤ ਤਕ ਹੈ, ਭਾਵਨਾ ਤਕ ਹੈ। ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਫ਼ਰਮਾਨ ਕਰਦੇ ਨੇ, ਉਹ ਇਤਨਾ ਉੱਚਾ ਹੈ, ਇਤਨਾ ਅਗੰਮ ਹੈ। ਉਹ ਇਤਨਾ ਮਹਾਨ ਹੈ, ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਵਾਸਤੇ ਅਸੀਂ ਉਸ ਦੀ ਸ਼ਰਨ ਵਿਚ ਗਏ ਹਾਂ। ਉਹ ਪ੍ਰਤਿਪਾਲਨਾ ਕਰਦਾ ਹੈ। ਸ਼ਰਨ ਗਏ ਦੀ ਲਾਜ ਰਖਦਾ ਹੈ ਅਤੇ ਆਪਣੇ ਗਲ ਨਾਲ ਲਾਉਂਦਾ ਹੈ।

ਅਸੰਖ ਅਵਗਣ ਖਤੇ ਫੇਰੇ ਨਿਤਪ੍ਰਤਿ ਸਦ ਭੂਲੀਐ॥

ਹੇ ਪ੍ਰਭੂ! ਐਸਾ ਨਹੀਂ ਕਿ ਅਨਗਿਣਤ ਔਗੁਣ ਨੇ ਤੇ ਉਹ ਹੁਣ ਛੱਡ ਦਿੱਤੇ ਨੇ, ਨਹੀਂ ਰੋਜ਼ ਭੁਲਦੇ ਹਾਂ:-

ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥ (ਅੰਗ ੨੬੧)

ਬਾਰ ਬਾਰ ਉਨ੍ਹਾਂ ਨੂੰ ਰੀਪੀਟ (Repeat) ਕਰਦੇ ਹਾਂ, ਔਗੁਣਾਂ ਨੂੰ ਰੀਪੀਟ ਕਰਦੇ ਹਾਂ, ਬਾਰ ਬਾਰ ਭੁਲਦੇ ਹਾਂ। ਹੇ ਪ੍ਰਭੂ! ਇਕ ਦਫ਼ਾ ਇਕ ਔਗੁਣ ਨਹੀਂ ਬਲਕਿ ਬਾਰ ਬਾਰ ਭੁਲਦੇ ਹਾਂ:-

ਭੋਲਾਵੜੈ ਭੁਲੀ ਭੁਲਿ ਭੁਲਿ ਪਛੋਤਾਣੀ॥ (ਅੰਗ ੧੧੧੧)

ਔਗੁਣ ਕਰਦੇ ਹਾਂ, ਪਛਤਾਉਂਦੇ ਹਾਂ। ਬਾਰ ਬਾਰ ਕਰਦੇ ਹਾਂ, ਫਿਰ ਪਛਤਾਉਂਦੇ ਹਾਂ ਬਈ ਕਿਉਂ ਕੀਤੇ:-

ਮੋਹ ਮਗਨ ਬਿਕਰਾਲ ਮਾਇਆ ਤਉ ਪ੍ਰਸਾਦੀ ਘੂਲੀਐ॥

ਇਹ ਜੋ ਮਾਇਆ ਦਾ ਭਿਅੰਕਰ ਰੋਗ ਹੈ, ਇਸ ਦੇ ਨਾਲ ਤੇਰੀ ਕਿਰਪਾ ਨਾਲ ਘੋਲ

ਪਾਇਆ ਹੈ, ਭਾਵ ਇਸ ਦੇ ਨਾਲ ਯੁੱਧ ਕੀਤਾ ਹੈ। ਇਸ ਨੂੰ ਕਾਬੂ ਕੀਤਾ ਹੈ। ਇਹ ਤੇਰੀ ਕਿਰਪਾ ਨਾਲ ਹੀ ਹੋ ਸਕਿਆ ਹੈ, ਤੇਰੀ ਬਖ਼ਸ਼ਿਸ਼ ਨਾਲ ਹੀ ਹੋ ਸਕਦਾ ਸੀ।

ਲੂਕ ਕਰਤ ਬਿਕਾਰ ਬਿਖੜੇ ਪ੍ਰਭ ਨੇਰਹੂ ਤੇ ਨੇਰਿਆ॥

ਮਨੁੱਖ ਕੁਛ ਵੀ ਅਨਰਥ ਕਰੇ ਸਮਾਜ ਤੋਂ ਪੜਦਾ ਪਾ ਸਕਦਾ ਹੈ, ਕਾਨੂੰਨ ਤੋਂ ਪੜਦਾ ਪਾ ਸਕਦਾ ਹੈ। ਕੋਈ ਦੁਰਾਚਾਰ ਕਰੇ, ਕੋਈ ਬੇਈਮਾਨੀ ਕਰੇ, ਠੱਗੀ ਕਰੇ, ਚੋਰੀ ਕਰੇ, ਹੋ ਸਕਦਾ ਹੈ ਕਿ ਸਮਾਜ ਦੀਆਂ ਅੱਖਾਂ 'ਤੇ ਪੜਦਾ ਪਾ ਦੇਵੇ, ਕਾਨੂੰਨ ਦੀਆਂ ਨਜ਼ਰਾਂ ਤੋਂ ਵੀ ਬਚ ਗਿਆ ਹੈ, ਪਰ ਪਰਮਾਤਮਾ ਇਤਨਾ ਨੇੜੇ ਹੈ, ਇਤਨਾ ਨੇੜੇ ਹੈ ਕਿ ਤੂੰ ਜੋ ਕਰ ਰਿਹਾ ਹੈਂ, ਪ੍ਰਭੂ ਬਿਲਕੁਲ ਦੇਖ ਰਿਹਾ ਹੈ:-

ਪੇਖਤ ਸੁਨਤ ਸਦਾ ਹੈ ਸੰਗੇ ਮੈ ਮੂਰਖ ਜਾਨਿਆ ਦੂਰੀ ਰੇ॥ ੨॥

(ਅੰਗ ੬੧੨)

......ਪ੍ਰਭ ਨੇਰਹੂ ਤੇ ਨੇਰਿਆ॥

ਹੁਣ ਪਰਮਾਤਮਾ ਦਾ ਬੰਦਾ ਭੈਅ ਨਾ ਮੰਨਦਾ ਹੋਵੇ ਅਤੇ ਸਮਾਜ ਤੇ ਕਾਨੂੰਨ 'ਤੇ ਇਸ ਨੇ ਇਕ ਪਾਸੇ ਹੋ ਕੇ ਪੜਦਾ ਪਾ ਦਿੱਤਾ ਹੋਵੇ, ਐਸਾ ਮਨੁੱਖ ਤਾਂ ਨਿਰਭੈ ਹੋ ਕੇ ਅਨਰਥ ਕਰੇਗਾ, ਮਹਾਰਾਜ ਕਹਿੰਦੇ ਨੇ ਠੀਕ ਹੈ, ਤੂੰ ਭਾਵੇਂ ਲੁਕ ਕੇ ਅਨਰਥ ਕਰ, ਛੁਪਾ ਕੇ ਕਰ, ਪੜਦੇ ਵਿਚ ਕਰ, ਲੇਕਿਨ ਇਹ ਪੜਦਾ ਕਾਨੂੰਨ ਤੋਂ ਹੋਵੇਗਾ, ਇਹ ਪੜਦਾ ਸਮਾਜ ਤੋਂ ਹੋਵੇਗਾ, ਇਹ ਪੜਦਾ ਪਰਮਾਤਮਾ ਤੋਂ ਨਹੀਂ ਹੋ ਸਕਦਾ। ਉਹ ਦੇਖਦਾ ਪਿਆ ਹੈ, ਬਹੁਤ ਨੇੜੇ ਹੈ:-

ਬਿਨਵੰਤਿ ਨਾਨਕ ਦਇਆ ਧਾਰਹੁ ਕਾਢਿ ਭਵਜਲ ਫੇਰਿਆ॥ ੧॥

ਹੇ ਪ੍ਰਭੂ! ਰਹਿਮਤ ਕਰੋ, ਬਖ਼ਸ਼ਿਸ਼ ਕਰੋ, ਇਸ ਭਵਜਲ ਤੋਂ ਕੱਢ ਲਉ, ਬਾਰ ਬਾਰ ਦੇ ਜਨਮ ਮਰਨ ਤੋਂ ਬਚਾਉ। ਬਾਰ ਬਾਰ ਦੇ ਆਉਣ ਤੋਂ, ਬਾਰ ਬਾਰ ਦੇ ਡੁੱਬਣ ਤੋਂ ਬਚਾਅ ਲਉ ਸਾਨੂੰ।

ਸਲੋਕੁ॥
ਨਿਰਤਿ ਨ ਪਵੈ ਅਸੰਖ ਗੁਣ ਊਚਾ ਪ੍ਰਭ ਕਾ ਨਾਉ॥

ਨਿਰਤਿ (ਨਿਰਣਾ), ਕੋਈ ਮਨੁੱਖ ਨਿਰਣਾ ਨਹੀਂ ਕਰ ਸਕਦਾ, ਫ਼ੈਸਲਾ ਨਹੀਂ ਕਰ ਸਕਦਾ ਕਿ ਪ੍ਰਭੂ ਦੇ ਇਤਨੇ ਗੁਣ ਨੇ। ਕੋਈ ਗਿਣਤੀ ਨਹੀਂ ਕਰ ਸਕਦਾ, ਕੋਈ ਨਿਰਣਾਤਮਕ ਗੱਲ ਨਹੀਂ ਕਰ ਸਕਦਾ। ਪਰਮਾਤਮਾ ਬਾਰੇ ਕਿਸੇ ਵੀ ਪਹਿਲੂ ਦੀ ਗੱਲ, ਫ਼ੈਸਲਾਕੁਨ ਨਹੀਂ ਕਰ ਸਕਦਾ।

ਨਾਨਕ ਕੀ ਬੇਨੰਤੀਆ ਮਿਲੈ ਨਿਥਾਵੇ ਥਾਉ॥ ੨॥

ਨਾਨਕ ਦੀ ਬੇਨਤੀ ਹੈ, ਹੇ ਪ੍ਰਭੂ! ਇਸ ਨਿਥਾਵੇਂ ਨੂੰ ਤੇਰੇ ਚਰਨਾਂ ਵਿਚ ਥਾਂ ਮਿਲੇ, ਤੇਰੀ ਸ਼ਰਨ ਮਿਲੇ:-

ਛੰਤੁ॥
ਦੂਸਰ ਨਾਹੀ ਠਾਉ ਕਾ ਪਹਿ ਜਾਈਐ ॥

ਹੇ ਪਰਿਪੂਰਨ ਪਰਮਾਤਮਾ, ਹੋਰ ਕੋਈ ਦੂਸਰੀ ਜਗ੍ਹਾ ਹੀ ਨਹੀਂ ਹੈ ਜੋ ਸਾਨੂੰ ਰੱਖ ਸਕੇ, ਥਾਂ ਦੇ ਸਕੇ। ਇਕ ਤੂੰ ਹੀ ਹੈਂ ਕਿ ਆਪਣੀ ਸ਼ਰਨ ਵਿਚ ਔਗੁਣਹਾਰੇ ਨੂੰ ਵੀ ਟਿਕਾਣਾ ਦੇ ਦਿੰਦਾ ਹੈ, ਥਾਂ ਦੇ ਦਿੰਦਾ ਹੈਂ। ਇਸ ਵਾਸਤੇ ਹੋਰ ਕਿਧਰ ਜਾਈਏ? ਕਿਧਰ ਜਾ ਕੇ ਭਟਕੀਏ?

ਆਠ ਪਹਰ ਕਰ ਜੋੜਿ ਸੋ ਪ੍ਰਭੁ ਧਿਆਈਐ॥

ਉਸ ਦੇ ਵਿਚ ਧਿਆਨ ਜੋੜੀਏ, ਕਿਉਂਕਿ ਔਗੁਣਹਾਰੇ ਨੂੰ ਓਹੀ ਰੱਖ ਸਕਦਾ ਹੈ। ਹੇ ਪ੍ਰਭੂ! ਕੇਵਲ ਤੇਰਾ ਹੀ ਦਰ ਹੈ। ਇਸ ਸੰਬੰਧ ਵਿਚ ਇਕ ਮਹਾਂਪੁਰਸ਼ ਦਾ ਕਲਾਮ, ਬਾਬੇ ਫਰੀਦ ਜੀ ਦਾ:-

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥

(ਅੰਗ ੧੩੮੦)

ਮੈਂ ਤੇਰੇ ਦਰ ਤੋਂ ਇਲਾਵਾ ਕਿਸੇ ਹੋਰ ਦੇ ਦਰ 'ਤੇ ਨਹੀਂ ਬੈਠਣਾ। ਮੈਂ ਤੇਰੀ ਸ਼ਰਣ ਦੇ ਇਲਾਵਾ ਹੋਰ ਕਿਸੇ ਦੀ ਸ਼ਰਣ ਨਹੀਂ ਜਾਣਾ। ਜੇ ਕਿਧਰੇ ਐਸੀ ਮਜਬੂਰੀ ਹੋ ਗਈ, ਦੂਜੇ ਦੇ ਸ਼ਰਣੀ ਜਾਣਾ ਪਿਆ ਤਾਂ ਫਿਰ ਹੇ ਪ੍ਰਭੂ! ਮੇਰੀ ਇਹ ਦੁਆ ਹੋਵੇਗੀ, ਐਹ ਖ਼ੁਦਾ! ਮੇਰੀ ਅਰਦਾਸ ਹੋਵੇਗੀ, ਤੂੰ ਮੇਰੇ ਸਰੀਰ 'ਚੋਂ ਜਿੰਦ ਕੱਢ ਲਵੀਂ, ਮੈਂ ਦੂਸਰੇ ਦੇ ਦਰ 'ਤੇ ਨਹੀਂ ਬੈਠਣਾ ਚਾਹੁੰਦਾ। ਮੈਂ ਦੂਜੇ ਦੇ ਦਰਵਾਜ਼ੇ 'ਤੇ ਨਹੀਂ ਬੈਠਣਾ ਚਾਹੁੰਦਾ। ਇਕ ਹੋਰ ਮਹਾਂਪੁਰਸ਼ ਦਾ ਬੋਲ, ਉਹ ਕਹਿੰਦਾ ਹੈ:-

ਗ਼ਰਦਸ਼ੇ ਗ਼ਰਦੋਂ ਗ਼ਰਦਾ ਗ਼ੁਰਦਗਾਰਾ ਗ਼ੁਰਦ ਕਰ।

ਅਸੀਂ ਕਹਿੰਦੇ ਹਾਂ, ਇਸ ਦੇ ਦਿਨ ਚੰਗੇ ਨਹੀਂ। ਈਰਾਨ ਵਿਚ ਕਹਿੰਦੇ ਨੇ, ਇਸ ਦੇ ਉੱਤੇ ਆਸਮਾਨੀ ਗਰਦਸ਼ ਪੈ ਗਈ ਹੈ। ਜਦ ਆਸਮਾਨੀ ਗਰਦਸ਼ ਪੈਂਦੀ ਹੈ, ਉਦੋਂ ਜਿਹੜੇ ਉੱਚੇ ਉੱਚੇ ਪਹਾੜ ਨੇ, ਉਹ ਵੀ ਗ਼ਰਦ ਹੋ ਜਾਂਦੇ ਨੇ, ਖ਼ਾਕ ਹੋ ਜਾਂਦੇ ਨੇ, ਮਿੱਟੀ ਹੋ ਜਾਂਦੇ ਨੇ, ਕੁਛ ਵੀ ਨਹੀਂ ਰਹਿੰਦਾ। ਪਹਾੜਾਂ ਦੀ ਹਸਤੀ ਵੀ ਮਿਟ ਜਾਂਦੀ ਹੈ। ਪਹਾੜ ਜੈਸੇ ਉੱਚੇ, ਪਹਾੜ ਜੈਸੇ ਦੂਰੋਂ ਦਿੱਸਣ ਵਾਲੇ, ਪਹਾੜ ਜੈਸੀ ਮਹਾਨਤਾ ਰੱਖਣ ਵਾਲੇ ਵੀ ਖ਼ਾਕ ਹੋ ਜਾਂਦੇ ਨੇ, ਮਿੱਟੀ ਹੋ ਜਾਂਦੇ ਨੇ, ਜਦ ਆਸਮਾਨੀ ਗਰਦਸ਼ ਪੈਂਦੀ ਹੈ:-

ਬਰਸਰੇ ਅਹਿਲੇ ਤਮੀਜ਼ਾਂ ਨਾਕਸਾ-ਰਾ ਮਰਦ ਕਰ।

ਕਹਿੰਦਾ ਹੈ, ਜਿਹੜਾ ਅਹਿਲੇ-ਤਮੀਜ਼ ਬੰਦੇ ਨੇ, ਅਕਲਮੰਦ ਨੇ, ਬਹੁਤ ਸੂਝਵਾਨ ਨੇ, ਸਿਆਣੇ ਨੇ, ਆਸਮਾਨੀ ਗ਼ਰਦਸ਼ ਜਦ ਚਲਦੀ ਹੈ, ਉਹ ਮੂਰਖਾਂ ਦੇ ਅਧੀਨ ਹੋ ਜਾਂਦੇ ਨੇ। ਉਹ ਮੂਰਖਾਂ ਦੇ, ਬੇਵਕੂਫ਼ਾਂ ਦੇ ਗ਼ੁਲਾਮ ਹੋ ਜਾਂਦੇ ਨੇ। ਉਨ੍ਹਾਂ ਸਿਆਣਿਆਂ ਦੀ ਅਕਲ ਨੂੰ ਫਿਰ ਬੇਵਕੂਫ਼, ਆਪਣੀ ਬੇਵਕੂਫ਼ੀ ਨਾਲ ਚਲਾਉਂਦੇ ਨੇ। ਅਹਿਲੇ-ਤਮੀਜ਼ (ਸਮਝਦਾਰ, ਸੂਝਵਾਨ, ਦੂਰ-ਦ੍ਰਿਸ਼ਟ, ਗਹਿਰ ਗੰਭੀਰ), ਨਾਕਸ ਬੰਦੇ, ਕੁਛ ਵੀ ਨਹੀਂ। ਅਹਿਲੇ-ਤਮੀਜ਼ ਉਨ੍ਹਾਂ ਦੇ ਅਧੀਨ ਹੋ ਜਾਂਦੇ ਨੇ, ਮਜਬੂਰ ਹੋ ਜਾਂਦੇ ਨੇ। ਤੀਸਰੀ ਪੰਗਤੀ:-

ਮਨ ਮੇਂ ਗੋਇੰਮ ਕਿ ਗਰਦਸ਼ ਸਰਗਰਦਾਨਾ ਕੁੰਨ।

ਹੇ ਖ਼ੁਦਾ! ਮੈਂ ਤੈਨੂੰ ਇਹ ਨਹੀਂ ਕਹਿੰਦਾ ਕਿ ਤੂੰ ਮੈਨੂੰ ਗਰਦਸ਼ ਵਿਚ ਨਾ ਪਾ। ਮੈਂ ਐਸਾ ਨਹੀਂ ਕਹਿੰਦਾ। ਬੜੀ ਹਿੰਮਤ ਦੀ ਗੱਲ ਹੈ। ਮਨ ਮੇਂ ਗੋਇੰਮ (ਮੈਂ ਨਹੀਂ ਕਹਿੰਦਾ) ਕਿ ਤੂੰ ਮੈਨੂੰ ਗਰਦਸ਼ ਵਿਚ ਨਾ ਪਾ, ਮੈਨੂੰ ਦੁੱਖ ਨਾ ਦੇਹ। ਮੈਨੂੰ ਪਰੇਸ਼ਾਨ ਨਾ ਕਰ। ਮੈਂ ਇਸ ਤਰ੍ਹਾਂ ਦੀ ਜੋਦੜੀ ਨਹੀਂ ਕਰਦਾ। ਤੂੰ ਮੇਰੇ ਸਿਰ 'ਤੇ ਆਸਮਾਨੀ ਗਰਦਸ਼ ਨ ਪਾਵੇਂ, ਮੈਂ ਐਸਾ ਤੈਨੂੰ ਕਹਿੰਦਾ ਹੀ ਨਹੀਂ:-

ਹਰ ਚਿ ਖ਼ੁਆਹੀ ਕੁੰਨ

ਜੋ ਤੇਰਾ ਦਿਲ ਕਰੇ, ਉਹ ਦੁੱਖ ਮੇਰੀ ਝੋਲੀ ਵਿਚ ਪਾ ਦੇਹ। ਬੜੀ ਹਿੰਮਤ ਦੀ ਗੱਲ ਹੈ। ਜਿਹੜੀ ਵੀ ਗਰਦਸ਼ ਹੈ, ਉਹ ਤੂੰ ਮੇਰੇ ਸਿਰ 'ਤੇ ਪਾ ਦੇਹ। ਜਿਹੜਾ ਕਲ-ਕਲੇਸ਼ ਤੇ ਦੁੱਖ ਸੰਤਾਪ ਹੈ, ਉਹ ਤੂੰ ਮੇਰੀ ਝੋਲੀ ਵਿਚ ਪਾ ਦੇਹ। ਜੋ ਤੇਰਾ ਦਿਲ ਕਰੇ, ਉਹ ਦੁੱਖ ਮੇਰੀ ਝੋਲੀ ਵਿਚ ਪਾ ਦੇਹ।

ਹਰ ਚਿ ਖ਼ੁਆਹੀ ਕੁੰਨ ਵਲੇ ਮੁਹਤਾਜੇ ਬੇ-ਕਦਰਮਾ ਕੁੰਨ।

ਪਰ ਮੈਨੂੰ ਬੇ-ਕਦਰ ਬੰਦੇ ਦੇ ਦਰ 'ਤੇ ਨਾ ਬੈਠਾਵੀਂ, ਮੈਂ ਨਹੀਂ ਕਬੂਲ ਕਰਾਂਗਾ। ਬਾਕੀ ਸਭ ਕੁਝ ਕਬੂਲ ਕਰ ਲਵਾਂਗਾ। ਤੇਰੇ ਦਰ 'ਤੇ ਅਗਰ ਇਹ ਸਭ ਕੁਝ ਵੀ ਹੁੰਦਾ ਰਿਹਾ, ਮੈਨੂੰ ਕਬੂਲ ਹੈ। ਗਰਦਸ਼ ਵੀ ਕਬੂਲ, ਸਾਰੇ ਦੁੱਖ ਵੀ ਕਬੂਲ। ਸਾਰੇ ਕਲੇਸ਼ ਵੀ ਕਬੂਲ, ਪਰ ਜੇ ਤੂੰ ਮੈਨੂੰ ਦੂਸਰੇ ਦੇ ਦਰ 'ਤੇ ਬੈਠਾਇਆ, ਇਹ ਬੈਠਣਾ ਮੈਨੂੰ ਕਬੂਲ ਨਹੀਂ ਹੋਵੇਗਾ। ਇਹ ਮੈਨੂੰ ਪਰਵਾਨ ਨਹੀਂ ਹੋਵੇਗਾ। ਇਕ ਦਿਨ ਮੈਂ ਰਾਬਿੰਦਰ ਨਾਥ ਟੈਗੋਰ ਦੀ ਪ੍ਰਾਰਥਨਾ ਪੜ੍ਹ ਰਿਹਾ ਸੀ। ਉਹ ਕਹਿੰਦਾ ਹੈ, ਹੇ ਪ੍ਰਭੂ! ਜਗਤ ਦੇ ਵਿਚ ਬੜਾ ਦੁੱਖ ਹੈ। ਤੂੰ ਇੰਝ ਕਰ, ਇਹ ਦੁੱਖ ਤੂੰ ਸਾਰਿਆਂ ਕੋਲੋਂ ਲੈ ਕੇ ਮੇਰੀ ਝੋਲੀ ਵਿਚ ਪਾ ਦੇਹ। ਮੈਂ ਗਠੜੀ ਬੰਨ੍ਹ ਕੇ ਸਿਰ 'ਤੇ ਰਖ ਲਵਾਂ, ਲੇਕਿਨ ਇਕੋ ਇੱਕ ਬੇਨਤੀ ਹੈ ਕਿ ਮੈਨੂੰ ਚੁੱਕਣ ਦੀ ਸਮਰੱਥਾ ਦੇ ਦੇਵੀਂ। ਜਿਹੜਾ ਦੁੱਖ ਸਹਿਣ ਹੋ ਸਕਦਾ ਹੈ ਉਹ ਦੁੱਖ, ਦੁੱਖ ਹੀ ਨਹੀਂ, ਇਹ ਕਹਿ ਰਹੇ ਨੇ। ਮੈਨੂੰ ਚੁੱਕਣ ਦੀ ਸਮਰੱਥਾ ਦੇ ਦੇਵੀਂ ਅਤੇ ਜਦ ਚੁੱਕ ਲਿਆ, ਦੁੱਖ, ਦੁੱਖ ਹੀ ਨਹੀਂ ਹੈ। ਇਹ ਫ਼ਕੀਰ ਕਹਿ ਰਿਹਾ ਹੈ , ਹੇ ਪਰਮਾਤਮਾ! ਜੋ ਤੇਰਾ ਜੀਅ ਕਰੇ, ਉਹ ਕਲੇਸ਼, ਉਹ ਦੁੱਖ, ਉਹ ਸੰਤਾਪ ਮੇਰੀ ਝੋਲੀ ਵਿਚ ਪਾ ਦੇਹ, ਪਰ ਬੇਵਕੂਫ਼, ਬੇ-ਕਦਰ, ਨਾਦਾਨ ਦੇ ਬੂਹੇ 'ਤੇ ਨਾ

ਬੈਠਾਈਂ। ਇਹ ਮੈਨੂੰ ਕਬੂਲ ਨਹੀਂ ਹੋਵੇਗਾ। ਇਹ ਮੈਂ ਪਰਵਾਨ ਨਹੀਂ ਕਰ ਸਕਾਂਗਾ। ਇਸ ਵਾਸਤੇ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ, ਇਕ ਤੇਰਾ ਹੀ ਠਿਕਾਣਾ ਹੈ ਇਸ ਤਰ੍ਹਾਂ ਦਾ, ਹੋਰ ਕਿਧਰੇ ਵੀ ਨਹੀਂ। ਇਸ ਵਾਸਤੇ ਅਸੀਂ ਤੇਰੀ ਸ਼ਰਣ ਪਕੜੀ ਹੈ। ਤੇਰੇ ਦਰ 'ਤੇ ਬੈਠਣਾ ਕਬੂਲ ਹੈ। ਤੂੰ ਸਾਰਿਆਂ ਨੂੰ ਆਪਣੀ ਸ਼ਰਣ ਵਿਚ ਰੱਖ ਲੈਂਦਾ ਹੈਂ। ਤੂੰ ਐਸਾ ਸਮਰੱਥ ਵੀ ਹੈਂ।

ਆਠ ਪਹਰ ਕਰ ਜੋੜਿ ਸੋ ਪ੍ਰਭੁ ਧਿਆਈਐ॥

ਇਸ ਵਾਸਤੇ ਹੱਥ ਜੋੜ ਕੇ, ਅੱਠੇ ਪਹਿਰ ਉਸ ਪ੍ਰਭੂ ਦਾ ਚਿੰਤਨ ਕਰਨਾ ਚਾਹੀਦਾ ਹੈ, ਧਿਆਨ ਜੋੜਨਾ ਚਾਹੀਦਾ ਹੈ, ਜੋ ਸ਼ਰਨ ਯੋਗ ਹੈ ਤੇ ਸਮਰੱਥ ਹੈ।

ਧਿਆਇ ਸੋ ਪ੍ਰਭੁ ਸਦਾ ਅਪੁਨਾ ਮਨਹਿ ਚਿੰਦਿਆ ਪਾਈਐ॥

ਦਿਨ ਰਾਤ ਉਸ ਪ੍ਰਭੂ ਵਿਚ ਧਿਆਨ ਜੋੜਨਾ ਚਾਹੀਦਾ ਹੈ, ਫਿਰ ਮਨ ਜੋ ਕੁਝ ਚਾਹੁੰਦਾ ਹੈ, ਸਭ ਕੁਛ ਦੀ ਪ੍ਰਾਪਤੀ ਹੋ ਜਾਂਦੀ ਹੈ।

ਤਜਿ ਮਾਨ ਮੋਹੁ ਵਿਕਾਰੁ ਦੂਜਾ ਏਕ ਸਿਉ ਲਿਵ ਲਾਈਐ॥

ਇਕ ਦੇ ਨਾਲ ਆਪਣਾ ਚਿੱਤ ਜੋੜ, ਤਮਾਮ ਹੰਕਾਰ ਨੂੰ, ਮੋਹ ਨੂੰ ਇੱਕ ਪਾਸੇ ਸੁੱਟ ਕੇ, ਆਪਣੇ ਆਪ ਨੂੰ ਮਿਟਾ ਕੇ:-

ਅਰਪਿ ਮਨੁ ਤਨੁ ਪ੍ਰਭੂ ਆਗੈ ਆਪੁ ਸਗਲ ਮਿਟਾਈਐ॥

ਆਪਣਾ ਤਨ ਮਨ ਉਸ ਪ੍ਰਭੂ ਦੇ ਚਰਨਾਂ ਵਿਚ ਨਿਛਾਵਰ ਕਰਨਾ ਚਾਹੀਦਾ ਹੈ।

ਬਿਨਵੰਤਿ ਨਾਨਕੁ ਧਾਰਿ ਕਿਰਪਾ ਸਾਚਿ ਨਾਮਿ ਸਮਾਈਐ॥ ੨॥

ਹੇ ਪ੍ਰਭੂ! ਕਿਰਪਾ ਕਰ, ਰਹਿਮਤ ਕਰ ਤਾਂਕਿ ਸੱਚੇ ਨਾਮ ਵਿਚ ਸਮਾ ਜਾਈਏ, ਜੁੜ ਜਾਈਏ, ਲੀਨ ਹੋ ਜਾਈਏ।

ਸਲੋਕੁ॥
ਰੇ ਮਨ ਤਾ ਕਉ ਧਿਆਈਐ ਸਭ ਬਿਧਿ ਜਾ ਕੈ ਹਾਥਿ॥

ਸਾਰੀ ਵਿਧੀ ਵਿਧਾਨ ਦਾ ਜੋ ਦਾਤਾ ਹੈ, ਜਿਸ ਦੇ ਹੱਥ ਵਿਚ ਸਭ ਕੁਛ ਹੈ, ਉਸੇ ਦਾ ਹੀ ਚਿੰਤਨ ਕਰਨਾ ਚਾਹੀਦਾ ਹੈ, ਉਸ ਵਿਚ ਹੀ ਧਿਆਨ ਜੋੜਨਾ ਚਾਹੀਦਾ ਹੈ।

ਰਾਮ ਨਾਮ ਧਨੁ ਸੰਚੀਐ ਨਾਨਕ ਨਿਬਹੈ ਸਾਥਿ॥ ੩॥

ਪ੍ਰਭੂ ਦਾ ਨਾਮ, ਰਾਮ ਦਾ ਨਾਮ ਇਕੱਠਾ ਕਰਨਾ ਚਾਹੀਦਾ ਹੈ। ਇਹ ਸੰਗਰਹਿ ਕਰਨਾ ਚਾਹੀਦਾ ਹੈ। ਇਹ ਹੀ ਨਾਲ ਜਾਂਦਾ ਹੈ। ਇਹ ਹੀ ਨਾਲ ਨਿੱਭਦਾ ਹੈ।

ਛੰਤੁ॥
ਸਾਥੀਅੜਾ ਪ੍ਰਭੁ ਏਕੁ ਦੂਸਰ ਨਾਹਿ ਕੋਇ॥

ਜਨਮ ਮਰਨ ਦਾ, ਇਸ ਲੋਕ ਦਾ, ਉਸ ਲੋਕ ਦਾ ਸਾਥੀ ਕੇਵਲ ਇਕ ਪਰਮਾਤਮਾ ਹੈ, ਹੋਰ ਕੋਈ ਨਹੀਂ। ਹੋਰ ਸਦਾ ਸੰਗ ਕੋਈ ਵੀ ਨਹੀਂ ਹੈ।

ਥਾਨ ਥਨੰਤਰਿ ਆਪਿ ਜਲਿ ਥਲਿ ਪੂਰ ਸੋਇ॥

ਉਹ ਥਾਨ ਥਨੰਤਰਿ, ਜਲ ਵਿਚ ਤੇ ਥਲ ਵਿਚ ਸਦਾ ਵਿਆਪਕ ਹੈ। ਸਦਾ ਸੰਗ ਹੈ, ਦੂਸਰਾ ਕੋਈ ਵੀ ਨਹੀਂ, ਜਿਹੜਾ ਇਸ ਲੋਕ ਦਾ ਅਤੇ ਪਰਲੋਕ ਦਾ ਸਹਾਇਕ ਹੋਵੇ।

ਜਲਿ ਥਲਿ ਮਹੀਅਲਿ ਪੂਰਿ ਰਹਿਆ ਸਰਬ ਦਾਤਾ ਪ੍ਰਭੁ ਧਨੀ॥

ਜੋ ਹਰ ਤਰ੍ਹਾਂ ਦੀਆਂ ਦਾਤਾਂ ਦੇਣ ਵਿਚ ਸਮਰੱਥ ਹੈ, ਜਲ ਥਲ ਵਿਚ ਵਿਆਪਕ ਹੈ, ਉਸੇ ਵਿਚ ਧਿਆਨ ਜੋੜਨਾ ਚਾਹੀਦਾ ਹੈ।

ਗੋਪਾਲ ਗੋਬਿੰਦ ਅੰਤੁ ਨਾਹੀ ਬੇਅੰਤ ਗੁਣ ਤਾ ਕੇ ਕਿਆ ਗਨੀ॥

ਜੋ ਸਰਿਸ਼ਟੀ ਦਾ ਪਾਲਣਹਾਰ ਹੈ, ਅਨੰਦ ਸਰੂਪ ਹੈ, ਮੂਲ ਹੈ, ਹਰ ਵਕਤ ਉਸੇ ਦਾ ਹੀ ਚਿੰਤਨ ਕਰਨਾ ਚਾਹੀਦਾ ਹੈ। ਉਸੇ ਵਿਚ ਹੀ ਧਿਆਨ ਜੋੜਨਾ ਚਾਹੀਦਾ ਹੈ।

ਭਜੁ ਸਰਣਿ ਸੁਆਮੀ ਸੁਖਹ ਗਾਮੀ ਤਿਸੁ ਬਿਨਾ ਅਨ ਨਾਹਿ ਕੋਇ॥

ਤੂੰ ਭੱਜ ਕੇ ਉਸ ਸੁਆਮੀ ਦੀ ਸ਼ਰਣ ਪਕੜ। ਉਸ ਤੋਂ ਬਿਨਾਂ ਸੁੱਖ ਦੇਣ ਵਾਲਾ, ਗੁਣਾਂ ਦਾ ਦਾਤਾ ਹੋਰ ਕੋਈ ਨਹੀਂ। ਐਸਾ ਗੁਣਵਾਨ ਹੋਰ ਕੋਈ ਵੀ ਨਹੀਂ।

ਬਿਨਵੰਤਿ ਨਾਨਕ ਦਇਆ ਧਾਰਹੁ ਤਿਸੁ ਪਰਾਪਤਿ ਨਾਮੁ ਹੋਇ॥ ੩॥

ਹੇ ਪ੍ਰਭੂ! ਰਹਿਮਤ ਕਰੋ, ਬਖ਼ਸ਼ਿਸ਼ ਕਰੋ ਤਾਂਕਿ ਨਾਮ ਦੀ ਪ੍ਰਾਪਤੀ ਹੋਵੇ, ਤੇਰੇ ਗਿਆਨ ਦੀ ਪ੍ਰਾਪਤੀ ਹੋਵੇ।

ਸਲੋਕੁ॥
ਚਿਤਿ ਜਿ ਚਿਤਵਿਆ ਸੋ ਮੈ ਪਾਇਆ॥

ਜੋ ਮੈਂ ਚਿੰਤਨ ਕੀਤਾ ਹੈ, ਜੋ ਮੈਂ ਚਿਤਵਿਆ ਹੈ, ਜੋ ਮੇਰੀ ਮੰਗ ਹੈ, ਉਹ ਮੈਨੂੰ ਪ੍ਰਾਪਤ ਹੋ ਗਈ ਹੈ। ਉਹ ਸਭ ਕੁਛ ਮੈਨੂੰ ਮਿਲ ਗਿਆ ਹੈ।

ਨਾਨਕ ਨਾਮੁ ਧਿਆਇ ਸੁਖ ਸਬਾਇਆ॥ ੪॥

ਨਾਮ ਦੇ ਵਿਚ ਜੋ ਧਿਆਨ ਜੋੜ ਲੈਂਦੇ ਨੇ, ਉਨ੍ਹਾਂ ਨੂੰ ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਨੇ। ਸਾਰੇ ਸੁੱਖਾਂ ਨਾਲ ਉਸ ਦੀ ਝੋਲੀ ਭਰ ਜਾਂਦੀ ਹੈ।

ਛੰਤੁ ॥

ਅਬ ਮਨੁ ਛੂਟਿ ਗਇਆ ਸਾਧੂ ਸੰਗਿ ਮਿਲੇ ॥

ਜਿਸ ਦਿਨ ਦੀ ਗੁਰੂ ਦੀ ਸੰਗਤ ਕੀਤੀ ਹੈ, ਉਸ ਦਿਨ ਤੋਂ ਮਾਇਆ ਦੇ ਸਾਰੇ ਬੰਧਨ ਛੁੱਟ ਗਏ ਨੇ, ਟੁੱਟ ਗਏ ਨੇ। ਇਸ ਤਰ੍ਹਾਂ ਅਸੀਂ ਨਿਰਲੇਪ ਹੋ ਗਏ ਹਾਂ। ਬੰਧਨਾਂ ਤੋਂ ਮੁਕਤ ਹੋ ਗਏ ਹਾਂ।

ਗੁਰਮੁਖਿ ਨਾਮੁ ਲਇਆ ਜੋਤੀ ਜੋਤਿ ਰਲੇ ॥

ਗੁਰਮੁਖ ਹੋ ਕੇ, ਗੁਰੂ ਨੂੰ ਮੁੱਖ ਰੱਖ ਕੇ ਪ੍ਰਭੂ ਦਾ ਨਾਮ ਜਪਿਆ, ਜੋਤ ਵਿਚ ਜੋਤ ਹੋ ਗਏ ਹਾਂ, ਪ੍ਰਭੂ ਵਿਚ ਲੀਨ ਹੋ ਗਏ ਹਾਂ।

ਹਰਿ ਨਾਮੁ ਸਿਮਰਤ ਮਿਟੇ ਕਿਲਬਿਖ ਬੁਝੀ ਤਪਤਿ ਅਘਾਨਿਆ ॥

ਪ੍ਰਭੂ ਦਾ ਨਾਮ ਜਪਦਿਆਂ ਸਾਰੇ ਪਾਪ ਨਾਸ ਹੋ ਗਏ ਅਤੇ ਤ੍ਰਿਸ਼ਨਾ ਸ਼ਾਂਤ ਹੋ ਗਈ। ਤ੍ਰਿਸ਼ਨਾ ਦੀ ਅੱਗ ਬੁਝ ਗਈ।

ਗਹਿ ਭੁਜਾ ਲੀਨੇ ਦਇਆ ਕੀਨੇ ਆਪਨੇ ਕਰਿ ਮਾਨਿਆ ॥

ਆਪਣਾ ਹੱਥ ਦੇ ਕੇ ਉਸ ਨੇ ਇਸ ਸੰਸਾਰ ਸਾਗਰ ਤੋਂ ਕੱਢ ਲਿਆ, ਆਪਣੇ ਕੋਲ ਰੱਖ ਲਿਆ, ਆਪਣਾ ਬਣਾ ਲਿਆ। ਐਸੀ ਉਸ ਨੇ ਮਿਹਰ ਕੀਤੀ। ਐਸੀ ਉਸ ਨੇ ਬਖ਼ਸ਼ਿਸ਼ ਕੀਤੀ।

ਲੈ ਅੰਕਿ ਲਾਏ ਹਰਿ ਮਿਲਾਏ ਜਨਮ ਮਰਣਾ ਦੁਖ ਜਲੇ ॥

ਜਨਮ ਮਰਨ ਦੇ ਦੁੱਖ ਨਾਸ ਹੋ ਗਏ, ਉਸ ਨੇ ਆਪਣੀ ਗਲਵਕੜੀ ਵਿਚ ਲੈ ਲਿਆ, ਆਪਣੇ ਅੰਗ ਨਾਲ ਲਾ ਲਿਆ।

ਬਿਨਵੰਤਿ ਨਾਨਕ ਦਇਆ ਧਾਰੀ ਮੇਲਿ ਲੀਨੇ ਇਕ ਪਲੇ ॥ ੪ ॥ ੨ ॥

ਉਸ ਪਰਿਪੂਰਨ ਪਰਮਾਤਮਾ ਨੇ ਦਯਾ ਕੀਤੀ, ਬਖ਼ਸ਼ਿਸ਼ ਕੀਤੀ, ਇਕ ਛਿਨ ਵਿਚ ਆਪਣਾ ਬਣਾ ਲਿਆ, ਆਪਣੇ ਵਿਚ ਲੀਨ ਕਰ ਲਿਆ।

❊

ਬ੍ਰਹਮ ਦਰਿਸ਼ਟੀ ਸਮ-ਦਰਿਸ਼ਟੀ

ਧਨਾਸਰੀ ਮਹਲਾ ੫ ॥

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥
ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥੧॥
ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥
ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥ ਰਹਾਉ॥
ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥
ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥੨॥
ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ॥
ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ॥੩॥
ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ॥
ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥੪॥੩॥੨੭॥

(ਅੰਗ ੬੭੭)

ਇਸ ਮਹਾਨ ਪਵਿੱਤਰ ਵਾਕ ਵਿਚ ਭਾਵੇਂ ਅੱਖਰ ਬੜੇ ਸਾਦੇ ਨੇ, ਭਾਸ਼ਾ ਬੜੀ ਸਾਦੀ ਵਰਤੀ ਹੈ, ਪਰ ਧਰਮ ਦੀ ਜੋ ਸਿਖਰ ਦੀ ਵਿਚਾਰ ਹੈ, ਇਸ ਤੋਂ ਅੱਗੇ ਕੋਈ ਨਹੀਂ। ਧਰਮ ਦੀ ਸਿਖਰ ਦੀ ਜੋ ਅਵਸਥਾ ਹੈ, ਉਹ ਇਸ ਵਿਚ ਬਿਆਨ ਕੀਤੀ ਹੈ। ਪਹਿਲੀ ਪੰਗਤੀ:-

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥
ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥੧॥

ਇਸ ਨੂੰ ਕਹਿੰਦੇ ਨੇ ਬ੍ਰਹਮ ਦਰਿਸ਼ਟੀ। ਬ੍ਰਹਮ ਗਿਆਨੀ ਕੋਲ ਇਹ ਬ੍ਰਹਮ-ਦਰਿਸ਼ਟੀ ਹੁੰਦੀ ਹੈ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ (ਅੰਗ ੮੪੬)

ਉਸ ਨੂੰ ਹਰ ਪਾਸੇ ਬ੍ਰਹਮ ਦਿਖਾਈ ਦਿੰਦਾ ਹੈ। ਜੋ ਸੁਣਾਈ ਦਿੰਦਾ ਹੈ, ਉਹ ਵੀ ਬ੍ਰਹਮ ਅਤੇ ਜੋ ਦਿਖਾਈ ਦਿੰਦਾ ਹੈ, ਉਹ ਵੀ ਬ੍ਰਹਮ। ਜਿਸ ਦੀ ਇਸ ਤਰ੍ਹਾਂ ਦੀ ਦਰਿਸ਼ਟੀ ਬਣ ਜਾਏ, ਉਸ ਨੂੰ ਬ੍ਰਹਮ-ਦਰਿਸ਼ਟ ਸਮਝ ਲਉ। ਉਹ ਬ੍ਰਹਮ-ਗਿਆਨੀ ਹੈ। ਇਹ ਸਿਖਰ ਦੀ ਅਵਸਥਾ ਦਾ ਜ਼ਿਕਰ ਹੈ। ਇਸ ਸੰਬੰਧ ਵਿਚ ਮੈਂ ਪਹਿਲੇ ਧੰਨ ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਭਗਤ ਭਾਈ ਸਾਹਿਬ ਭਾਈ ਨੰਦ ਲਾਲ ਜੀ ਦੇ ਬੋਲ ਦੱਸਾਂ, ਉਹ ਕਹਿੰਦੇ ਨੇ:-

ਬ੍ਰਿਹਮਨ ਮੁਸ਼ਤਾਕਿ ਬੁਤ ਜ਼ਾਹਿਦ ਫ਼ਿਦਾਇ ਖ਼ਾਨਕਾਹ।

(ਗਜ਼ਲ ੬)

ਬ੍ਰਾਹਮਣ ਦੇ ਲਈ, ਇਕ ਕਰਮ-ਕਾਂਡੀ ਦੇ ਲਈ, ਬ੍ਰਹਮ ਕੇਵਲ ਮੰਦਰ ਦੇ ਵਿਚ ਹੈ। ਉਹ ਬ੍ਰਹਮ ਦੇਖਣ ਵਾਸਤੇ ਮੰਦਰ ਵਿਚ ਜਾਂਦਾ ਹੈ। ਉਹ ਭਗਵਾਨ ਵੇਖਣ ਵਾਸਤੇ ਮੰਦਰ ਵਿਚ ਜਾਂਦਾ ਹੈ। ਜਿਹੜਾ ਜ਼ਾਹਿਦ ਹੈ, ਉਹ ਖ਼ੁਦਾ ਦੇ ਦਰਸ਼ਨਾਂ ਲਈ ਖ਼ਾਨਗਾਹ (ਮਸਜਿਦ) ਵਿਚ ਜਾਂਦਾ ਹੈ। ਉਸੇ ਨੂੰ ਹੀ ਉਹ ਖ਼ਾਨਾ ਖ਼ੁਦਾ ਕਹਿੰਦਾ ਹੈ। ਇੱਕ ਦਾ ਖ਼ੁਦਾ ਮਸਜਿਦ ਵਿਚ ਹੈ, ਇੱਕ ਦਾ ਭਗਵਾਨ ਮੰਦਰ ਵਿਚ ਹੈ। ਇੱਕ ਨੂੰ ਮਸਜਿਦ ਨਾਲ ਨਫ਼ਰਤ ਹੈ, ਇੱਕ ਨੂੰ ਮੰਦਰ ਨਾਲ ਨਫ਼ਰਤ ਹੈ। ਇਸ ਵਾਸਤੇ ਸਾਰੀ ਦੁਨੀਆ ਵਿਚ ਇਬਾਦਤਗਾਹਾਂ ਟੁੱਟਦੀਆਂ ਰਹੀਆਂ ਨੇ ਅਤੇ ਉਨ੍ਹਾਂ ਦੀ ਬੇਹੁਰਮਤੀ ਹੁੰਦੀ ਰਹੀ ਹੈ। ਭਾਈ ਸਾਹਿਬ ਭਾਈ ਨੰਦ ਲਾਲ ਜੀ:-

ਬ੍ਰਿਹਮਨ ਮੁਸ਼ਤਾਕਿ ਬੁਤ ਜ਼ਾਹਿਦ ਫ਼ਿਦਾਇ ਖ਼ਾਨਕਾਹ।
ਹਰ ਕੁਜਾ ਜਾਮਿ ਮੁਹੱਬਤ ਦੀਦਾਹਅਮ ਸਰਸ਼ਾਰ ਹਸਤ।

(ਗਜ਼ਲ ੬)

ਮੈਂ ਤੇ ਪਿਆਰ ਦਾ ਜਾਮ, ਪਿਆਰ ਦਾ ਭਰਿਆ ਹੋਇਆ ਪਿਆਲਾ ਹਰ ਪਾਸੇ ਵੇਖਦਾ ਹਾਂ ਅਤੇ ਪੀ ਲੈਂਦਾ ਹਾਂ। ਹਰ ਕੁਜਾ (ਕਿਤੇ ਵੀ)। ਇਸੇ ਨੂੰ ਪਾਤਸ਼ਾਹ ਬਿਆਨ ਕਰਦੇ ਨੇ, **ਜਹ ਜਹ ਪੇਖਉ,** ਜਿੱਥੇ ਤਕ ਦਰਿਸ਼ਟੀ ਜਾਂਦੀ ਹੈ, ***ਹਰ ਕੁਜਾ ਜਾਮਿ ਮੁਹੱਬਤ*** ਅਗਰ ਕੋਈ ਮੁਸਲਮਾਨ ਨਮਾਜ਼ ਦੇ ਮਾਰਗ 'ਤੇ ਚਲਿਆ ਹੈ। ਉਸ ਦੀ ਅਗਰ ਬ੍ਰਹਮ ਦਰਿਸ਼ਟੀ ਬਣ ਗਈ ਹੈ। ਬ੍ਰਹਮ-ਦਰਿਸ਼ਟੀ ਸਮ-ਦਰਿਸ਼ਟੀ ਹੁੰਦੀ ਹੈ। ਸਮ ਸ਼ਬਦ ਸੰਸਕ੍ਰਿਤ ਦਾ ਹੈ, ਬਰਾਬਰ। ਸਮ ਸ਼ਬਦ ਇੰਗਲਿਸ਼ ਵਿਚ ਵੀ ਹੈ (Sum, ਬਰਾਬਰ) ਸਮ। ਸਮ-ਦਰਿਸ਼ਟੀ ਬ੍ਰਹਮ-ਦਰਿਸ਼ਟੀ ਹੈ ਅਤੇ ਬ੍ਰਹਮ-ਦਰਿਸ਼ਟੀ ਸਮ-ਦਰਿਸ਼ਟੀ ਹੈ। ਚਾਹੇ ਕੋਈ ਹਿੰਦੂ ਹੈ, ਚਾਹੇ ਸਿੱਖ ਹੈ, ਚਾਹੇ ਯਹੂਦੀ ਹੈ, ਪਾਰਸੀ ਹੈ, ਜੈਨੀ ਹੈ, ਬੋਧੀ ਹੈ। ਜਿਤਨੇ ਚਿਰ ਤਕ ਸਮ-ਦਰਿਸ਼ਟੀ ਨਹੀਂ ਬਣੀ, ਉਸ ਦੀ ਦਰਿਸ਼ਟੀ ਨਿਰਮਲ ਨਹੀਂ ਹੈ। ਜਿਤਨੇ ਚਿਰ ਤਕ ਬ੍ਰਹਮ ਗਿਆਨ ਨਹੀਂ ਮਿਲਿਆ, ਉਤਨੇ ਚਿਰ ਤਕ ਇਸ ਦੇ ਕੋਲ ਪਰਮਾਤਮਾ ਦਾ ਗਿਆਨ ਵੀ ਨਹੀਂ ਹੈ। ਸਿਰਫ਼ ਅੱਖਰੀ ਗੱਲਾਂ ਹੋਣਗੀਆਂ। ਮੁਸਲਮਾਨ ਨੇ ਖ਼ੁਦਾ ਦੇਖਣਾ ਹੈ ਤਾਂ ਉਹ ਮਸਜਿਦ ਜਾਂਦਾ ਹੈ। ਬ੍ਰਾਹਮਣ ਨੇ ਭਗਵਾਨ ਦੇਖਣਾ ਹੈ ਤਾਂ ਉਹ ਮੰਦਰ ਜਾਂਦਾ ਹੈ। ਇਹ ਮੈਂ ਨਹੀਂ ਕਹਿੰਦਾ ਕਿ ਉਹ ਮੰਦਰ ਨਾ ਜਾਵੇ। ਇਸ ਤਰ੍ਹਾਂ ਮੈਂ ਨਹੀਂ ਕਹਿ ਰਿਹਾ ਕਿ ਉਹ ਮਸਜਿਦ ਨਾ ਜਾਵੇ, ਪਰ ਖ਼ੁਦਾ ਕੇਵਲ ਮਸਜਿਦ ਵਿਚ ਹੈ, ਹੋਰ ਕਿਧਰੇ ਨਹੀਂ, ਇਹ ਕਿਸੇ ਮਨੁੱਖ ਦੀ ਦਰਿਸ਼ਟੀ ਹੋ ਸਕਦੀ ਹੈ, ਬ੍ਰਹਮ ਦਰਿਸ਼ਟੀ ਨਹੀਂ ਹੈ। ਕਿਸੇ ਅਗਿਆਨੀ ਦੀ ਦਰਿਸ਼ਟੀ ਹੋ ਸਕਦੀ ਹੈ, ਗਿਆਨੀ ਦੀ ਨਹੀਂ। ਇਹ ਮਤਲਬ ਨਹੀਂ ਕਿ ਮੰਦਰ ਦੇ ਵਿਚ ਨਾ ਜਾਵੇ, ਪਰ ਭਗਵਾਨ ਕੇਵਲ ਮੰਦਰ ਵਿਚ ਹੈ, ਇਹ ਬ੍ਰਹਮ ਦਰਿਸ਼ਟੀ ਨਹੀਂ। ਇਹ ਉਸ ਬ੍ਰਾਹਮਣ ਦੀ ਦਰਿਸ਼ਟੀ ਹੋਵੇਗੀ।

.....ਦੀਦਾਹਅਮ ਸਰਸ਼ਾਰ ਹਸਤ।

ਜਿਸ ਦੀਦਾਅਮ ਦਾ, ਜਿਸ ਦਰਿਸ਼ਟੀ ਦਾ, ਭਾਈ ਨੰਦ ਲਾਲ ਜੀ ਜ਼ਿਕਰ ਕਰ ਰਹੇ ਨੇ, ਉਹ ਇਹ ਹੈ ਕਿ ਮੇਰੇ ਲਈ ਤੇ ਸਾਰਾ ਹੀ ਬ੍ਰਹਮੰਡ ਹਰੀ ਮੰਦਰ ਬਣ ਗਿਆ ਹੈ। ਖ਼ੁਦਾ ਦਾ ਘਰ, ਭਗਵਾਨ ਦਾ ਘਰ ਬਣ ਗਿਆ ਹੈ। ਜਿੰਨੇ ਚਿਰ ਤਕ ਸਾਰਾ ਸੰਸਾਰ ਨਿਰੰਕਾਰ ਦਾ ਘਰ ਨਹੀਂ ਬਣਿਆ, ਇਹ ਮਨੁੱਖ ਬ੍ਰਹਮ ਗਿਆਨੀ ਨਹੀਂ ਹੈ। ਇਸ ਦੇ ਕੋਲ ਬ੍ਰਹਮ ਦਰਿਸ਼ਟੀ ਨਹੀਂ ਹੈ, ਕਿਉਂਕਿ ਇਸ ਦੇ ਕੋਲ ਸਮ-ਦਰਿਸ਼ਟੀ ਨਹੀਂ ਹੈ। ਭਾਈ ਨੰਦ ਲਾਲ ਜੀ ਦੇ ਤੁਲ ਇਕ ਹੋਰ ਫ਼ਕੀਰ ਸ਼ਮਸ-ਤਬਰੇਜ਼ ਦੇ ਬੋਲ, ਉਸ ਦੀਆਂ ਜਿਤਨੀਆਂ ਵੀ ਰੁਬਾਈਆਂ, ਗ਼ਜ਼ਲਾਂ ਯਾ ਨਜ਼ਮਾਂ ਨੇ, ਉਨ੍ਹਾਂ ਨੂੰ ਵੀ ਭਾਈ ਸਾਹਿਬ ਜੀ ਨੇ ਖੋਲ੍ਹਿਆ ਹੈ। ਸ਼ਮਸ-ਤਬਰੇਜ਼ ਕਹਿੰਦਾ ਹੈ:-

ਅਰ ਯਕ ਚਿਰਾਗ਼ ਮਸਜਿਦ ਵਾ ਬੁਤਖ਼ਾਨਾ ਰੌਸ਼ਨ ਅਸਤ।

ਮੈਂ ਮਸਜਿਦ ਵਿਚ ਤੇ ਮੰਦਰ ਵਿਚ ਇਕੋ ਹੀ ਜਲਦਾ ਹੋਇਆ ਦੀਵਾ ਦੇਖ ਰਿਹਾ ਹਾਂ। ਇਕੋ ਹੀ ਰੌਸ਼ਨੀ, ਇਕੋ ਹੀ ਦੀਵਾ:-

ਦਰ ਹੈਰਤਮ ਕਿ ਦੁਸ਼ਮਨੀ ਕੁਫਰੋਂ ਦੀਨ ਚਿਰਾਸਤ

ਕਹਿੰਦਾ ਹੈ ਕਿ ਮੈਂ ਹੈਰਾਨ ਹਾਂ ਇਹ ਕੁਫ਼ਰ ਤੇ ਦੀਨ ਦਾ ਝਗੜਾ ਕੀ ਹੈ। ਇਸ ਗੱਲ ਤੋਂ ਹੈਰਾਨ ਹਾਂ ਮੈਂ ਕਿ ਕੌਣ ਕਾਫ਼ਿਰ ਹੈ ਤੇ ਕੌਣ ਦੀਨਦਾਰ ਹੈ। ਇਕ ਮੁਸਲਿਮ ਸ਼ਾਇਰ ਹੋਇਆ ਹੈ, 'ਹਾਲੀ'। ਹੁਣ ਤਾਂ ਉਹ ਗੁਜ਼ਰ ਗਿਆ ਹੋਇਆ ਹੈ, ਉਹ ਉਰਦੂ ਦੇ ਵਿਚ ਕਹਿੰਦਾ ਹੈ:-

ਉਸ ਕੇ ਹੀ ਨੂਰ ਸੇ ਚਮਕੇ ਹੈ ਸਭ ਮੇਂ ਨੂਰ,
ਸ਼ਮਾ-ਏ-ਹਰਮ ਹੋ ਯਾ ਦੀਆ ਸੋਮਨਾਥ ਕਾ।

ਕਹਿੰਦਾ ਹੈ ਮੱਕੇ ਮਦੀਨੇ ਦਾ ਚਿਰਾਗ਼ ਹੋਵੇ ਤੇ ਭਾਵੇਂ ਸੋਮਨਾਥ ਦੇ ਮੰਦਰ ਦਾ ਚਿਰਾਗ਼ ਹੋਵੇ, ਰੌਸ਼ਨੀ ਤਾਂ ਦੋਹਾਂ ਵਿਚ ਇਕੋ ਹੀ ਹੈ। ਚਾਨਣਾ ਤਾਂ ਦੋਹਾਂ ਵਿਚ ਇਕੋ ਹੀ ਹੈ। ਬ੍ਰਹਮ-ਦਰਿਸ਼ਟ ਬੰਦਾ, ਸਮ-ਦਰਿਸ਼ਟ ਹੋ ਜਾਂਦਾ ਹੈ। ਉਸ ਤੋਂ ਪਹਿਲਾਂ ਉਸ ਦੇ ਕੋਲ ਬ੍ਰਹਮ ਗਿਆਨ ਹੋਣਾ ਚਾਹੀਦਾ ਹੈ। ਬ੍ਰਹਮ ਗਿਆਨ ਦੀ ਪਹਿਚਾਨ, ਦਰਿਸ਼ਟੀ ਬ੍ਰਹਮ ਬਣ ਗਈ ਹੋਵੇਗੀ।

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ..... ॥

ਉਸ ਦੀ ਸਮ-ਦਰਿਸ਼ਟੀ ਹੋ ਜਾਂਦੀ ਹੈ। ਉਸ ਨੂੰ ਸਭ ਕੁਝ ਬਰਾਬਰ ਦਿਖਾਈ ਦਿੰਦਾ ਹੈ, ਕੋਈ ਵੱਡਾ ਨਹੀਂ, ਕੋਈ ਛੋਟਾ ਨਹੀਂ। ਕੋਈ ਉੱਚਾ ਨਹੀਂ, ਕੋਈ ਨੀਵਾਂ ਨਹੀਂ:-

.....ਏਕੁ ਏਕੁ ਵਖਾਣੀਐ ॥ (ਅੰਗ ੮੪੬)

ਇਸ ਨੂੰ ਮੈਂ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਬੋਲਾਂ ਰਾਹੀਂ ਵੀ ਕੁਝ ਵਿਸਥਾਰ ਨਾਲ ਸਪੱਸ਼ਟ ਕਰਨ ਦੀ ਕੋਸ਼ਿਸ਼ ਕਰਾਂ, ਕਿਉਂਕਿ ਅੱਜ ਤਕ ਕਲਗੀਧਰ

ਪਾਤਸ਼ਾਹ ਨੂੰ ਕਿਸੇ ਹੋਰ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਸੰਸਾਰ ਨੇ ਸਤਿਗੁਰਾਂ ਨੂੰ ਕਿਸੇ ਹੋਰ ਰੂਪ ਵਿਚ ਦੇਖਿਆ ਹੈ ਅਤੇ ਸਮਝਿਆ ਹੈ। ਉਨ੍ਹਾਂ ਦੀ ਰਚੀ ਹੋਈ ਬਾਣੀ ਅਕਾਲ ਉਸਤਤ, ਜਿਸ ਵਿਚ ਮੇਰੇ ਪਾਤਸ਼ਾਹ ਸਾਰੇ ਬ੍ਰਹਮੰਡ ਨੂੰ ਲੈ ਆਉਂਦੇ ਨੇ। ਸਾਡੇ ਦੇਸ਼ ਵਾਸੀਆਂ ਨੇ ਉਨ੍ਹਾਂ ਨੂੰ ਕੇਵਲ ਏਨਾ ਹੀ ਜਾਣਿਆ ਹੈ ਕਿ ਉਹ ਸੂਰਬੀਰ ਸਨ। ਵਕਤ ਦੇ ਜ਼ਾਲਮਾਂ ਨਾਲ ਲੜੇ ਸਨ। ਬੜੇ ਬਹਾਦਰ ਸਨ। ਬੜੀ ਫ਼ੌਜ ਅਤੇ ਸ਼ਾਨੋ-ਸ਼ੌਕਤ ਰੱਖਦੇ ਸਨ। ਅਸਲ ਵਿਚ ਸ਼ਾਨੋ-ਸ਼ੌਕਤ ਵੀ ਇਸ ਵਾਸਤੇ ਰੱਖਦੇ ਸਨ, ਕਿਉਂਕਿ ਔਰੰਗਜ਼ੇਬ ਨੇ ਸਾਰੇ ਦੇਸ਼ ਵਿਚ ਢੰਡੋਰਾ ਫਿਰਵਾ ਦਿੱਤਾ ਸੀ ਕਿ ਕੋਈ ਭਾਰਤਵਾਸੀ, ਖ਼ਾਸ ਕਰਕੇ ਹਿੰਦੂ ਸਿਰ 'ਤੇ ਕਲਗੀ ਨਹੀਂ ਲਾ ਸਕਦਾ। ਘੋੜੇ ਦੀ ਅਸਵਾਰੀ ਨਹੀਂ ਕਰ ਸਕਦਾ। ਹੱਥ ਦੇ ਵਿਚ ਤਲਵਾਰ ਜਾਂ ਸ਼ਸਤਰ ਨਹੀਂ ਰੱਖ ਸਕਦਾ। ਮਨਾਹੀ ਕਰ ਦਿੱਤੀ ਸੀ। ਉਸ ਮਨਾਹੀ ਵਿਚ ਇਹ ਵੀ ਸੀ ਕਿ ਕੋਈ ਹਿੰਦੂ ਝਟਕਾ ਨਹੀਂ ਕਰ ਸਕਦਾ। ਝਟਕਾ ਸਾਰੇ ਰਾਜਪੂਤ ਕਰਦੇ ਸਨ। ਇਹ ਝਟਕੇ ਦੀ ਪ੍ਰਥਾ ਜਨਮੇਜੇ ਦੇ ਲੜਕੇ ਜੈ ਸਿੰਘ ਤੋਂ ਚਲੀ ਹੋਈ ਸੀ। ਤਾਂਹੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਉਦਾਹਰਣ ਵੀ ਦਿੱਤਾ ਹੈ, ਜਿਸ ਤਰ੍ਹਾਂ :-

ਊਹੀ ਤੇ ਹਰਿਓ ਊਹਾ ਲੇ ਧਰਿਓ ਜੈਸੇ ਬਾਸਾ ਮਾਸ ਦੇਤ ਝਾਟੁਲੀ ॥

(ਅੰਗ ੧੨੧੬)

ਰੱਬ ਕੋਲੋਂ ਲਿਆ ਤੇ ਰੱਬ ਦੇ ਅੱਗੇ ਰੱਖ ਦਿੱਤਾ, ਇਹ ਤਾਂ ਇੰਝ ਹੋਇਆ ਜਿਵੇਂ ਪਰੂਥਾ (ਭਾਵ ਬਹਿਆ) ਮਾਸ ਝਟਕਈ ਦਿੰਦਾ ਹੋਵੇ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪੰਗਤੀ ਹੈ। ਇਹ ਝਟਕਾ ਸ਼ਬਦ ਬੜਾ ਪੁਰਾਣਾ ਹੈ। ਰਾਜਪੂਤਾਂ ਵਿਚ ਹੈ। ਰਾਜਪੂਤ ਅੱਜ ਵੀ ਝਟਕੇ ਤੋਂ ਬਿਨਾਂ ਦੂਸਰਾ ਮਾਸ ਗ੍ਰਹਿਣ ਨਹੀਂ ਕਰਦੇ। ਸ਼ਸਤਰ ਵੀ ਰੱਖਦੇ ਨੇ ਅਤੇ ਜਿਹੜੇ ਸਹੀ ਮਾਅਨਿਆਂ ਵਿਚ ਰਾਜਪੂਤ ਨੇ, ਜਿਸ ਦਿਨ ਕਿਤੇ ਵਿਆਹ ਸ਼ਾਦੀ ਹੋਵੇ, ਸ਼ਾਨੋ ਸ਼ੌਕਤ ਨਾਲ ਜਾਣਾ ਹੋਵੇ, ਕਲਗੀ ਵੀ ਲਾਉਂਦੇ ਨੇ। ਔਰੰਗਜ਼ੇਬ ਨੇ ਹੁਕਮ ਕਰ ਦਿੱਤਾ ਕਿ ਕੋਈ ਕਲਗੀ ਨਹੀਂ ਲਾ ਸਕਦਾ। ਕੋਈ ਘੋੜੀ ਦੀ ਸਵਾਰੀ ਨਹੀਂ ਕਰ ਸਕਦਾ। ਕੋਈ ਹੱਥ ਵਿਚ ਸ਼ਸਤਰ ਨਹੀਂ ਰੱਖ ਸਕਦਾ। ਕੋਈ ਝਟਕਾ ਨਹੀਂ ਕਰ ਸਕਦਾ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਅਨੰਦਪੁਰ ਸਾਹਿਬ ਤੋਂ ਐਲਾਨ ਕੀਤਾ ਕਿ ਮੈਂ ਇਹ ਸਭ ਕੁਛ ਕਰਾਂਗਾ। ਮੈਂ ਰੱਖਾਂਗਾ ਹੱਥ ਵਿਚ ਤਲਵਾਰ, ਮੈਂ ਸਜਾਵਾਂਗਾ ਸਿਰ 'ਤੇ ਕਲਗੀ। ਰੱਖਣ ਦੀ ਲੋੜ ਨਹੀਂ ਸੀ, ਅਗਰ ਸ਼ਾਇਦ ਔਰੰਗਜ਼ੇਬ ਮਨਾਹੀ ਨਾ ਕਰਦਾ ਤੇ ਨਾ ਹੀ ਰੱਖਦੇ। ਉਨ੍ਹਾਂ ਦਾ ਮਤਲਬ ਸੀ ਕਿ ਅਸੀਂ ਗ਼ੁਲਾਮ ਨਹੀਂ ਅਤੇ ਨਾ ਹੀ ਗ਼ੁਲਾਮ ਬਣ ਕੇ ਰਹਿਣਾ ਹੈ। ਜਦ ਕਿਸੇ ਦਿਨ ਈਮਾਨਦਾਰੀ ਨਾਲ ਕਿਸੇ ਇਤਿਹਾਸਕਾਰ ਨੇ ਇਸ ਦੇਸ਼ ਦੀ ਆਜ਼ਾਦੀ ਦਾ ਇਤਿਹਾਸ ਲਿਖਿਆ ਤਾਂ ਆਜ਼ਾਦੀ ਦੇ ਰਹਿਬਰ ਤੇ ਪਰਵਾਨੇ ਸਭ ਤੋਂ ਸਿਖਰ 'ਤੇ ਧੰਨ ਗੁਰੂ ਗੋਬਿੰਦ ਸਿੰਘ ਜੀ ਹੀ ਹੋਵਣਗੇ। ਅਜੇ ਤਾਂ ਇਸ ਦਾ ਜ਼ਿਕਰ ਵੀ ਨਹੀਂ ਹੈ। ਅਜੇ ਤਾਂ ਇਸ ਦੀ ਗੱਲ ਵੀ ਕੋਈ ਨਹੀਂ। ਲੋਕੀਂ ਗੱਲ ਸੁਣ ਵੀ ਨਹੀਂ ਸਕੇ ਜਾਂ ਇੰਝ ਕਹਿ ਲਉ ਅਸੀਂ ਗੱਲ ਸੁਣਾ ਵੀ ਨਹੀਂ ਸਕੇ। ਗੱਲਾਂ ਦੋਹਾਂ ਪਾਸੇ ਦੀਆਂ ਨੇ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਬਹਾਦਰ ਨੇ, ਸੂਰਬੀਰ ਨੇ, ਠੀਕ ਹੈ। ਸ਼ਾਨੋ ਸ਼ੌਕਤ ਨਾਲ ਰਹਿੰਦੇ ਨੇ, ਪਰ ਇਤਨਾ ਵੱਡਾ ਬ੍ਰਹਮ ਗਿਆਨ ਹੈ। ਇਤਨੀ ਮਹਾਨ ਬ੍ਰਹਮ-ਦਰਿਸ਼ਟੀ ਹੈ

ਕਿ ਸਮ-ਦਰਿਸ਼ਟੀ ਹੋ ਗਈ ਹੈ। ਇਤਿਹਾਸਿਕ ਸਬੂਤ ਤਾਂ ਇਹ ਹੈ ਕਿ ਭਾਈ ਘਨ੍ਹਈਏ ਨੂੰ ਕਹਿ ਦਿੱਤਾ ਸੀ ਕਿ ਤੂੰ ਅਧੂਰਾ ਕੰਮ ਕਰਦਾ ਪਿਆ ਹੈਂ। ਸਿਰਫ਼ ਪਾਣੀ ਪਿਲਾ ਰਿਹਾ ਹੈਂ, ਜ਼ਖ਼ਮੀ ਬੰਦਿਆਂ ਦੀ ਮਲ੍ਹਮ ਪੱਟੀ ਵੀ ਕਰਿਆ ਕਰ। ਸਮ-ਦਰਿਸ਼ਟੀ, ਬ੍ਰਹਮ-ਦਰਿਸ਼ਟੀ। ਕਿਉਂਕਿ ਇਸ ਬ੍ਰਹਿਮੰਡ ਵਿਚ, ਖ਼ਾਸ ਕਰਕੇ ਇਸ ਧਰਤੀ ਵਿਚ ਕੇਵਲ ਮਨੁੱਖ ਹੀ ਨਹੀਂ ਹਨ, ਬਲਕਿ ਇਕ ਕਿੱਤਾ ਨਹੀਂ, ਇਕ ਜ਼ਾਤ ਨਹੀਂ, ਇਕ ਮਜ਼ਹਬ ਨਹੀਂ, ਇਕ ਰੰਗ ਨਹੀਂ, ਕੁਛ ਵੀ ਮੇਲ ਨਹੀਂ ਖਾਂਦਾ। ਇਸ ਲਈ ਗੁਰੂ ਕਲਗੀਧਰ ਪਾਤਸ਼ਾਹ ਕਹਿੰਦੇ ਨੇ:-

ਕਤਹੂੰ ਸੁਚੇਤ ਹੁਇ ਕੈ ਚੇਤਨਾ ਕੋ ਚਾਰੁ ਕੀਓ
ਕਤਹੂੰ ਅਚਿੰਤ ਹੁਇ ਕੈ ਸੋਵਤ ਅਚੇਤ ਹੋ॥
ਕਤਹੂੰ ਭਿਖਾਰੀ ਹੁਇ ਕੈ ਮਾਂਗਤ ਫਿਰਤ ਭੀਖ
ਕਹੂੰ ਮਹਾ ਦਾਨਿ ਹੁਇ ਕੈ ਮਾਂਗਿਓ ਧਨ ਦੇਤ ਹੋ॥
ਕਹੂੰ ਮਹਾਂ ਰਾਜਨ ਕੋ ਦੀਜਤ ਅਨੰਤ ਦਾਨ
ਕਹੂੰ ਮਹਾਂ ਰਾਜਨ ਤੇ ਛੀਨ ਛਿਤ ਲੇਤ ਹੋ॥

ਕਹੂੰ ਬੇਦ ਗੀਤ ਕਹੂੰ ਬਿਦਿਆ ਕੀ ਪ੍ਰਤੀਤ
ਕਹੂੰ ਨੀਤ ਅਉ ਅਨੀਤ ਕਹੂੰ ਜੁਆਲਾ ਸੀ ਜਗਤ ਹੋ॥
ਪੂਰਨ ਪ੍ਰਤਾਪ ਕਹੂੰ ਇਕਾਤੀ ਕੋ ਜਾਪ
ਕਹੂੰ ਤਾਪ ਕੋ ਅਤਾਪ ਕਹੂੰ ਜੋਗ ਤੇ ਡਿਗਤ ਹੋ॥
ਕਹੂੰ ਬਰ ਦੇਤ ਕਹੂੰ ਛਲ ਸਿਉ ਛਿਨਾਇ ਲੇਤ
ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥੧੦॥

ਮਹਾਰਾਜ ਕਹਿੰਦੇ ਨੇ, ਮੈਂ ਜਿਧਰ ਵੀ ਦੇਖਦਾ ਪਿਆ ਹਾਂ, ਤੂੰ ਬੜਾ ਚੇਤਨ ਹੈਂ, ਸਾਵਧਾਨ ਹੈਂ। ਹਰ ਪੱਖ ਦੇ ਵਿਚ ਤੂੰ ਚੇਤਨ ਹੈਂ, ਪਰ ਕਿਧਰੇ ਤਾਂ ਬਿਲਕੁਲ ਅਚੇਤ ਹੈਂ। ਬਿਲਕੁਲ ਅਬੋਧ ਹੈਂ ਜਾਂ ਇੰਝ ਕਹਿ ਲਉ ਇਕ ਮਾਸੂਮ ਬੱਚੇ ਦੇ ਰੂਪ ਵਿਚ ਤੂੰ ਬਿਲਕੁਲ ਅਚੇਤ ਹੈਂ। ਇਕ ਪਰਮ ਸੰਤ ਦੇ ਰੂਪ ਵਿਚ ਤੂੰ ਪੂਰਨ ਚੇਤਨ ਹੈਂ। ਬੱਚਾ ਤਾਂ ਅਚੇਤ ਹੈ। ਪਸ਼ੂ ਵੀ ਅਚੇਤ ਨੇ ਅਤੇ ਬਨਸਪਤੀ ਵੀ ਅਚੇਤ ਹੈ, ਪਰ ਪੱਥਰ ਤਾਂ ਬਿਲਕੁਲ ਅਚੇਤ ਹੈ।

ਕਤਹੂੰ ਸੁਚੇਤ ਹੁਇ ਕੈ ਚੇਤਨਾ ਕੋ ਚਾਰ ਕੀਓ

ਕਿਧਰੇ ਤੂੰ ਪੂਰਨ ਸੁਚੇਤ ਹੋ ਕੇ ਆਪਣੀ ਚੇਤਨਾ ਵਿਚ ਬੜਾ ਸੁਹੱਪਣ ਲਿਆਂਦਾ ਹੈ। ਚਾਰ ਦੇ ਅਰਥ ਨੇ ਖ਼ੂਬਸੂਰਤ, ਸੁਹੱਪਣ।

ਗਾਵੈ ਕੋ ਗੁਣ ਵਡਿਆਈਆ ਚਾਰ ॥

ਜਪੁ ਜੀ ਸਾਹਿਬ, ਕੋਈ ਗਾਉਂਦਾ ਹੈ ਤੇਰੀਆਂ ਸੁੰਦਰ ਸੁੰਦਰ ਵਡਿਆਈਆਂ ਨੂੰ,

ਤੇਰੇ ਸੁੰਦਰ ਸੁੰਦਰ ਗੁਣਾਂ ਨੂੰ। ਚਾਰ=ਸੁੰਦਰ, ਚਾਰ=ਖ਼ੂਬਸੂਰਤ। ਕਿਧਰੇ ਤੂੰ ਆਪਣੀ ਚੇਤਨਾ ਨੂੰ ਬੜਾ ਖ਼ੂਬਸੂਰਤ ਬਣਾਇਆ ਹੈ।

ਕਤਹੂੰ ਅਚਿੰਤ ਹੁਇ ਕੈ ਸੋਵਤ ਅਚੇਤ ਹੋ॥

ਕਿਧਰੇ ਤੂੰ ਬਿਲਕੁਲ ਅਚੇਤ। ਅਚੇਤਪਣੇ ਵਿਚ ਤੂੰ ਮਸਤ ਹੈਂ। ਬੱਚਾ ਅਚੇਤਪਣੇ ਵਿਚ ਮਸਤ ਹੈ, ਪਰ ਡਰਗਜ਼ (drugs) ਲੈਣ ਵਾਲਾ, ਅਫ਼ੀਮ, ਭੰਗ, ਚਰਸ, ਗਾਂਜਾ, ਸੁਲਫਾ ਖਾਣ ਵਾਲਾ ਅਚੇਤ ਪਿਆ ਹੈ ਔਰ ਇਸੇ ਵਿਚ ਮਸਤ ਹੈ। ਅਚੇਤ = ਬਿਲਕੁਲ ਸੁੱਤਾ ਹੋਇਆ।

ਕਤਹੂੰ ਭਿਖਾਰੀ ਹੁਇ ਕੈ ਮਾਂਗਤ ਫਿਰਤ ਭੀਖ
ਕਹੂੰ ਮਹਾ ਦਾਨ ਹੁਇ ਕੈ ਮਾਂਗਿਓ ਧਨ ਦੇਤ ਹੋ॥

ਦੇਖਦਾ ਹਾਂ ਪ੍ਰਭੂ, ਕਿਧਰੇ ਤੂੰ ਬੜਾ ਦੀਨਹੀਨ ਹੈਂ। ਸਾਰੀ ਅਕਾਲ ਉਸਤਤ ਵਿਚ ਅਕਾਲ ਦੀ ਗੱਲ। ਭਿਖਾਰੀ ਵੀ ਤਾਂ ਅਕਾਲ ਦੇ ਵਿਚ ਹੈ। ਕੋਈ ਅਕਾਲ ਤੋਂ ਬਾਹਰ ਹੈ? ਨਹੀਂ। ਕਿਧਰੇ ਤੂੰ ਭਿਖਾਰੀ ਹੈਂ, ਮੰਗਤਾ ਹੈਂ, ਮੰਗ ਰਿਹਾ ਹੈਂ ਪਰ ਕਮਾਲ ਹੈ ਕਿ ਕਿਧਰੇ ਤੂੰ ਮਹਾਂਦਾਨੀ ਹੈਂ, ਦੇ ਰਿਹਾ ਹੈਂ। ਕਿਧਰੇ ਮੰਗ ਰਿਹਾ ਹੈਂ, ਕਿਧਰੇ ਦੇ ਰਿਹਾ ਹੈਂ। ਇਸ ਨੂੰ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਇੰਜ ਬਿਆਨ ਕਰਦੇ ਨੇ।

ਇਕਿ ਦਾਤੇ ਇਕਿ ਭੇਖਾਰੀ ਜੀ ਸਭਿ ਤੇਰੇ ਚੋਜ ਵਿਡਾਣਾ॥

(ਅੰਗ ੧੧)

ਹੇ ਪ੍ਰਭੂ! ਕਮਾਲ ਦੇ ਨੇ ਤੇਰੇ ਚੋਜ, ਕਿਧਰੇ ਤੂੰ ਭਿਖਾਰੀ ਬਣਿਆ ਹੋਇਆ ਹੈਂ, ਕਿਧਰੇ ਤੂੰ ਦਾਤਾ ਹੈਂ।

ਕਹੂੰ ਮਹਾਂ ਰਾਜਨ ਕੋ ਦੀਜਤ ਅਨੰਤ ਦਾਨ
ਕਹੂੰ ਮਹਾਂ ਰਾਜਨ ਤੇ ਛੀਨ ਛਿਤ ਲੇਤ ਹੋ॥

ਕਿਧਰੇ ਸ਼ਹਿਨਸ਼ਾਹਾਂ ਨੂੰ ਬੜਾ ਧਨ ਦਿੰਦਾ ਹੈਂ, ਬੜੀ ਪ੍ਰਤਿਸ਼ਟਾ ਦਿੰਦਾ ਹੈਂ, ਉੱਚੀ ਗੱਦੀ ਦੇ ਦਿੰਦਾ ਹੈਂ, ਕਿਧਰੇ ਉਨ੍ਹਾਂ ਕੋਲੋਂ ਖੋਹ ਲੈਂਦਾ ਹੈਂ। ਇਸ ਨੂੰ ਧੰਨ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਇੰਜ ਬਿਆਨ ਕਰਦੇ ਨੇ:-

ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ॥
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ॥੧॥

(ਅੰਗ ੫੩੭)

ਰੱਬ ਦਾ ਕੋਈ ਵਿਵਹਾਰ ਵੀ ਹੋਵੇਗਾ, ਧੰਦਾ ਵੀ ਹੋਵੇਗਾ? ਧੰਨ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਕਹਿੰਦੇ ਨੇ, ਹੈਗਾ। ਖ਼ਾਲੀਆਂ ਨੂੰ ਭਰ ਦਿੰਦਾ ਹੈ ਅਤੇ ਭਰਿਆਂ ਹੋਇਆਂ ਨੂੰ ਖ਼ਾਲੀ ਕਰ ਛੱਡਦਾ ਹੈ। ਫਿਰ ਖ਼ਾਲੀਆਂ ਨੂੰ ਭਰ ਦਿੰਦਾ ਹੈ, ਭਰਿਆਂ ਨੂੰ ਖ਼ਾਲੀ

ਕਰ ਦਿੰਦਾ ਹੈ। ਜੰਮਿਆ ਹੈ, ਮਰਨ ਕਰ ਦਿੰਦਾ ਹੈ, ਮਰਿਆ ਹੈ, ਫਿਰ ਜਨਮ ਕਰ ਦਿੰਦਾ ਹੈ। ਇਹ ਉਸ ਦਾ ਵਿਵਹਾਰ ਹੈ। ਇਹ ਉਸ ਦਾ ਖੇਲ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਗਲੇ ਦੂਸਰੇ ਛੰਦ ਵਿਚ ਇੰਜ ਬਿਆਨ ਕਰਦੇ ਨੇ:-

ਕਹੂੰ ਜੱਛ ਗੰਧ੍ਰਬ ਉਰਗ ਕਹੂੰ ਬਿਦਿਆਧਰ
ਕਹੂੰ ਭਏ ਕਿੰਨਰ ਪਿਸਾਚ ਕਹੂੰ ਪ੍ਰੇਤ ਹੋ॥

ਕਿਧਰੇ ਤੂੰ ਚੋਟੀ ਦਾ ਸੰਗੀਤਕਾਰ ਹੈਂ। ਦੇਵਤਿਆਂ ਦੀ ਸਭਾ ਵਿਚ ਗਾਇਨ ਕਰਨ ਵਾਲਾ। ਅਨਾਹਦ ਨਾਦ ਦੀ ਧੁੰਨ ਵੀ ਤਾਂ ਪਰਮਾਤਮਾ ਤੋਂ ਆਉਂਦੀ ਹੈ, ਜੋ ਸੰਗੀਤਮਈ ਹੈ। ਉਸ ਦੇ ਵਿਚ ਕਈ ਸਾਜ਼ਾਂ ਦੀ ਆਵਾਜ਼ ਹੁੰਦੀ ਹੈ। ਜਿਨ੍ਹਾਂ ਨੇ ਉਸ ਧੁੰਨ ਨੂੰ ਪਕੜਿਆ ਹੈ, ਉਹ ਕਹਿੰਦੇ ਨੇ ਘੱਟ ਤੋਂ ਘੱਟ ਪੰਜ ਸਾਜ਼ਾਂ ਦੀ ਆਵਾਜ਼ ਹੁੰਦੀ ਹੈ, ਉਸ ਅਨਹਦ ਨਾਦ ਵਿਚ। ਪੰਜ ਸਾਜ਼ਾਂ ਨੂੰ ਉਹ ਇੰਜ ਕਹਿੰਦੇ ਨੇ:-

ਤਤ, ਵਿਤ, ਘਣ, ਨਾਦ, ਸੁਘਰ

ਜੋ ਤੰਤੀ ਸਾਜ਼ਾਂ ਤੋਂ ਆਵਾਜ਼ ਪੈਦਾ ਹੁੰਦੀ ਹੈ। ਸਿਤਾਰ ਹੈ, ਦਿਲਰੁਬਾ ਹੈ, ਸਾਰੰਗੀ ਹੈ, ਇਕ ਤਾਰਾ ਹੈ, ਵੀਣਾ ਹੈ, ਬਹੁਤ ਸਾਰੇ ਤੰਤੀ ਸਾਜ਼ ਨੇ। ਚਮੜੇ ਦੇ ਮੜ੍ਹੇ ਹੋਏ ਸਾਜ਼, ਢੋਲਕ ਹੈ, ਮਰਦੰਗ ਹੈ, ਤਬਲਾ ਹੈ, ਮੰਜੀਰ ਹੈ, ਢੱਡ ਹੈ। ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਨੇ। ਧਾਤੂਆਂ ਨਾਲ ਜੋ ਧਾਤੂਆਂ ਟਕਰਾਉਂਦੀਆਂ ਨੇ, ਪਿਤਲ ਨਾਲ ਪਿਤਲ, ਲੋਹੇ ਨਾਲ ਲੋਹਾ, ਘੁੰਗਰੂ, ਖੜਤਾਲਾਂ ਇਤਿਆਦਿਕ। ਇਕ ਚੌਥੀ ਆਵਾਜ਼ ਜੋ ਉਸ ਦੇ ਵਿਚ ਮਿਸ਼ਰਤ, ਬ੍ਰਹਮ ਗਿਆਨੀਆਂ ਨੂੰ ਸੁਣਾਈ ਦਿੱਤੀ ਹੈ, ਅਨਾਹਦ ਨਾਦ। ਉਸ ਨੂੰ ਵੀ ਦੱਸਣਾ ਸੀ, ਉਹ ਕੀ ਹੈ? ਘੜੇ ਦੇ ਉੱਪਰ ਜਿਹੜੀ ਥਾਪ ਦਿੱਤੀ ਜਾਂਦੀ ਹੈ ਅਤੇ ਉਸ ਵਿਚੋਂ ਜਿਹੜੀ ਆਵਾਜ਼ ਨਿਕਲਦੀ ਹੈ। ਸੰਗੀਤ ਆਚਾਰੀਆ ਘੜੇ ਨੂੰ ਵੀ ਵਰਤਦੇ ਨੇ। ਇਸ ਨੂੰ ਨਾਦ ਸ਼ਬਦ ਕਰਕੇ ਕਹਿੰਦੇ ਨੇ। **ਸੁਘਰ ਸਵਾਸ ਪਹਿਚਾਨ**। ਸ਼ਹਿਨਾਈ, ਮੁਰਲੀ, ਨਰਸਿੰਘਾ, ਸੰਖ, ਹਾਰਮੋਨੀਅਮ। ਜੋ ਹਵਾ ਦੇ ਨਾਲ ਵਜਦੇ ਨੇ ਸਾਜ਼। ਪਵਨ ਦੇ ਨਾਲ ਵਜਦੇ ਨੇ ਸਾਜ਼। ਇਸ ਤਰ੍ਹਾਂ ਦੀਆਂ ਪੰਜ ਆਵਾਜ਼ਾਂ।

ਕਈ ਤਰ੍ਹਾਂ ਦੇ ਤੰਤੀ ਸਾਜ਼ਾਂ ਦੀ ਆਵਾਜ਼, ਕਈ ਤਰ੍ਹਾਂ ਦੇ ਚਮੜੇ ਦੇ ਮੜ੍ਹੇ ਹੋਏ ਸਾਜ਼ਾਂ ਦੀ ਆਵਾਜ਼। ਜੋ ਅੱਜਕੱਲ ਦੇ ਸੰਗੀਤਕਾਰ ਮੈਂ ਵਰਤਦੇ ਦੇਖੇ ਨੇ। ਭਾਈ ਸਾਹਿਬ ਭਾਈ ਨੰਦ ਲਾਲ ਜੀ ਦੀ ਇਕ ਗ਼ਜ਼ਲ ਦੀ ਮੈਂ ਵਿਆਖਿਆ ਕਰ ਰਿਹਾ ਸੀ। ਚੋਟੀ ਦੇ ਸੰਗੀਤਕਾਰ, ਉਨ੍ਹਾਂ ਨੇ ਉਸ ਦਾ ਮਿਊਜ਼ਿਕ (Music) ਦਿੱਤਾ ਸੀ। ਇਕ ਚੋਟੀ ਦਾ ਮੁਸਲਿਮ ਗਾਇਕ, ਉਸ ਨੇ ਗਾਇਨ ਕੀਤੇ ਸਨ। ਇਹ ਟੇਪ ਨਦੀਮ ਤੇ ਅਰਜਨ ਨੇ ਬੰਬਈ ਵਿਚ ਕੱਢੀ ਸੀ। ਦਸ ਹਜ਼ਾਰ ਟੇਪਾਂ ਲਿਆਂਦੀਆਂ ਸਨ, ਉਸੇ ਵਕਤ ਵਿਕ ਗਈਆਂ ਸਨ, ਬਹੁਤਾ ਵੱਡਾ ਸਮਾਗਮ ਹੋਇਆ ਸੀ। ਮੈਨੂੰ ਜਿਹੜੀ ਟੇਪ ਦਿੱਤੀ ਸੀ, ਮੇਰੇ ਕੋਲੋਂ ਦਿੱਲੀ ਵਿਚ ਇਕ ਰਿਕਾਰਡਿੰਗ ਕੰਪਨੀ ਨੇ ਮੰਗ ਲਈ ਸੀ ਅਤੇ ਅੱਜ ਤਕ ਵਾਪਸ ਨਹੀਂ ਆਈ। ਉਹ ਮੈਂ ਖ਼ੁਦ ਵੀ ਸੁਣਨਾ ਚਾਹੁੰਦਾ ਸੀ, ਕਿਉਂਕਿ ਮੈਂ ਪਹਿਲੇ ਇਕੋ ਦਫ਼ਾ ਹੀ ਸੁਣਿਆ ਸੀ। ਉਸ ਗਾਇਕ ਨੇ, ਉਸ ਵਿਚ ਗਾਇਆ ਬੜਾ ਗ਼ਜ਼ਬ ਦਾ। ਉਸ ਵਿਚ ਮੈਂ

ਦੇਖਿਆ, ਚਾਰ ਚਾਰ ਤਬਲੇ ਵਾਲੇ ਬੈਠੇ ਸਨ, ਦੋ ਦੋ ਢੋਲਕਾਂ ਵਾਲੇ ਬੈਠੇ ਸਨ, ਢੱਡ ਵੀ ਸੀ। ਮੈਂ ਕਿਹਾ ਇਤਨੇ ਚਮੜੇ ਦੇ ਸਾਜ਼। ਤੰਤੀ ਸਾਜ਼ਾਂ ਵਾਲੇ ਵੀ ਬਹੁਤ ਸਾਰੇ ਬੈਠੇ ਸਨ। ਸ਼ਹਿਨਾਈ ਵਾਦਨ ਵਾਲੇ ਵੀ ਨਾਲ ਸਨ, ਮੁਰਲੀ ਵੀ ਸੀ। ਬੜੀ ਪਿਆਰੀ ਧੁੰਨ ਉਨ੍ਹਾਂ ਨੇ ਬਣਾਈ ਸੀ ਅਤੇ ਦਾਸ ਨੇ ਉਨ੍ਹਾਂ ਦੀ ਵਿਆਖਿਆ ਕੀਤੀ ਸੀ।

ਇਹ ਇਕ ਸੌ ਅੱਠ ਸਲੋਕ ਨੇ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀਆਂ ਇਹ ੧੦੮ ਸਿਫ਼ਤਾਂ, ਭਾਈ ਨੰਦ ਲਾਲ ਜੀ ਨੇ ਗਾਇਨ ਕੀਤੀਆਂ ਨੇ। ਮਾਲਾ ਦੇ ੧੦੮ ਮਣਕੇ ਹੁੰਦੇ ਨੇ ਅਤੇ ਇਸ ਰਚਨਾ ਨੂੰ ਕਹਿੰਦੇ ਨੇ, ਮਾਲਾ ਭਾਈ ਨੰਦ ਲਾਲ। ਉਨ੍ਹਾਂ ਦੀ ਮਾਲਾ। ਉਹ ਬੋਲ ਇਸ ਤਰ੍ਹਾਂ ਦੇ ਨੇ:-

ਹੱਕ ਹੱਕ ਅੰਦੇਸ਼ ਗੁਰੂ ਗੋਬਿੰਦ ਸਿੰਘ॥
ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ॥ ੧੨੫॥

ਹੱਕ ਰਾ ਗੰਜੂਰ ਗੁਰੂ ਗੋਬਿੰਦ ਸਿੰਘ॥
ਜੁਮਲਾ ਫੈਜ਼ਿ ਨੂਰ ਗੁਰੂ ਗੋਬਿੰਦ ਸਿੰਘ॥ ੧੦੬॥

ਇਸ ਤਰ੍ਹਾਂ ਦੀਆਂ ੧੦੮, ਮੈਂ ਚਾਰ ਦਿਨਾਂ ਵਿਚ ਰਿਕਾਰਡ ਕਰਾਈਆਂ ਸਨ। ਮਿਊਜ਼ਿਕ ਉਨ੍ਹਾਂ ਨੇ ਦਿੱਤਾ ਸੀ। ਮੈਂ ਸਿਰਫ ਸਾਜ਼ਾਂ ਦੀ ਧੁੰਨ ਸੁਣ ਕੇ ਹੀ ਮਸਤ ਹੋ ਗਿਆ ਸੀ। ਮੈਂ ਕਿਹਾ ਹੱਦ ਹੋ ਗਈ, ਐਸੀ ਆਵਾਜ਼, ਐਸੀ ਲੈ-ਬੱਧੀ। ਇਤਨੇ ਤਬਲੇ, ਇਤਨੇ ਢੋਲਕ। ਮਜ਼ਾਲ ਹੈ ਲੈਅ ਦੇ ਵਿਚੋਂ ਨਿਕਲਣ। ਸ਼ਹਿਨਾਈ ਵਜ ਰਹੀ ਹੈ, ਮੁਰਲੀ ਵਜ ਰਹੀ ਹੈ, ਮਜ਼ਾਲ ਹੈ ਉਹ ਲੈਅ ਤੋਂ ਉਖੜਨ। ਬੜੀ ਤਰਤੀਬ, ਬੜੀ ਬੰਦਿਸ਼ ਔਰ ਉਹ ਧੁੰਨ ਬੜੀ ਪਿਆਰੀ। ਜਿਨ੍ਹਾਂ ਨੇ ਅਨਹਦ ਨਾਦ ਨੂੰ ਸੁਣਿਆ ਹੈ, ਉਹ ਕਹਿੰਦੇ ਨੇ ਸੈਂਕੜੇ ਤਰ੍ਹਾਂ ਦੇ ਤੰਤੀ ਸਾਜ਼ਾਂ ਦੀ ਆਵਾਜ਼ ਦੀ ਧੁੰਨ। ਸੈਂਕੜੇ ਤਰ੍ਹਾਂ ਦੇ ਚਮੜੇ ਦੇ ਮੜ੍ਹੇ ਹੋਏ ਸਾਜ਼ਾਂ ਦੀ ਧੁੰਨ, ਸੈਂਕੜੇ ਤਰ੍ਹਾਂ ਦੇ ਧਾਤੂਆਂ ਦੇ ਟਕਰਾਉਣ ਦੀ ਧੁੰਨ। ਸੈਂਕੜੇ ਤਰ੍ਹਾਂ ਦੇ ਨਾਦ ਦੀ ਧੁੰਨ ਜੋ ਘੜੇ 'ਚੋਂ ਪੈਦਾ ਹੁੰਦੀ ਹੈ ਤੇ ਸੈਂਕੜੇ ਤਰ੍ਹਾਂ ਦੀ ਸੁਘਰ, ਜੋ ਪਵਣ ਤੋਂ ਪੈਦਾ ਹੁੰਦੀ ਹੈ, ਸ਼ਹਿਨਾਈ, ਮੁਰਲੀ, ਸੰਖ ਇਤਿਆਦਿਕ। ਉਹ ਸਾਜ਼ ਗਿਣੇ ਨਹੀਂ ਜਾ ਸਕਦੇ। ਆਵਾਜ਼ ਨੂੰ ਉਨ੍ਹਾਂ ਨੇ ਫਿਰ ਪੰਜ ਹਿੱਸਿਆਂ ਵਿਚ ਵੰਡਿਆ ਹੈ। **ਤਤ, ਵਿਤ, ਘਣ, ਨਾਦ, ਸੁਘਰ।** ਐਸੀ ਉਹ ਆਵਾਜ਼ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਨੇ, ਕਿਧਰੇ ਤੂੰ ਜੱਛ ਗੰਧਰਬ ਤੇ ਕਿਨਰ ਬਣਿਆ ਹੋਇਆ ਹੈਂ। ਬੜਾ ਚੋਟੀ ਦਾ ਸੰਗੀਤਕਾਰ। ਕਿਨਰ=ਜੋ ਇਸਤ੍ਰੀ ਵੀ ਨਹੀਂ ਹੈ ਅਤੇ ਪੁਰਸ਼ ਵੀ ਨਹੀਂ। ਜਿਸ ਵਿਚ ਪੁਰਸ਼ ਦਾ ਮਾਦਾ ਵੀ ਨਹੀਂ ਹੈ ਅਤੇ ਇਸਤ੍ਰੀ ਦਾ ਮਾਦਾ ਵੀ ਨਹੀਂ ਹੈ। ਜੋ ਇਸਤ੍ਰੀ ਵਾਲੀ ਕਿਰਿਆ ਵੀ ਨਹੀਂ ਕਰ ਸਕਦਾ, ਜੋ ਪੁਰਸ਼ ਵਾਲੀ ਕਿਰਿਆ ਵੀ ਨਹੀਂ ਕਰ ਸਕਦਾ। ਉਸ ਵਿਚ ਸੰਪੰਨ ਨਹੀਂ ਹੈ। ਮਹਾਰਾਜ ਕਹਿੰਦੇ ਨੇ, ਕਿਧਰੇ ਤੂੰ ਕਿੰਨਰ ਹੈਂ, ਉਹ ਵੀ ਤੂੰ ਹੈਂ। ਇਹ ਨਹੀਂ ਕਿ ਉਹ ਕੋਈ ਹੋਰ ਹੈ।

ਹੇ ਪ੍ਰਭੂ ! ਕਿਧਰੇ ਤੂੰ ਭਟਕਦੀ ਹੋਈ ਰੂਹ ਹੈਂ। ਇਹ ਪਿਸਾਚ, ਪਰੇਤ ਤੇ ਭੂਤ, ਇਹ ਵੀ ਤੂੰ ਹੀ ਹੈਂ, ਜਿਸ ਨੂੰ ਜਨਮ ਨਹੀਂ ਮਿਲਿਆ ਤੇ ਅਜੇ ਤਕ ਭਟਕਦਾ ਪਿਆ ਹੈ, ਜਿਵੇਂ

ਜ਼ਮੀਨ ਦੇ ਉੱਪਰ ਮਨੁੱਖ ਚੰਗੇ ਵੀ ਹਨ ਅਤੇ ਮਾੜੇ ਵੀ ਹਨ। ਇਨ੍ਹਾਂ ਭਟਕਦੀਆਂ ਹੋਈਆਂ ਰੂਹਾਂ ਵਿਚ ਕਈ ਚੰਗੀਆਂ ਵੀ ਹਨ ਅਤੇ ਕਈ ਮਾੜੀਆਂ ਵੀ ਹਨ। ਚੰਗੀਆਂ ਨੂੰ ਦੇਵ ਰੂਹਾਂ ਕਹਿੰਦੇ ਹਨ, ਦੇਵਤੇ:-

ਕੇਤੇ ਦੇਵ ਦਾਨਵ ਮੁਨਿ ਕੇਤੇ॥ (ਜਪੁ ਜੀ ਸਾਹਿਬ)

ਮਾੜੀਆਂ ਨੂੰ ਭੂਤ, ਪਰੇਤ, ਪਿਸਾਚ ਕਹਿੰਦੇ ਨੇ- ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਮਹਾਂਵਾਕ:-

ਕਈ ਕੋਟਿ ਭੂਤ ਪ੍ਰੇਤ ਸੂਕਰ ਮ੍ਰਿਗਾਚ॥ (ਅੰਗ ੨੭੬)

ਹੇ ਪ੍ਰਭੂ ! ਇਹ ਵੀ ਤੇਰੀ ਲੀਲਾ, ਇਹ ਭੀ ਤੇਰਾ ਰੂਪ। ਇਹ ਭੂਤ ਰੂਪ ਵੀ ਤੂੰ ਹੈਂ, ਗੁਸਤਾਖ਼ੀ ਮੁਆਫ਼ ਕਰਨਾ। ਇਹ ਪਰੇਤ ਵੀ ਤੂੰ, ਇਹ ਪਿਸਾਚ ਵੀ ਤੂੰ।

ਕਹੂੰ ਹੁਇ ਕੈ ਹਿੰਦੂਆ ਗਾਇਤ੍ਰੀ ਕੋ ਗੁਪਤ ਜਪਿਓ
ਕਹੂੰ ਹੁਇ ਕੈ ਤੁਰਕਾ ਪੁਕਾਰੇ ਬਾਂਗ ਦੇਤ ਹੋ ॥੨॥੧੨॥

(ਦਸਮ ਗ੍ਰੰਥ, ਅੰਗ ੧੨)

ਪਰ ਹੇ ਪ੍ਰਭੂ ! ਕਿਧਰੇ ਤੂੰ ਨਿਰੋਲ ਸ਼ੁੱਧ ਹਿੰਦੂ ਹੈਂ। ਉਹ ਵੀ ਤੂੰ ਹੀ ਹੈਂ, ਕੋਈ ਹੋਰ ਨਹੀਂ ਹੈ। ਗੁਫ਼ਾ ਵਿਚ ਬੈਠ ਕੇ ਗਾਇਤਰੀ ਦੇ ਮੰਤਰਾਂ ਦਾ ਜਪ ਪਿਆ ਕਰਦਾ ਹੈਂ। ਫਿਰ ਤੈਨੂੰ ਹਿੰਦੂ ਹੋਣਾ ਚੰਗਾ ਨਹੀਂ ਲੱਗਿਆ, ਪਤਾ ਨਹੀਂ ਕਿਉਂ? ਫਿਰ ਤੂੰ ਤੁਰਕ ਬਣ ਗਿਆ ਹੈਂ। ਹੁਣ ਤੂੰ ਮਸਜਿਦ ਦੇ ਮੁਨਾਰੇ 'ਤੇ ਬਾਂਗ ਪਿਆ ਦਿੰਦਾ ਹੈਂ, ਉਹ ਵੀ ਤੂੰ ਹੀ ਹੈਂ, ਇਹ ਵੀ ਤੂੰ ਹੀ ਹੈਂ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਇਹ ਅਕਾਲ ਉਸਤਤ, ਪਰਮਾਤਮਾ ਦੀ ਉਸਤਤ ਪਏ ਕਰਦੇ ਨੇ। ਉਹ ਜੋ ਗੁਫ਼ਾ ਵਿਚ ਬੈਠ ਕੇ ਗਾਇਤਰੀ ਦਾ ਜਪ ਪਿਆ ਕਰਦਾ ਹੈ, ਹਿੰਦੂ ਬਣ ਕੇ, ਇਹ ਵੀ ਤੂੰ ਹੈਂ ਅਤੇ ਜੋ ਮੁਸਲਮਾਨ ਬਣ ਕੇ ਮਸਜਿਦ ਦੇ ਮੁਨਾਰੇ 'ਤੇ ਚੜ੍ਹ ਕੇ ਬਾਂਗ ਪਿਆ ਦਿੰਦਾ ਹੈ, ਹੇ ਪ੍ਰਭੂ ! ਇਹ ਵੀ ਤੂੰ ਹੈਂ।

ਕਹੂੰ ਕੋਕ ਕਾਬ ਹੁਇ ਕੈ ਪੁਰਾਨ ਕੋ ਪੜਤ ਮਤ
ਕਤਹੂੰ ਕੁਰਾਨ ਕੋ ਨਿਦਾਨ ਜਾਨ ਲੇਤ ਹੋ ॥੨॥੧੨॥

(ਦਸਮ ਗ੍ਰੰਥ, ਅੰਗ ੧੨)

ਕਿਧਰੇ ਤੂੰ ਪੌਰਾਣਾਂ ਦਾ ਬੜਾ ਗਿਆਨੀ ਹੈਂ ਅਤੇ ਵਿਆਖਿਆ ਕਵਿਤਾ ਵਿਚ ਕਰਦਾ ਹੈਂ। ਬੜੀਆਂ ਸੋਹਣੀਆਂ ਕਵਿਤਾਵਾਂ ਬਣਾ ਲੈਂਦਾ ਹੈਂ, ਪੁਰਾਣਾਂ ਦੀ ਵਿਆਖਿਆ ਕਰਦਿਆਂ ਹੋਇਆਂ। ਪਰ ਹੇ ਪ੍ਰਭੂ! ਤੂੰ ਕਿਧਰੇ ਕੁਰਾਨ ਦਾ ਹਾਫ਼ਿਜ਼ ਹੈਂ, ਸਾਰੀ ਕੁਰਾਨ ਅਰਥਾਂ ਸਮੇਤ ਤੈਨੂੰ ਕੰਠ ਹੈ। ਤੈਨੂੰ ਉਸ ਦਾ ਅਰਥ ਬੋਧ ਵੀ ਹੈ।

ਕਹੂੰ ਬੇਦ ਰੀਤ ਕਹੂੰ ਤਾ ਸਿਉ ਬਿਪ੍ਰੀਤ
ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥੪॥੧੪॥

ਪਾਤਸ਼ਾਹ ਇੱਥੇ ਹੀ ਸਮਾਪਤ ਨਹੀਂ ਕਰਦੇ:-

ਕਹੂੰ ਦੇਵਤਾਨ ਕੇ ਦਿਵਾਨ ਮੈ ਬਿਰਾਜਮਾਨ
ਕਹੂੰ ਦਾਨਵਾਨ ਕੋ ਗੁਮਾਨ ਮਤ ਦੇਤ ਹੋ॥ ੩॥ ੧੩॥

(ਦਸਮ ਗ੍ਰੰਥ, ਅੰਗ ੧੨)

ਜਿਨ੍ਹਾਂ ਦੇ ਦੀਵੇ ਜਲ ਗਏ ਨੇ, ਉਹ ਦੇਵਤੇ। ਕਿਧਰੇ ਮੈਂ ਤੈਨੂੰ ਦੇਖਦਾ ਹਾਂ ਕਿ ਤੂੰ ਦੇਵਤਿਆਂ ਦੀ ਸਭਾ ਵਿਚ ਹੈਂ। ਬੜਾ ਗਿਆਨੀ, ਬੜਾ ਚਾਨਣਾ, ਬੜੀ ਸੂਝ, ਬੜੀ ਸਮਝ। ਮੈਂ ਫਿਰ ਦੇਖਦਾ ਹਾਂ ਕਿ ਕਿਧਰੇ ਤੂੰ, **ਕਹੂੰ ਦਾਨਵਾਨ** ਹੋ। ਇੱਥੇ ਦਾਨਵਾਨ ਲਫ਼ਜ਼ ਫ਼ਾਰਸੀ ਦਾ ਹੈ, ਭਾਵ ਸਿਆਣਾ (ਦਾਨਵ, ਦਾ-ਨਾਅ)। ਦਾਨਵਾਨ ਤੋਂ ਮੁਰਾਦ ਸਿਆਣਾ, ਬਲਕਿ ਇਹ ਮੁਰਾਦ ਨਹੀਂ ਕਿ ਦਾਨੀ। ਕਿਧਰੇ ਤੂੰ ਦੇਵਤਿਆਂ ਦੀ ਤਰ੍ਹਾਂ ਸਿਆਣਾ ਹੈਂ। ਦੇਵਤਿਆਂ ਦੀ ਤਰ੍ਹਾਂ ਰੌਸ਼ਨ-ਦਿਮਾਗ਼ ਹੈਂ। ਦੇਵਤਿਆਂ ਦੀ ਤਰ੍ਹਾਂ ਸੂਝ ਬੂਝ ਰੱਖਣ ਵਾਲਾ, ਬੜਾ ਹੰਕਾਰੀ। ਬੜੀ ਹੰਕਾਰ ਦੀ ਮੱਤ ਨਾਲ ਭਰਿਆ ਹੋਇਆ ਹੈਂ ਕਿ ਮੈਂ ਬਹੁਤ ਜਾਣਦਾ ਹਾਂ। ਮੈਨੂੰ ਬੜਾ ਇਲਮ ਹੈ, ਮੈਂ ਦਾਨਾ ਹਾਂ। ਗਿਆਨੀ ਬੜੇ ਹੰਕਾਰੀ ਹੁੰਦੇ ਨੇ। ਇਲਮ ਦਾ ਹੰਕਾਰ ਸਭ ਤੋਂ ਭੈੜਾ ਹੰਕਾਰ ਹੁੰਦਾ ਹੈ। ਇਸ ਵਾਸਤੇ ਬਹੁਤ ਪੜ੍ਹੇ ਲਿਖੇ ਬੰਦੇ ਦਾ, ਬਹੁਤ ਗਿਆਨੀ ਦਾ, ਕਈ ਦਫ਼ਾ ਆਸਤਿਕ ਹੋਣਾ ਔਖਾ ਹੋ ਜਾਂਦਾ ਹੈ। ਉਸ ਦਾ ਗਿਆਨ ਹੀ ਗੁਮਾਨ ਬਣ ਕੇ ਰਸਤੇ ਦੀ ਦੀਵਾਰ ਬਣ ਜਾਂਦਾ ਹੈ। ਉਸ ਦੀ ਸੂਝ ਬੂਝ ਹੀ ਹੰਕਾਰ ਬਣ ਕੇ ਨਿਰੰਕਾਰ ਦੇ ਮਾਰਗ ਦੀ ਦੀਵਾਰ ਬਣ ਜਾਂਦੀ ਹੈ। ਮਹਾਰਾਜ ਕਹਿੰਦੇ ਨੇ ਇਹ ਵੀ ਤੂੰ ਹੈਂ, ਗਲ ਖ਼ਤਮ। ਕਿਧਰੇ ਤੂੰ ਸਿਆਣਿਆਂ ਦੀ ਸਭਾ ਵਿਚ, ਰੌਸ਼ਨ ਦਿਮਾਗ਼ਾਂ ਦੀ ਸਭਾ ਵਿਚ ਤੂੰ ਬੈਠਾ ਹੈਂ। ਗੁਮਾਨ ਨਹੀਂ। ਉਨ੍ਹਾਂ ਦੀ ਮਹਿਫ਼ਲ ਵਿਚ ਭਗਵਾਨ ਹੀ ਭਗਵਾਨ ਹੈਂ, ਤੂੰ ਹੀ ਬੈਠਾ ਹੈਂ। ਉਨ੍ਹਾਂ ਦੀ ਸਿਆਣਪ ਵਿਚ ਤੂੰ ਬੈਠਾ ਹੈਂ। ਉਨ੍ਹਾਂ ਦੇ ਗਿਆਨ ਵਿਚ ਤੂੰ ਬੈਠਾ ਹੈਂ। ਉਨ੍ਹਾਂ ਦੀ ਰੌਸ਼ਨੀ ਵਿਚ ਤੂੰ ਬੈਠਾ ਹੈਂ। ਕਿਧਰੇ ਇਕ ਦੂਜਾ ਤਬਕਾ, ਉਨ੍ਹਾਂ ਕੋਲ ਰੌਸ਼ਨੀ ਤਾਂ ਹੈ, ਉਨ੍ਹਾਂ ਕੋਲ ਚਾਨਣਾ ਤਾਂ ਹੈ, ਇਲਮ ਤਾਂ ਹੈ, ਪਰ ਜਿਵੇਂ ਦੀਵੇ ਨੂੰ ਕਿਸੇ ਲੋਹੇ ਦੇ ਭਾਂਡੇ ਨਾਲ ਢੱਕ ਦੇਈਏ ਤਾਂ ਰੌਸ਼ਨੀ ਮਹਿਦੂਦ ਹੋ ਜਾਂਦੀ ਹੈ। ਭਾਈ ਗੁਰਦਾਸ ਜੀ ਨੇ ਇਸ ਦੇ ਉੱਪਰ ਉਦਾਹਰਣ ਵੀ ਦਿੱਤਾ ਹੈ:-

ਭਾਂਜਨ ਕੈ ਜੈਸੇ ਕੋਊ ਦੀਪਕੈ ਦੁਰਾਇ ਰਾਖੈ,
ਮੰਦਰ ਮੈ ਅਛਤ ਹੀ ਦੂਸਰੋ ਨ ਜਾਨਈ॥

(ਵਾਰਾਂ ਭਾ.ਗੁ., ਅੰਗ ੪੨)

ਜਲਦਾ ਹੋਇਆ ਦੀਵਾ ਹੈ, ਭਾਵੇਂ ਜਿਸ ਨੇ ਜਲਾਇਆ ਹੈ, ਜਲਦੇ ਹੋਏ ਦੀਵੇ 'ਤੇ ਹੁਣ ਉਸ ਨੇ ਲੋਹੇ ਦਾ ਢੱਕਣ ਰੱਖ ਦਿੱਤਾ ਹੈ। ਦੀਵਾ ਤਾਂ ਜਲਦਾ ਪਿਆ ਹੈ, ਬੁਝਿਆ ਨਹੀਂ, ਪਰ ਚਾਨਣਾ ਮਹਿਦੂਦ ਹੋ ਗਿਆ ਹੈ। ਕਮਰੇ ਵਿਚ ਅੰਧੇਰਾ ਹੋ ਗਿਆ ਹੈ। ਕੁਛ ਵੀ ਦਿਖਾਈ ਨਹੀਂ ਦਿੰਦਾ। ਦਾਨਵਾਨ (ਗਿਆਨੀ / ਸਿਆਣਾ) ਦੀਵਾ ਤੇ ਜਲਦਾ ਪਿਆ ਹੈ, ਰੌਸ਼ਨ ਦਿਮਾਗ਼ ਹੈ ਪਰ ਹੰਕਾਰ ਦਾ ਭਾਂਡਾ ਉੱਪਰ ਪਾ ਦਿੱਤਾ, ਇਸ ਲਈ ਅਨ੍ਹੇਰਾ ਹੀ ਅਨ੍ਹੇਰਾ। ਸ਼ੇਖ਼ ਸਾਅਦੀ ਨੇ ਤੇ ਇਕ ਜਗ੍ਹਾ ਕਹਿ ਹੀ ਦਿੱਤਾ ਹੈ ਕਿ ਅਗਿਆਨੀ ਤਾਂ ਅਨ੍ਹੇਰੇ

ਵਿਚ ਹੁੰਦਾ ਹੀ ਹੈ, ਪਰ ਉਸ ਦੀ ਅਨ੍ਹੇਰੀ ਰਾਤ ਵਿਚ ਤਾਰੇ ਜ਼ਰੂਰ ਹੁੰਦੇ ਨੇ, ਪਰ ਜੋ ਗਿਆਨੀ ਹੈ, ਉਹ ਤੇ ਮੱਸਿਆ ਦੀ ਰਾਤ ਹੈ। ਤਾਰੇ ਵੀ ਨਹੀਂ ਹੁੰਦੇ। ਉਹ ਇੰਝ ਆਖਦਾ ਹੈ। ਬੱਦਲ ਵੀ ਹੁੰਦੇ ਨੇ, ਘੁੱਪ ਹਨੇਰਾ ਵੀ ਹੁੰਦਾ ਹੈ, ਕਿਉਂਕਿ ਗਿਆਨੀ ਦੇ ਗਿਆਨ ਦੇ ਨਾਲ ਗੁਮਾਨ ਵੀ ਹੁੰਦਾ ਹੀ ਹੈ। ਮੈਂ ਗਿਆਨੀ, ਗੁਮਾਨੀ ਦੇਖੇ ਨੇ, ਬੜੇ ਭਿਅੰਕਰ ਦੇਖੇ ਨੇ। ਗਿਆਨਵਾਨ ਹੋਵੇ ਤੇ ਹੰਕਾਰ ਨਾਲ ਭਰਿਆ ਨਾ ਹੋਵੇ, ਐਸਾ ਕਦੇ ਕਦਾਈਂ ਹੁੰਦਾ ਹੈ, ਨਹੀਂ ਤੇ ਗਿਆਨ ਤੇ ਗੁਮਾਨ/ਹੰਕਾਰ ਇਕੱਠੇ ਰਹਿੰਦੇ ਨੇ। ਕਲਗੀਧਰ ਪਿਤਾ ਨੇ ਸੋਹਣਾ ਜੋੜ ਜੋੜਿਆ ਹੈ। ਹੇ ਪ੍ਰਭੂ ! ਜਿਹੜੇ ਗਿਆਨਵਾਨ ਨੇ, ਉਨ੍ਹਾਂ ਵਿਚ ਤੂੰ ਆਪ ਬੈਠਾ ਹੈਂ। ਪਰ ਹੇ ਭਗਵਾਨ ! ਕਿਧਰੇ ਤੂੰ ਨਹੀਂ ਹੈਂ, ਗੁਮਾਨ ਹੀ ਬੈਠਾ ਹੈ, ਪਰ ਉਹ ਵੀ ਤੇਰਾ ਹੀ ਰੂਪ ਹੈ।

ਕਹੂੰ ਇੰਦ੍ਰ ਰਾਜਾ ਕੋ ਮਿਲਤ ਇੰਦ੍ਰ ਪਦਵੀ ਸੀ
ਕਹੂੰ ਇੰਦ੍ਰ ਪਦਵੀ ਛਿਪਾਇ ਛੀਨ ਲੇਤ ਹੋ॥

(ਦਸਮ ਗ੍ਰੰਥ, ਅੰਗ ੧੨)

ਇੰਦਰਿਆਂ ਦੇ ਰਸ ਜਿਸ ਦੇ ਕੋਲ ਪੂਰੇ ਨੇ, ਜੋ ਵੇਖਣ ਨੂੰ ਚਾਹੀਦਾ ਹੈ, ਉਹ ਹੈ। ਜੋ ਸੁਣਨ ਨੂੰ ਚਾਹੀਦਾ ਹੈ, ਉਹ ਹੈ। ਜੋ ਖਾਣ ਨੂੰ ਚਾਹੀਦਾ ਹੈ, ਉਹ ਹੈ। ਜੋ ਸਪਰਸ਼ ਕਰਨ ਨੂੰ ਚਾਹੀਦਾ ਹੈ, ਉਹ ਹੈ। ਜੋ ਸੁੰਘਣ ਨੂੰ ਚਾਹੀਦਾ ਹੈ, ਉਹ ਹੈ। ਭੰਡਾਰ ਭਰੇ ਪਏ ਨੇ, ਇੰਦਰ ਕੋਲ। ਕਿਧਰੇ ਤੂੰ ਕਈਆਂ ਨੂੰ ਇੰਦਰ ਪਦਵੀ ਦੇ ਦਿੰਦਾ ਹੈਂ। ਇਤਨਾ ਧਨਵਾਨ ਬਣਾ ਦਿੰਦਾ ਹੈਂ। ਇੰਦਰਿਆਂ ਦਾ ਇਤਨਾ ਰਸੀਆ ਬਣਾ ਦਿੰਦਾ ਹੈਂ।

ਕੁਦਰਤੀ ਗੱਲ ਹੈ, ਧਨ ਦੇ ਵਧਦਿਆਂ, ਪਦਾਰਥਾਂ ਦੇ ਵਧਦਿਆਂ ਮਨੁੱਖ ਇੰਦਰਿਆਂ ਦਾ ਰਸੀਆ ਹੋ ਜਾਂਦਾ ਹੈ। ਅਮਰੀਕਾ ਵਿਚ ਅੱਜ ਸਭ ਤੋਂ ਵੱਡੀ ਸਮੱਸਿਆ ਕੀ ਹੈ? ਬਹੁਤਾ ਖਾਣਾ। ੬੦ ਫ਼ੀ ਸਦੀ ਲੋਗ ਓਥੇ ਸੀਮਾ ਤੋਂ ਜ਼ਿਆਦਾ ਭਾਰੀ ਨੇ। ਇੱਥੇ ਤਾਂ ਉਸ ਤਰ੍ਹਾਂ ਦਾ ਇਕ ਵੀ ਮਨੁੱਖ ਨਹੀਂ। ਚਾਰ ਚਾਰ ਪੰਜ ਪੰਜ ਬੰਦੇ ਇਕੱਠੇ ਕਰੀਏ ਉਹ ਇਕ ਬਣੇਗਾ। ਇਤਨੇ ਭਾਰੇ ਮਨੁੱਖ ਨੇ। ਉਸ ਦੇ ਨਾਲ ਭਿਅੰਕਰ ਰੋਗ ਜਨਮ ਲੈ ਰਹੇ ਨੇ। ਧਨ ਬਹੁਤਾ ਹੈ ਤਾਂ ਇੰਦਰਿਆਂ ਦਾ ਬੜਾ ਪ੍ਰਬਲ ਰਸ। ਪਰਵਾਰ ਟੁੱਟ ਗਏ ਨੇ। ਪਸ਼ੂਆਂ ਦੀ ਤਰ੍ਹਾਂ ਜ਼ਿੰਦਗੀ ਬਤੀਤ ਕੀਤੀ ਜਾ ਰਹੀ ਹੈ। ਰੋਜ਼ ਦੀਆਂ ਸ਼ਾਦੀਆਂ, ਰੋਜ਼ ਦੇ ਤਲਾਕ, ਪਸ਼ੂਆਂ ਵਾਲੀ ਜ਼ਿੰਦਗੀ, ਬਸ ਇੰਦਰਿਆਂ ਦਾ ਰਸ ਹੀ ਸਭ ਕੁਛ ਹੈ, ਬਾਕੀ ਕੁਛ ਵੀ ਨਹੀਂ। ਮਨੁੱਖਤਾ, ਇਨਸਾਨੀਅਤ ਸਭ ਛਿੱਕੇ 'ਤੇ ਟੰਗ ਦਿੱਤੀ।

ਕਤਹੂੰ ਬਿਚਾਰ ਅਬਿਚਾਰ ਕੋ ਬਿਚਾਰਤ ਹੋ
ਕਹੂੰ ਨਿਜ ਨਾਰ ਪਰ ਨਾਰ ਕੇ ਨਿਕੇਤ ਹੋ॥

(ਦਸਮ ਗ੍ਰੰਥ, ਅੰਗ ੧੨)

ਕਿਧਰੇ ਤੂੰ ਬੜਾ ਦਾਰਸ਼ਨਿਕ ਹੈਂ, ਵਿਚਾਰਕ ਹੈਂ। ਕੀ ਗ੍ਰਹਿਣ ਕਰਨਾ ਚਾਹੀਦਾ ਹੈ, ਕੀ ਨਹੀਂ ਕਰਨਾ ਚਾਹੀਦਾ। ਕੀ ਖਾਣਾ ਚਾਹੀਦਾ ਹੈ, ਕੀ ਨਹੀਂ ਖਾਣਾ ਚਾਹੀਦਾ। ਕੀ ਦੇਖਣਾ ਚਾਹੀਦਾ ਹੈ, ਕੀ ਨਹੀਂ ਦੇਖਣਾ ਚਾਹੀਦਾ। ਤੂੰ ਆਪਣੀ ਦਰਿਸ਼ਟੀ ਨਾਲ ਵਿਚਾਰ

ਨੂੰ ਜੋੜਦਾ ਹੈਂ। ਤੂੰ ਆਪਣੇ ਬੋਲਣ ਨਾਲ ਵਿਚਾਰ ਨੂੰ ਜੋੜਦਾ ਹੈਂ। ਤੂੰ ਆਪਣੇ ਸੁਣਨ ਨਾਲ ਵਿਚਾਰ ਨੂੰ ਜੋੜਦਾ ਹੈਂ। ਕਿਧਰੇ ਬਿਲਕੁਲ ਅਵਿਚਾਰੀ ਅਤੇ ਪਰ ਨਾਰ ਦਾ ਮੁਖੀ ਬਣਿਆ ਹੋਇਆ ਹੈਂ। ਪਰ ਨਰ ਦਾ ਨਿਕੇਤ ਬਣਿਆ ਹੋਇਆ ਹੈਂ। ਵੇਖਦਾ ਹੀ ਨਹੀਂ ਕਿ ਨਿੱਜ ਹੈ ਜਾਂ ਪਰ ਹੈ, ਇਹ ਤੂੰ ਸੋਚਦਾ ਹੀ ਨਹੀਂ। ਸੰਸਾਰ ਵਿਚ ਦੁਰਾਚਾਰ ਤਾਂ ਬਹੁਤ ਹੈ। ਮਹਾਰਾਜ ਉਸ ਦਾ ਜ਼ਿਕਰ ਪਏ ਕਰਦੇ ਨੇ। ਸਮ ਦਰਿਸ਼ਟ ਤੇ ਬ੍ਰਹਮ ਦਰਿਸ਼ਟ, ਮਹਾਰਾਜ ਜੀ ਇਸ ਦੇ ਵਿਚ ਵੀ ਉਸ ਨੂੰ ਲੈ ਲੈਂਦੇ ਨੇ:-

ਕਹੂੰ ਬੇਦ ਗੀਤ ਕਹੂੰ ਤਾ ਸਿਉ ਬਿਪ੍ਰੀਤ
ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥ ੪॥ ੧੪॥

ਸਤਿਗੁਰ ਅੱਗੇ ਕਹਿੰਦੇ ਨੇ:-

ਕਹੂੰ ਸ਼ਸਤ੍ਰਧਾਰੀ ਕਹੂੰ ਬਿਦਿਆ ਕੇ ਬਿਚਾਰੀ
ਕਹੂੰ ਮਾਰਤ ਅਹਾਰੀ ਕਹੂੰ ਨਾਰ ਕੇ ਨਿਕੇਤ ਹੋ॥
(ਦਸਮ ਗ੍ਰੰਥ, ਅੰਗ ੧੨)

ਕਿਧਰੇ ਤੂੰ ਹਰ ਮਸਲਾ ਸ਼ਸਤਰ ਨਾਲ ਹਲ ਕਰਨਾ ਚਾਹੁੰਦਾ ਹੈਂ। ਹਥਿਆਰ ਨਾਲ ਹਲ ਕਰਨਾ ਚਾਹੁੰਦਾ ਹੈਂ ਅਤੇ ਹੁੰਦਾ ਹੈ। ਕਿਧਰੇ ਤੂੰ ਗੱਲ ਗੱਲਬਾਤ ਨਾਲ ਹਲ ਕਰਨਾ ਚਾਹੁੰਦਾ ਹੈਂ। **ਬਿਦਿਆ ਕੇ ਬਿਚਾਰੀ,** ਵਿਦਿਆ ਨੂੰ ਅੱਗੇ ਕਰਦਾ ਹੈਂ। ਕਿਧਰੇ ਤੇਰੇ ਬੋਲਾਂ ਵਿਚ ਦਿਵੈ ਸ਼ਾਂਤੀ ਟਪਕਦੀ ਹੈ, ਕਿਧਰੇ ਤੇਰੇ ਬੋਲਾਂ ਵਿਚ ਚਾਨਣ ਹੀ ਚਾਨਣ ਹੈ।

ਕਹੂੰ ਦੇਵ ਬਾਨੀ ਕਹੂੰ ਸਾਰਦਾ ਭਵਾਨੀ
ਕਹੂੰ ਮੰਗਲਾ ਮ੍ਰਿੜਾਨੀ ਕਹੂੰ ਸਿਆਮ ਕਹੂੰ ਸੇਤ ਹੋ॥

ਕਿਧਰੇ ਤੇਰੇ ਬੋਲਾਂ ਵਿਚ ਅਨ੍ਹੇਰਾ ਹੀ ਅਨ੍ਹੇਰਾ ਹੈ। ਹੁਣ ਕਿਸੇ ਨੂੰ ਗਾਲ੍ਹ ਕੱਢੀਏ, ਅਗਲੇ ਨੂੰ ਚੋਟ ਪਹੁੰਚਦੀ ਹੈ। ਅਨ੍ਹੇਰੇ ਵਿਚ ਤਾਂ ਠੋਕਰਾਂ ਹੁੰਦੀਆਂ ਨੇ, ਕਈਆਂ ਦੇ ਬੋਲ ਹੀ ਅਨ੍ਹੇਰੇ ਵਰਗੇ ਨੇ। ਅਗਲੇ ਨੂੰ ਚੋਟ ਕਰ ਜਾਂਦੇ ਨੇ। ਪਰ ਕਿਧਰੇ ਹੇ ਪ੍ਰਭੂ! ਤੇਰੇ ਬੋਲ ਦੇਵਤਿਆਂ ਵਰਗੇ ਨੇ। ਬੜਾ ਪ੍ਰਕਾਸ਼, ਬੜਾ ਚਾਨਣਾ ਹੈ ਉਨ੍ਹਾਂ ਵਿਚ। ਪਰ ਕਿਧਰੇ ਤੂੰ ਇਸਤ੍ਰੀਆਂ ਵਿਚ ਸਾਧਾਰਨ ਇਸਤ੍ਰੀ ਨਹੀਂ, ਸਰਸਵਤੀ ਹੈਂ, ਮਹਾਨ ਦੇਵੀ ਹੈਂ। ਕਿਧਰੇ ਦਿੱਬਯ ਸ਼ਕਤੀ ਹੈਂ। ਤੇਰੇ ਕੋਲ ਬੜੀ ਵਿੱਦਿਆ ਹੈ। ਤੂੰ ਆਮ ਇਸਤ੍ਰੀ ਨਹੀਂ ਹੈਂ। ਤੂੰ ਆਮ ਔਰਤ ਨਹੀਂ ਹੈਂ। ਸਾਰਦਾ ਹੈਂ, ਸਰਸਵਤੀ ਹੈਂ।

ਕਹੂੰ ਧਰਮ ਧਾਮੀ ਕਹੂੰ ਸਰਬ ਠਉਰ ਗਾਮੀ
ਕਹੂੰ ਜਤੀ ਕਹੂੰ ਕਾਮੀ ਕਹੂੰ ਦੇਤ ਕਹੂੰ ਲੇਤ ਹੋ॥

ਕਿਧਰੇ ਤੂੰ ਤੀਰਥਾਂ ਦੇ ਉੱਤੇ ਜਾ ਰਿਹਾ ਹੈਂ। ਧਰਮ ਧਾਮੀ (ਧਰਮ ਅਸਥਾਨਾਂ ਦੀ ਤਰਫ਼ ਭੱਜ ਰਿਹਾ ਹੈਂ)। ਕਿਧਰੇ ਤੂੰ ਰਾਮ ਦੇ ਮੰਦਰਾਂ ਦੀ ਤਰਫ਼ ਦੌੜ ਰਿਹਾ ਹੈਂ। ਗੁਸਤਾਖ਼ੀ ਮੁਆਫ਼, ਕਿਧਰੇ ਤੂੰ ਕਾਮ ਦੇ ਮੰਦਰਾਂ ਦੀ ਤਰਫ਼ ਦੌੜ ਰਿਹਾ ਹੈਂ। ਕਿਧਰੇ ਜਤੀ ਬਣਿਆ

ਪਿਆ ਹੈਂ, ਕਿਧਰੇ ਕਾਮੀ ਬਣਿਆ ਪਿਆ ਹੈਂ। ਬ੍ਰਹਮ ਦਰਿਸ਼ਟੀ ਵਿਚ ਇਹੀ ਕੁਝ ਹੋ ਜਾਂਦਾ ਹੈ।

ਕਹੂੰ ਜਟਾਧਾਰੀ ਕਹੂੰ ਕੰਠੀ ਧਰੇ ਬ੍ਰਹਮਚਾਰੀ
ਕਹੂੰ ਜੋਗ ਸਾਧੀ ਕਹੂੰ ਸਾਧਨਾ ਕਰਤ ਹੋ॥

ਹੇ ਪ੍ਰਭੂ ! ਮੈਂ ਤੈਨੂੰ ਕਿਧਰੇ ਜਟਾ ਜੂਟ ਦੇਖਦਾ ਹਾਂ। ਬੜੀਆਂ ਸੋਹਣੀਆਂ ਜਟਾਵਾਂ, ਬੜਾ ਸੋਹਣਾ ਤੇਰਾ ਜੂੜਾ। ਜਟਾਧਾਰੀ ਜੋਗੀ ਹੈਂ, ਉਹ ਤੂੰ ਹੀ ਹੈਂ। ਜਦ ਸਭ ਤੂੰ ਹੀ ਹੈਂ ਤਾਂ ਕਿਸ ਨਾਲ ਨਫ਼ਰਤ ਕਰੋਗੇ। ਕਿਸ ਨਾਲ ਘਿਰਣਾ ਕਰੋਗੇ, ਜਦ ਸਿਰਫ ਤੂੰ ਹੀ ਹੈਂ। ਕਿਧਰੇ ਸੰਨਿਆਸੀ ਹੈਂ, ਸਾਧਨਾ ਪਿਆ ਕਰਦਾ ਹੈਂ।

ਕਹੂੰ ਕਾਨ ਫਾਰੇ ਕਹੂੰ ਡੰਡੀ ਹੁਇ ਪਧਾਰੇ
ਕਹੂੰ ਫੂਕ ਫੂਕ ਪਾਵਨ ਕਉ ਪ੍ਰਿਥੀ ਪੈ ਧਰਤ ਹੈ॥

ਕਿਧਰੇ ਤੂੰ ਜੈਨੀ ਸਾਧੂ ਹੈਂ। ਬੈਠਦਾ ਵੀ ਹੈਂ ਪਰ ਜਗ੍ਹਾ ਸਾਫ਼ ਕਰਕੇ। ਫੂਕ ਮਾਰ ਕੇ ਤਾਂਕਿ ਕੋਈ ਕੀੜਾ ਮਕੌੜਾ ਥੱਲੇ ਨਾ ਆ ਜਾਏ। ਇਕ ਇਕ ਕਦਮ ਚਲਦਾ ਵੀ ਹੈਂ, ਪਰ ਪਹਿਲੇ ਦੇਖ ਲੈਂਦਾ ਹੈਂ ਕਿ ਜ਼ਮੀਨ 'ਤੇ ਕੋਈ ਕੀੜੀ ਪੈਰਾਂ ਥੱਲੇ ਨਾ ਆ ਜਾਏ। ਐਨਾ ਸੰਭਲ ਕੇ ਚਲਦਾ ਪਿਆ ਹੈਂ। ਇਤਨਾ ਸੰਭਲ ਕੇ ਬੈਠਦਾ ਪਿਆ ਹੈਂ। ਕਿਧਰੇ ਤੂੰ ਜੋਗੀ ਹੈਂ, ਜਟਾਧਾਰੀ ਹੈਂ ਅਤੇ ਕੰਨ ਪਾਟਾ ਹੋਇਆ ਹੈ।

ਕਤਹੂੰ ਸਿਪਾਹੀ ਹੁਇ ਕੈ ਸਾਧਤ ਸਿਲਾਹਨ ਕੌ
ਕਹੂੰ ਛਤ੍ਰੀ ਹੁਇ ਕੈ ਅਰ ਮਾਰਤ ਮਰਤ ਹੋ॥

ਕਿਧਰੇ ਤੂੰ ਬੜਾ ਸੂਰਬੀਰ ਹੈਂ, ਛਤਰੀ ਹੈਂ। ਜੋ ਜੜ੍ਹ ਬੁੱਧ ਨੇ, ਪੱਥਰ ਜੈਸਾ ਦਿਲ ਦਿਮਾਗ਼ ਰੱਖਦੇ ਨੇ, ਜੋ ਸਖ਼ਤ ਨੇ। ਤੂੰ ਆਪਣੀ ਸ਼ਕਤੀ ਨਾਲ ਉਨ੍ਹਾਂ ਨੂੰ ਤੋੜ ਦਿੰਦਾ ਹੈਂ। ਟੁਕੜੇ ਟੁਕੜੇ ਕਰ ਦਿੰਦਾ ਹੈਂ ਤੇ ਕਿਧਰੇ ਉਨ੍ਹਾਂ ਨੂੰ ਮਾਰਦਾ ਹੈਂ ਅਤੇ ਕਿਧਰੇ ਮਰਦਾ ਹੈਂ। ਕਿਧਰੇ ਸ਼ਹੀਦ ਹੁੰਦਾ ਹੈਂ, ਕਿਧਰੇ ਅਗਲੇ ਨੂੰ ਟਿਕਾਣੇ ਲਾਉਂਦਾ ਹੈਂ।

ਕਹੂੰ ਭੂਮ ਭਾਰ ਕੌ ਉਤਾਰਤ ਹੋ ਮਹਾਰਾਜ
ਕਹੂੰ ਭਵ ਭੂਤਨ ਕੀ ਭਾਵਨਾ ਭਰਤ ਹੋ ॥੫॥੧੫॥

ਕਿਧਰੇ ਸੰਸਾਰ ਦੇ ਪਦਾਰਥਾਂ ਦਾ ਲੋਭ। ਜਿਨ੍ਹਾਂ ਦੇ ਮਨ ਦੇ ਉੱਤੇ ਬੜਾ ਭਾਰੀ ਭਾਰ ਹੈ। ਤੂੰ ਗਿਆਨੀ ਬਣ ਕੇ, ਸੰਤ ਬਣ ਕੇ ਲੋਗਾਂ ਦੇ ਦਿਲ-ਦਿਮਾਗ਼ ਦਾ ਇਹ ਭਾਰ ਉਤਾਰਦਾ ਹੈਂ। ਕਿਧਰੇ ਅੱਯਾਸ਼ ਤੇ ਬਦਮਾਸ਼ ਬਣ ਕੇ ਅਤੇ ਉਨ੍ਹਾਂ ਦੇ ਤਰ੍ਹਾਂ ਤਰ੍ਹਾਂ ਦੇ ਲੈਕਚਰ ਤੇ ਗੱਲਾਂ ਕਰਕੇ, ਇਹ ਸਾਰੇ ਖ਼ਿਆਲ ਉਨ੍ਹਾਂ ਦੇ ਅੰਦਰ ਪਾਉਂਦਾ ਹੈਂ। ਇਸ ਢੰਗ ਦੀਆਂ ਕਿਤਾਬਾਂ ਵੀ ਨੇ ਅਤੇ ਲਿਟਰੇਚਰ (Literature) ਵੀ ਹੈ। ਯਾ ਇੰਝ ਕਹਿ ਲਉ ਕਿ ਸਾਰੀ ਦੁਨੀਆਂ ਦੇ ਬਾਜ਼ਾਰਾਂ ਵਿਚ ਇਤਨਾ ਰਾਮ ਦਾ ਲਿਟਰੇਚਰ ਨਹੀਂ ਮਿਲੇਗਾ, ਜਿਤਨਾ ਕਾਮ ਦਾ ਮਿਲੇਗਾ। ਸਾਰੀਆਂ ਫ਼ਿਲਮਾਂ ਵਿਚ ਐਨੀ ਧਰਮ ਦੀ ਗੱਲ ਨਹੀਂ

ਹੋਵੇਗੀ, ਜਿਤਨੀ ਕੁਕਰਮਾਂ ਦੀ ਗੱਲ ਹੈ। ਪੰਜਾਬ ਦੇ ਗਾਇਕ ਤਾਂ ਸਿਵਾਏ ਨੰਗੇਜ ਤੇ ਗੰਦੇ ਗੀਤਾਂ ਤੋਂ ਇਲਾਵਾ ਹੋਰ ਕੋਈ ਚੰਗੀ ਗੱਲ ਕਰਨਾ ਜਾਣਦੇ ਹੀ ਨਹੀਂ। ਸਾਰੇ ਪੰਜਾਬ ਦਾ ਮਾਹੌਲ ਦੂਸ਼ਿਤ ਪਏ ਕਰਦੇ ਨੇ।

ਕਹੂੰ ਗੀਤ ਨਾਦ ਕੇ ਨਿਦਾਨ ਕੌ ਬਤਾਵਤ ਹੋ
ਕਹੂੰ ਨ੍ਰਿਤਕਾਰੀ ਚਿਤ੍ਰਕਾਰੀ ਕੇ ਨਿਧਾਨ ਹੋ॥

(ਦਸਮ ਗ੍ਰੰਥ, ਅੰਗ ੧੨)

ਹੇ ਪ੍ਰਭੂ ! ਤੂੰ ਕਿਧਰੇ ਸੁਰ ਤੇ ਤਾਲ ਦੀ ਵਿਆਖਿਆ ਕਰਨ ਵਾਲਾ ਹੈਂ ਤੇ ਕਿਧਰੇ ਨਿਰਤ ਕਲਾ ਔਰ ਚਿੱਤਰਕਲਾ ਦਾ ਭੰਡਾਰ ਹੈਂ।

ਕਤਹੂੰ ਪਯੂਖ ਹੁਇ ਕੈ ਪੀਵਤ ਪਿਵਾਵਤ ਹੋ
ਕਤਹੂੰ ਮਯੂਖ ਊਖ ਕਹੂੰ ਮਦ ਪਾਨ ਹੋ॥

ਕਿਧਰੇ ਤੂੰ ਹੀ ਗਊ ਬਣ ਕੇ ਅਤੇ ਆਪ ਬਛੜਾ ਬਣ ਕੇ ਦੁੱਧ ਪੀ ਪਿਲਾ ਰਿਹਾ ਹੈਂ, ਭਾਵ ਸਰਿਸ਼ਟੀ ਪੈਦਾ ਕਰਕੇ ਉਸ ਦਾ ਪਾਲਣ-ਪੋਸਣ ਕਰਦਾ ਪਿਆ ਹੈਂ ਅਤੇ ਕਿਧਰੇ ਤੂੰ ਮਦ ਪੀ ਕੇ ਮਸਤ ਦਿਖਾਈ ਦੇ ਰਿਹਾ ਹੈਂ।

ਕਹੂੰ ਮਹਾ ਸੂਰ ਹੁਇ ਕੈ ਮਾਰਤ ਮਵਾਸਨ ਕੈ
ਕਹੂੰ ਮਹਾਦੇਵ ਦੇਵਤਾਨ ਕੇ ਸਮਾਨ ਹੋ॥

ਹੇ ਪ੍ਰਭੂ! ਕਿਧਰੇ ਤੂੰ ਸੂਰਜ ਬਣਿਆ ਪਿਆ ਹੈਂ ਅਤੇ ਕਿਧਰੇ ਕਿਰਨਾਂ ਬਣ ਕੇ ਸਾਰਿਆਂ ਨੂੰ ਜੀਵਨ ਦਾਨ ਦੇ ਰਿਹਾ ਹੈਂ ਅਤੇ ਕਿਧਰੇ ਸੂਰਬੀਰ ਬਣ ਕੇ ਸ਼ਤਰੂਆਂ ਦਾ ਨਾਸ ਕਰ ਰਿਹਾ ਹੈਂ। ਕਿਧਰੇ ਦੇਵਤਿਆਂ ਦੇ ਦੇਵਤਾ ਤੁਲ ਹੈਂ।

ਕਹੂੰ ਮਹਾਦੀਨ ਕਹੂੰ ਦ੍ਰਬ ਕੇ ਅਧੀਨ
ਕਹੂੰ ਬਿਦਿਆ ਮੈ ਪ੍ਰਬੀਨ ਕਹੂੰ ਭੂਮ ਕਹੂੰ ਭਾਨ ਹੋ॥ ੬॥ ੧੬॥

ਹੇ ਪਰਮਾਤਮਾ! ਕਿਧਰੇ ਤੂੰ ਆਪ ਹੀ ਅਤਿ ਦੀਨ ਹੋ ਜਾਂਦਾ ਹੈਂ ਅਤੇ ਕਿਧਰੇ ਤੂੰ ਬਹੁਤ ਵੱਡਾ ਅਹੰਕਾਰੀ ਅਤੇ ਵਿੱਦਿਆ ਦਾ ਮਹਾਂ ਪੰਡਿਤ ਦਿਖਾਈ ਦਿੰਦਾ ਹੈਂ। ਤੂੰ ਆਪ ਸਭ ਜਗ੍ਹਾ ਧਰਤੀ ਦੇ ਰੂਪ ਵਿਚ ਹੈਂ ਅਤੇ ਆਪ ਹੀ ਭੂਮੀ ਦਾ ਮੂਲ ਸਰੋਤ ਸੂਰਜ ਹੈਂ।

ਕਹੂੰ ਅਕਲੰਕ ਕਹੂੰ ਮਾਰਤ ਮਯੰਕ
ਕਹੂੰ ਪੂਰਨ ਪ੍ਰਜੰਕ ਕਹੂੰ ਸੁੱਧਤਾ ਕੀ ਸਾਰ ਹੋ॥
ਕਹੂੰ ਦੇਵ ਧਰਮ ਕਹੂੰ ਸਾਧਨਾ ਕੇ ਹਰਮ
ਕਹੂੰ ਕੁਤਸਤ ਕੁਕਰਮ ਕਹੂੰ ਧਰਮ ਕੇ ਪ੍ਰਕਾਰ ਹੋ॥

ਕਿਧਰੇ ਤੇਰਾ ਇਕ ਕਰਮ ਵੀ ਠੀਕ ਨਹੀਂ, ਸਭ ਕੁਕਰਮ ਹੈ। ਕਿਧਰੇ ਤੇਰੇ ਸਾਰੇ ਕਰਮਾਂ ਦੇ ਉੱਪਰ ਧਰਮ ਦੀ ਮੋਹਰ ਲੱਗੀ ਹੋਈ ਹੈ। ਤੇਰਾ ਹਰ ਕਰਮ ਧਾਰਮਿਕ ਹੈ।

ਕਹੂੰ ਪਉਨ ਅਹਾਰੀ ਕਹੂੰ ਬਿਦਿਆ ਕੇ ਬਿਚਾਰੀ
ਕਹੂੰ ਜੋਗੀ ਜਤੀ ਬ੍ਰਹਮਚਾਰੀ ਨਰ ਕਹੂੰ ਨਾਰ ਹੋ॥

ਮਹਾਰਾਜ ਦੀ ਬਿਰਤੀ ਫਿਰ ਇੰਝ ਕਹਿ ਲਉ ਕਿ ਦੁਆਪਰ ਵਿਚ ਚਲੀ ਗਈ।

ਕਹੂੰ ਗੀਤ ਕੇ ਗਵੱਯਾ ਕਹੂੰ ਬੇਨ ਕੇ ਬਜੱਯਾ
ਕਹੂੰ ਨ੍ਰਿਤ ਕੇ ਨਚੱਯਾ ਕਹੂੰ ਨਰ ਕੋ ਅਕਾਰ ਹੋ॥

(ਦਸਮ ਗ੍ਰੰਥ, ਅੰਗ ੧੩)

ਕਿਧਰੇ ਸੁੰਦਰ ਪੁਰਸ਼ ਦਾ ਰੂਪ ਧਾਰਨ ਕੀਤਾ ਹੋਇਆ ਹੈ, ਮੁਰਲੀ ਵਜਾ ਰਿਹਾ ਹੈ, ਗਊਆਂ ਚਰਾ ਰਿਹਾ ਹੈ, ਗੋਧਨ ਚਰਾ ਰਿਹਾ ਹੈ। ਮੁਰਲੀ ਵਜਾ ਕੇ ਬੜੇ ਸੁੰਦਰ ਗੀਤ ਗਾ ਰਿਹਾ ਹੈ ਅਤੇ ਨਿਰਤ ਕਰ ਰਿਹਾ ਹੈ।

ਕਹੂੰ ਬੇਦ ਬਾਨੀ ਕਹੂੰ ਕੋਕ ਕੀ ਕਹਾਨੀ
ਕਹੂੰ ਰਾਜਾ ਕਹੂੰ ਰਾਨੀ ਕਹੂੰ ਨਾਰ ਕੇ ਪ੍ਰਕਾਰ ਹੋ॥

ਕਿਧਰੇ ਤੇਰੇ ਬੋਲਾਂ ਵਿਚ ਵਿੱਦਿਆ ਹੀ ਵਿੱਦਿਆ ਹੈ, ਬੇਦ ਬਾਨੀ ਹੈ। ਕਿਧਰੇ ਤੇਰੇ ਬੋਲਾਂ ਵਿਚ ਅਵਿੱਦਿਆ ਹੈ। ਕੋਕ ਕੀ ਕਹਾਨੀ, ਸਿਰਫ਼ ਦੁਨਿਆਵੀ ਰਸ ਨੇ। ਸਿਰਫ਼ ਵਿਭਚਾਰ ਦੀਆਂ ਗੱਲਾਂ ਨੇ। ਦੁਰਾਚਾਰ ਦੀਆਂ ਗੱਲਾਂ ਨੇ। ਸੰਸਾਰ ਵਿਚ ਧਰਮ ਗ੍ਰੰਥ ਵੀ ਨੇ, ਪਰ ਦੁਨੀਆਂ ਵਿਚ ਕੁਕਰਮ ਗ੍ਰੰਥ ਵੀ ਨੇ। ਬੜਾ ਗੰਦਾ ਲਿਟਰੇਚਰ, ਜਿਤਨਾ ਇਹ ਵਿਕ ਰਿਹਾ ਹੈ, ਉਤਨੇ ਧਰਮ ਗ੍ਰੰਥ, ਪੋਥੀਆਂ ਨਹੀਂ ਵਿਕਦੀਆਂ। ਟਰੇਨ (Train) ਵਿਚ ਸਫ਼ਰ ਕਰਦਿਆਂ ਹੋਇਆਂ ਦੇਖ ਲੈਣਾ, ਲੋਕੀਂ ਕੀ ਪਏ ਪੜ੍ਹਦੇ ਨੇ। ਰਾਮਾਇਣ ਪਏ ਪੜ੍ਹਦੇ ਨੇ ਕਿ ਗੀਤਾ ਪਏ ਪੜ੍ਹਦੇ ਨੇ, ਯਾ ਕਿਸੇ ਸਿੱਖ ਦੇ ਹੱਥ ਵਿਚ ਕੋਈ ਸੁੰਦਰ ਗੁਟਕਾ ਹੁੰਦਾ ਹੈ। ਸਾਰਿਆਂ ਦੇ ਹੱਥਾਂ ਵਿਚ ਫ਼ਿਲਮੀ ਕਿਤਾਬਾਂ ਹੁੰਦੀਆਂ ਨੇ। ਜਿਨਸਿਆਤ ਨਾਲ ਭਰੀਆਂ ਹੋਈਆਂ ਕਹਾਣੀਆਂ, ਨਾਵਲ ਹੁੰਦੇ ਨੇ। ਹੋਰ ਕੀ ਹੁੰਦਾ ਹੈ? ਇਹੀ ਕੁਛ ਮੈਂ ਪਲੇਨ (Plane) ਵਿਚ ਵੇਖਿਆ ਹੈ। ਬਸਾਂ ਵਿਚ ਦੇਖਿਆ ਹੈ, ਗੱਡੀਆਂ ਵਿਚ ਦੇਖਿਆ ਹੈ। ਇਹ ਸਾਹਿਤ ਜਿਤਨਾ ਵਿਕਦਾ ਪਿਆ ਹੈ, ਦੂਸਰਾ ਨਹੀਂ। ਮਹਾਰਾਜ ਕਹਿੰਦੇ ਨੇ, ਕਿਧਰੇ ਮੈਂ ਦੇਖਦਾ ਹਾਂ, ਬਾਣੀ ਬੋਲ ਦੇਵਤਿਆਂ ਦੇ ਨੇ। ਕਿਧਰੇ ਤਾਂ ਨਿਰੀ ਕੋਕ ਦੀ ਕਹਾਣੀ ਹੈ। ਕਾਮ-ਸੂਤਰ ਹੈ, ਕਾਮ ਦੀਆਂ ਗੱਲਾਂ ਨੇ।

ਕਹੂੰ ਬੇਨ ਕੇ ਬਜੱਯਾ ਕਹੂੰ ਧੇਨ ਕੇ ਚਰੱਯਾ
ਕਹੂੰ ਲਾਖਨ ਲਵੱਯਾ ਕਹੂੰ ਸੁੰਦਰ ਕੁਮਾਰ ਹੋ॥

ਬੜਾ ਸੁੰਦਰ ਸਰੂਪ ਹੈ, ਪਰ ਚੁਰਾਉਂਦਾ ਤੂੰ ਮੱਖਣ ਹੀ ਹੈਂ। ਮਾਖਣ-ਚੋਰ ਸ੍ਰੀ ਕਰਿਸ਼ਨ ਜੀ ਦਾ ਨਾਮ ਪੈ ਗਿਆ ਸੀ। ਜਸੋਧਾ ਥੋੜ੍ਹਾ ਮੱਖਣ ਦਿੰਦੀ ਸੀ, ਕਿਉਂਕਿ ਜਸੋਧਾ ਅਸਲੀ ਮਾਂ ਨਹੀਂ ਸੀ। ਅਸਲੀ ਮਾਂ ਤਾਂ ਦੇਵਕੀ ਸੀ, ਪਰ ਕੰਸ ਮਾਰ ਨਾ ਦੇਵੇ, ਇਸ ਲਈ ਜਸੋਧਾ ਦੀ ਗੋਦ ਵਿਚ ਪਾਇਆ ਗਿਆ ਕਿ ਤੂੰ ਪਾਲ। ਇਹ ਸ਼ੋ (show) ਹੀ ਨਾ ਹੋਵੇ, ਪਤਾ ਹੀ

ਨਾ ਚਲੇ ਕਿ ਦੇਵਕੀ ਦਾ ਪੁੱਤਰ ਹੈ। ਵਾਸਦੇਵ ਦਾ ਪੁੱਤਰ ਹੈ, ਨਹੀਂ ਤਾਂ ਕੰਸ ਨੇ ਮਾਰ ਦੇਣਾ ਸੀ। ਉਹ ਪਹਿਲੇ ਛੇ ਬੱਚਿਆਂ ਨੂੰ ਮਾਰ ਚੁੱਕਿਆ ਸੀ। ਜਸੋਧਾ ਪਾਲਦੀ ਪਈ ਹੈ, ਪਰ ਛੋਟੀ ਉਮਰ ਵਿਚ ਮੱਖਣ ਖਾਣ ਦਾ ਸ਼ੌਕ ਬੜਾ ਸੀ ਸ੍ਰੀ ਕਰਿਸ਼ਨ ਜੀ ਨੂੰ। ਜਸੋਧਾ ਨੇ ਜਿਤਨਾ ਮੱਖਣ ਕੱਢ ਕੇ ਰੱਖਣਾ, ਸਾਰਾ ਹੀ ਹੜੱਪ ਜਾਣਾ। ਫਿਰ ਉੱਚਾ ਰੱਖਣ ਲੱਗ ਪਈ। ਤਿੰਨ ਚਾਰ ਮੁੰਡਿਆਂ ਨੂੰ ਖੜਾ ਕਰਕੇ, ਇਕ ਦੂਜੇ ਦੇ ਉੱਪਰ ਚੜ੍ਹ ਕੇ, ਸ੍ਰੀ ਕਰਿਸ਼ਨ ਜੀ ਮੱਖਣ ਉੱਪਰੋਂ ਲੈ ਲੈਂਦੇ ਸਨ। ਇਸ ਲਈ ਇਨ੍ਹਾਂ ਦਾ ਨਾਮ, ਹੋਰ ਅਨੇਕਾਂ ਨਾਵਾਂ ਦੇ ਨਾਲ ਮੱਖਣ ਚੋਰ ਵੀ ਪੈ ਗਿਆ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਨੇ, ਕਿਧਰੇ ਤੂੰ ਮੱਖਣ ਦਾ ਹੀ ਰਸਿਆ ਹੋਇਆ ਹੈਂ। ਮੱਖਣ ਖਾਂਦਾ ਹੈਂ, ਤੈਨੂੰ ਇਹ ਬੜਾ ਸੁਆਦੀ ਲੱਗਦਾ ਹੈ।

ਸੁਧਤਾ ਕੀ ਸਾਨ ਹੋ ਕਿ ਸੰਤਨ ਕੇ ਪ੍ਰਾਨ ਹੋ
ਕਿ ਦਾਤਾ ਮਹਾ ਦਾਨ ਹੋ ਕਿ ਨ੍ਰਿਦੋਖੀ ਨਿਰੰਕਾਰ ਹੋ॥ ੮॥ ੧੮॥

(ਦਸਮ ਗ੍ਰੰਥ, ਅੰਗ ੧੩)

ਕਿਧਰੇ ਤੂੰ ਆਕਾਰ ਤੋਂ ਰਹਿਤ ਹੈਂ। ਤੇਰਾ ਕੋਈ ਆਕਾਰ ਨਹੀਂ। ਸੰਤਾਂ ਦਾ ਸਹਾਇਕ ਹੈਂ, ਮਦਦਗਾਰ ਹੈਂ। ਭਗਤਾਂ ਦਾ ਸਹਾਇਕ ਹੈਂ, ਮਦਦਗਾਰ ਹੈਂ। ਅੱਗੇ ਵੀ ਸਤਿਗੁਰ ਕਹਿੰਦੇ ਨੇ:-

ਨਿਰਜੁਰ ਨਿਰੂਪ ਹੋ ਕਿ.... ॥

ਜੋੜ ਨਹੀਂ ਹੈ। ਐਸਾ ਨਹੀਂ ਹੈ ਕਿ ਤੂੰ ਜੋੜ ਕੇ ਬਣਾਇਆ ਗਿਆ ਹੋਵੇਂ। ਇੱਟਾਂ ਨੂੰ ਜੋੜ ਕੇ ਬਣਾਏ ਜਾਂਦੇ ਨੇ ਮਕਾਨ। ਕਈ ਲੱਕੜਾਂ ਨੂੰ ਜੋੜ ਕੇ ਬਣਦਾ ਹੈ ਦਰਵਾਜ਼ਾ। ਇਸੇ ਤਰ੍ਹਾਂ ਫ਼ਰਨੀਚਰ ਬਣਦਾ ਹੈ। ਤੂੰ ਨਿਰਜੁਰ ਹੈਂ। ਇਹ ਨਹੀਂ ਕਿ ਕਈ ਸ਼ਕਤੀਆਂ ਨੂੰ ਜੋੜ ਕੇ, ਚੀਜ਼ਾਂ ਨੂੰ ਜੋੜ ਕੇ ਤੈਨੂੰ ਬਣਾਇਆ ਗਿਆ ਹੋਵੇ। ਸਾਡਾ ਜਿਹੜਾ ਸਰੀਰ ਹੈ ਇਹ ਪੰਜਾਂ ਤੱਤਾਂ ਨੂੰ ਜੋੜ ਕੇ ਪ੍ਰਭੂ ਨੇ ਬਣਾਇਆ ਹੈ। ਇਕ ਤੱਤ ਨਹੀਂ ਹੈ। ਕਈਆਂ ਨੂੰ ਇਕੱਠਿਆਂ ਕਰਕੇ ਬਣਾਇਆ ਹੈ। ਤੂੰ ਨਿਰਜੁਰ ਹੈਂ, ਨਿਰ-ਜੋੜ ਹੈਂ। ਇਹ ਨਹੀਂ ਕਿ ਇਹ ਜੋੜਿਆ ਗਿਆ ਹੋਵੇ ਜਾਂ ਉਹ ਜੋੜਿਆ ਗਿਆ ਹੋਵੇ। ਸਾਰੀਆਂ ਚੀਜ਼ਾਂ ਇਕੱਠੀਆਂ ਕੀਤੀਆਂ ਗਈਆਂ ਹੋਵਣ ਤੇ ਫਿਰ ਤੂੰ ਬਣਿਆ ਹੋਵੇਂ। ਨਹੀਂ, ਇਸ ਤਰ੍ਹਾਂ ਨਹੀਂ ਹੈ। ਸਵਾਦੀ ਭੋਜਨ ਬਣਾਉਣਾ ਹੋਵੇ ਤਾਂ ਮਿਰਚਾਂ ਵੀ ਪਾਉਂਦੇ ਹਾਂ, ਹਲਦੀ ਵੀ ਪਾਉਂਦੇ ਹਾਂ, ਲੂਣ ਵੀ ਪਾਉਂਦੇ ਹਾਂ। ਹੋਰ ਤਰ੍ਹਾਂ ਤਰ੍ਹਾਂ ਦੇ ਮਸਾਲੇ ਪਾਉਂਦੇ ਹਾਂ। ਸਾਗ ਪਾਉਂਦੇ ਹਾਂ, ਸਬਜ਼ੀ ਪਾਉਂਦੇ ਹਾਂ। ਕਈ ਚੀਜ਼ਾਂ ਜੋੜਦੇ ਹਾਂ ਤਾਂ ਦਾਲ ਬਣਦੀ ਹੈ। ਹੇ ਪ੍ਰਭੂ! ਤੂੰ ਇਸ ਤਰ੍ਹਾਂ ਨਹੀਂ ਹੈਂ। ਤੂੰ ਮਹਾਂ ਰਸ ਹੈਂ, ਪਰ ਨਿਰਜੁਰ ਹੈਂ। ਤੂੰ ਮਹਾਂ ਸ਼ਕਤੀ ਹੈਂ, ਪਰ ਨਿਰਜੁਰ ਹੈਂ। ਤੂੰ ਮਹਾਂ ਰੂਪ ਹੈਂ, ਪਰ ਨਿਰਜੁਰ ਹੈਂ।

ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ
ਕਿ ਭੂਪਨ ਕੇ ਭੂਪ ਹੋ ਕਿ ਦਾਤਾ ਮਹਾ ਦਾਨ ਹੋ॥

ਪ੍ਰਾਨ ਕੇ ਬਚੱਯਾ ਦੂਧ ਪੂਤ ਕੇ ਦਿਵੱਯਾ
ਰੋਗ ਸੋਗ ਕੇ ਮਿਟੱਯਾ ਕਿਧੌਂ ਮਾਨੀ ਮਹਾ ਮਾਨ ਹੋ॥
ਬਿਦਿਆ ਕੇ ਬਿਚਾਰ ਹੋ ਕਿ ਅੱਦ੍ਵੈ ਅਵਤਾਰ ਹੋ
ਕਿ ਸਿੱਧਤਾ ਕੀ ਸੂਰਤਿ ਹੋ ਕਿ ਸੁੱਧਤਾ ਕੀ ਸਾਨ ਹੋ॥
ਜੋਬਨ ਕੇ ਜਾਲ ਹੋ ਕਿ ਕਾਲ ਹੂੰ ਕੇ ਕਾਲ ਹੋ
ਕਿ ਸਤ੍ਰਨ ਕੇ ਸੂਲ ਹੋ ਕਿ ਮਿਤ੍ਰਨ ਕੇ ਪ੍ਰਾਨ ਹੋ॥ ੯॥ ੧੯॥

ਕਿਧਰੇ ਤੂੰ ਇਤਨਾ ਸੁੰਦਰ ਹੈਂ ਕਿ ਤੇਰਾ ਸੋਹਣਾ ਹੋਣਾ ਇਤਨਾ ਜਾਲ ਬਣ ਜਾਂਦਾ ਹੈ ਕਿ ਕਈ ਤੇਰਾ ਸੁਹੱਪਣ ਦੇਖ ਕੇ, ਜੋਬਨ ਦੇ ਜਾਲ ਵਿਚ ਫਸ ਜਾਂਦੇ ਨੇ, ਪਰ ਕਿਧਰੇ ਤੂੰ ਬੜਾ ਭਿਅੰਕਰ ਹੈਂ, **ਕਾਲ ਹੂੰ ਕੇ ਕਾਲ ਹੋ,** ਨਿਰੀ ਮੌਤ ਹੈਂ। ਜਿਹੜਾ ਤੇਰੇ ਵਿਚ ਫਸਿਆ ਤੇ ਗਿਆ। ਕਿਧਰੇ ਇਤਨਾ ਸੁੰਦਰ ਕਿ ਜਿਹੜਾ ਆਇਆ ਤੇਰੇ ਸੁਹੱਪਣ ਵਿਚ ਫਸ ਗਿਆ। ਕਿਧਰੇ ਇਤਨਾ ਭਿਅੰਕਰ ਕਿ ਜਿਹੜਾ ਤੇਰੀ ਗਰਿਫ਼ਤ ਵਿਚ ਆਇਆ, ਖ਼ਤਮ ਹੋ ਗਿਆ।

ਕਹੂੰ ਬ੍ਰਹਮ ਬਾਦ ਕਹੂੰ ਬਿਦਿਆ ਕੋ ਬਿਖਾਦ
ਕਹੂੰ ਨਾਦ ਕੋ ਨਨਾਦ ਕਹੂੰ ਪੂਰਨ ਭਗਤ ਹੋ॥

ਕਿਧਰੇ **ਬਿਦਿਆ ਕੋ ਬਿਖਾਦ** ਹੈਂ ਤੇ ਵਿਦਵਾਨ ਪਰ ਕਦੇ ਇਸ ਨਾਲ ਬਹਿਸ ਕਦੇ ਉਸ ਨਾਲ ਬਹਿਸ। ਕਦੇ ਉਸ ਨੂੰ ਸੁੱਟ, ਕਦੇ ਉਸ ਨੂੰ ਖਿੱਚ। ਸਾਰੀ ਵਿੱਦਿਆ ਬਹਿਸ-ਮੁਬਾਹਿਸੇ ਵਿਚ ਗੁਆ ਦੇਣੀ। ਇਸ ਦੇ ਨਾਲ ਚਰਚਾ, ਉਸ ਦੇ ਨਾਲ ਵਾਦ, ਇਸ ਦੇ ਨਾਲ ਵਿਵਾਦ। ਵਿਵਾਦ ਹੀ ਕਰਦਾ ਹੈਂ। ਕਈਆਂ ਨੂੰ ਵਿੱਦਿਆ ਹਜ਼ਮ ਨਹੀਂ ਹੁੰਦੀ, ਜਿਵੇਂ ਕਈਆਂ ਨੂੰ ਭੋਜਨ ਹਜ਼ਮ ਨਹੀਂ ਹੁੰਦਾ ਅਤੇ ਉਲਟੀਆਂ ਕਰਨ ਲੱਗ ਪੈਂਦੇ ਨੇ। ਕਈਆਂ ਨੂੰ ਗਿਆਨ ਤੇ ਵਿੱਦਿਆ ਵੀ ਹਜ਼ਮ ਨਹੀਂ ਹੁੰਦੇ। ਉਹ ਉਲਟੀਆਂ ਕਰਨ ਲੱਗ ਪੈਂਦੇ ਹਨ।

ਕਹੂੰ ਬੇਦ ਗੀਤ ਕਹੂੰ ਬਿਦਿਆ ਕੀ ਪ੍ਰਤੀਤ
ਕਹੂੰ ਨੀਤ ਅਉ ਅਨੀਤ ਕਹੂੰ ਜੁਆਲਾ ਸੀ ਜਗਤ ਹੋ ॥
ਪੂਰਨ ਪ੍ਰਤਾਪ ਕਹੂੰ ਇਕਾਤੀ ਕੋ ਜਾਪ
ਕਹੂੰ ਤਾਪ ਕੋ ਅਤਾਪ ਕਹੂੰ ਜੋਗ ਤੇ ਡਿਗਤ ਹੋ ॥
ਕਹੂੰ ਬਰ ਦੇਤ ਕਹੂੰ ਛਲ ਸਿਉ ਛਿਨਾਇ ਲੇਤ
ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥ ੧੦॥ ੨੦॥

ਹੇ ਪ੍ਰਭੂ! ਹਰ ਸਮੇਂ, ਹਰ ਜਗ੍ਹਾ ਤੂੰ ਮੈਨੂੰ ਇਕ ਹੀ ਦਿਖਾਈ ਦਿੰਦਾ ਹੈਂ। ਅਕਾਲ ਉਸਤਤ ਵਿਚ ਕਲਗ਼ੀਧਰ ਪਾਤਸ਼ਾਹ ਨੇ ਹਜ਼ਾਰਾਂ ਰੂਪ ਬਿਆਨ ਕੀਤੇ ਹਨ। ਸਰਬ ਕਾਲ, ਹਰ ਸਮੇਂ। ਇਹ ਨਹੀਂ ਕਿ ਕਿਸੇ ਵਕਤ ਤੂੰ ਮੈਨੂੰ ਇਕ ਦਿਖਾਈ ਦਿੰਦਾ ਹੈਂ ਤੇ ਇਕ ਵਕਤ ਨਹੀਂ। ਕਲਗੀਧਰ ਇਸ ਤਰ੍ਹਾਂ ਨਹੀਂ ਕਹਿੰਦੇ।

ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥ ਹਰ ਸਮੇਂ, ਹਰ ਜਗ੍ਹਾ ਹੇ ਪ੍ਰਭੂ! ਤੂੰ ਮੈਨੂੰ ਇਕ ਦਿਖਾਈ ਦਿੰਦਾ ਹੈਂ, ਇਤਨੀ ਸਮ-ਦਰਿਸ਼ਟੀ। ਸਭ ਕੁਝ ਵਿਚੇ ਬੰਦ ਕਰ ਦਿੱਤਾ ਹੈ। ਸਮ-ਦਰਿਸ਼ਟੀ ਬ੍ਰਹਮ-ਦਰਿਸ਼ਟੀ ਹੁੰਦੀ ਹੈ। ਇਹ ਉਨ੍ਹਾਂ ਕੋਲ ਹੁੰਦੀ ਹੈ, ਜਿਨ੍ਹਾਂ ਕੋਲ ਬ੍ਰਹਮ ਗਿਆਨ ਹੁੰਦਾ ਹੈ। ਕਲਗੀਧਰ ਪਾਤਸ਼ਾਹ ਇਤਨੇ ਸਮ-ਦਰਿਸ਼ਟ ਨੇ, ਭਾਈ ਘਨਈਆ ਨੂੰ ਡਾਂਟਦੇ ਹੋਏ ਕਹਿੰਦੇ ਨੇ ਤੂੰ ਅਧੂਰਾ ਕੰਮ ਕੀਤਾ ਹੈ, ਨਿਰਾ ਪਾਣੀ ਪਿਲਾ ਰਿਹਾ ਹੈਂ, ਮਲ੍ਹਮ-ਪੱਟੀ ਵੀ ਕਰਿਆ ਕਰ। ਸਪੱਸ਼ਟ ਰੂਪ:-

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥ ੧॥

(ਅੰਗ ੧੨੯੯)

ਸਰਬ ਕਾਲ, ਕਿਸੇ ਵਕਤ ਮਨੁੱਖ ਰਸ ਵਿਚ ਹੁੰਦਾ ਹੈ, ਬਾਣੀ ਦਾ ਕੁਝ ਸੁਆਦ ਆਇਆ ਹੁੰਦਾ ਹੈ, ਦਇਆਲੂ ਹੁੰਦਾ ਹੈ। ਇਹੀ ਦੁਕਾਨ 'ਤੇ ਬੈਠਦਾ ਹੈ, ਫਿਰ ਕਠੋਰ ਹੋ ਜਾਂਦਾ ਹੈ। ਕਾਰ ਵਿਵਹਾਰ 'ਤੇ ਜਾਂਦਾ ਹੈ, ਫਿਰ ਕਠੋਰ ਹੋ ਜਾਂਦਾ ਹੈ। ਹੁਣੇ ਕੋਮਲ ਸੀ, ਹੁਣੇ ਕਠੋਰ ਹੋ ਗਿਆ। ਜਿਵੇਂ ਪਾਣੀ, ਭਗਤ ਕਬੀਰ ਜੀ ਨੇ ਪਹਿਲੇ ਤਾਂ ਕਿਹਾ ਕਿ ਪਾਣੀ ਜੈਸਾ ਹੋ ਜਾ, ਪਿਆਸ ਬੁਝਾਉਂਦਾ ਹੈ, ਇਸ਼ਨਾਨ ਕਰੀਏ ਨਿਰਮਲ ਕਰਦਾ ਹੈ। ਇਸ ਵਾਸਤੇ ਜਲ ਜੈਸਾ ਬਣ ਜਾ। ਪਾਣੀ ਜੈਸਾ ਬਣ ਜਾ:-

ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ॥
ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ॥੧੪੮॥

(ਅੰਗ ੧੩੭੨)

ਪਾਣੀ ਦੀ ਤਰ੍ਹਾਂ ਬਣ ਜਾਈਏ। ਮੈਲੇ ਕਪੜੇ ਧੋ ਦਿੰਦਾ ਹੈ, ਮੈਲਾ ਬਦਨ ਧੋ ਦਿੰਦਾ ਹੈ। ਪਿਆਸ ਬੁਝਾ ਦਿੰਦਾ ਹੈ। ਕਬੀਰ ਜੀ ਨੇ ਸਵੇਰ ਦੇ ਵਕਤ ਕਿਤੇ ਇਸ਼ਨਾਨ ਕੀਤਾ ਸੀ, ਸਰੋਵਰ ਵਿਚੋਂ ਜਲ ਪੀਤਾ ਸੀ, ਚਲੇ ਗਏ ਕਿਸੇ ਦਰਖ਼ਤ ਥੱਲੇ ਬੈਠ ਕੇ ਸਾਧਨਾ ਕੀਤੀ ਏ। ਸ਼ਾਮ ਨੂੰ ਵਾਪਸ ਆ ਰਹੇ ਨੇ। ਦੁਪਹਿਰ ਦੀ ਗਰਮੀ ਕਰਕੇ, ਧੁੱਪ ਕਰਕੇ ਸਰੋਵਰ ਦਾ ਪਾਣੀ ਗਰਮ ਹੋ ਗਿਆ ਸੀ। ਜਦ ਹੁਣ ਪੀਣ ਲੱਗੇ ਤਾਂ ਉਤਨਾ ਸੁਆਦੀ ਨਹੀਂ ਸੀ, ਕਿਉਂਕਿ ਕੜਕਦੀ ਧੁੱਪ ਕਰਕੇ ਗਰਮ ਹੋ ਗਿਆ ਸੀ, ਕਹਿੰਦੇ ਨੇ ਨਹੀਂ:-

ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ॥
ਹਰਿ ਜਨੁ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥ ੧੪੯॥

(ਅੰਗ ੧੩੭੨)

ਐਹ ਹੁਣ ਸਵੇਰੇ ਤਾਂ ਠੰਡਾ ਸੀ, ਹੁਣ ਗਰਮ ਹੋ ਗਿਆ ਹੈ। ਕਈ ਸਤਸੰਗ ਵਿਚ ਐਸੇ ਬੈਠੇ ਹੁੰਦੇ ਨੇ, ਬਿਲਕੁਲ ਦੇਵਤੇ, ਘਰ ਜਾ ਕੇ ਐਸਾ ਭੜਥੂ ਪਾ ਦਿੰਦੇ ਨੇ, ਨਿਰੇ ਹੀ ਭੂਤ ਪਰੇਤ, ਗਰਮ ਹੋ ਗਏ। ਕਬੀਰ ਜੀ ਕਹਿੰਦੇ ਨੇ ਇਹ ਪਾਣੀ ਜੈਸਾ ਵੀ ਨਹੀਂ ਚਾਹੀਦਾ, ਕਦੇ ਗਰਮ ਹੋ ਗਏ, ਕਦੇ ਠੰਡੇ ਹੋ ਗਏ। ਕਦੀ ਠੰਡੇ ਹੋ ਗਏ ਫਿਰ ਗਰਮ ਹੋ ਗਏ। ਇਕ ਸੁਭਾਅ ਨਹੀਂ, ਇਕ ਜੈਸੇ ਨਹੀਂ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਕਹਿੰਦੇ ਨੇ-**ਸਰਬ ਕਾਲ**- ਹਰ ਸਮੇਂ, ਚਾਹੇ ਸਵੇਰ ਹੈ ਤੇ ਚਾਹੇ ਸ਼ਾਮ ਹੈ, ਕਿਸੇ ਵਕਤ ਵੀ ਔਰ ਹਰ ਜਗ੍ਹਾ, ਇਕੋ ਜਿਹਾ ਰਹਿਣਾ।

ਸਰਬ ਕਾਲ ਸਰਬ ਠਉਰ ਏਕ ਸੇ ਲਗਤ ਹੋ॥

ਹਰ ਸਮੇਂ, ਹਰ ਜਗ੍ਹਾ ਤੂੰ ਮੈਨੂੰ ਇਕ ਜੈਸਾ ਦਿਖਾਈ ਦਿੰਦਾ ਹੈਂ। ਬਹੁਤ ਸਾਰੇ ਇਸ ਤਰ੍ਹਾਂ ਦੇ ਪਾਤਸ਼ਾਹ ਦੇ ਵਾਕ ਨੇ, ਸ਼ਬਦ ਨੇ। ਦਸਮ ਗ੍ਰੰਥ ਦੇ ਬੋਲ ਬੜੇ ਅਗੰਮੀ ਨੇ। ਇਸ ਨੂੰ ਅਸੀਂ ਜਗਤ ਦੇ ਸਾਹਮਣੇ ਨਹੀਂ ਰਖਿਆ। ਮੈਂ ਸਮਝਦਾ ਹਾਂ ਬਹੁਤ ਅਣਗਹਿਲੀ ਹੈ। ਭਾਈ ਸਾਹਿਬ ਭਾਈ ਨੰਦ ਲਾਲ ਜੀ ਦੇ ਬੋਲ ਤੋਂ ਮੈਂ ਇਸ ਸ਼ਬਦ ਦਾ ਸਾਰਅੰਸ਼ ਆਰੰਭ ਕੀਤਾ ਸੀ ਕਿ:-

ਬ੍ਰਿਹਮਨ ਮੁਸ਼ਤਾਕਿ ਬੁਤ ਜ਼ਾਹਿਦ ਫ਼ਿਦਾਇ ਖ਼ਾਨਕਾਹ।

ਹੇ ਭਗਵਾਨ! ਬ੍ਰਾਹਮਣ ਤੇਰੇ ਦਰਸ਼ਨਾਂ ਲਈ ਮੰਦਰ ਵਿਚ ਜਾਂਦਾ ਹੈ ਅਤੇ ਜ਼ਾਹਿਦ ਜਾਂਦਾ ਹੈ ਮਸਜਿਦ ਵਿਚ, ਪਰ:-

ਹਰ ਕੁਜਾ ਜਾਮਿ ਮੁਹੱਬਤ ਦੀਦਾਅਮ ਸਰਸ਼ਾਰ ਹਸਤ।

ਭਾਈ ਸਾਹਿਬ ਕਹਿੰਦੇ ਨੇ, ਮੈਂ ਤਾਂ ਜਿੱਧਰ ਦੇਖਦਾ ਹਾਂ, ਹੇ ਪ੍ਰਭੂ! ਤੇਰੇ ਤੋਂ ਬਿਨਾਂ ਕੁਝ ਹੋਰ ਹੈ ਹੀ ਨਹੀਂ। ਸਾਰਾ ਬ੍ਰਹਿਮੰਡ ਹੀ ਮੰਦਰ ਹੈ। ਸਾਰਾ ਬ੍ਰਹਿਮੰਡ ਤੇਰੀ ਮਸਜਿਦ ਹੈ। ਸਾਰਾ ਬ੍ਰਹਿਮੰਡ ਤੇਰਾ ਹੀ ਅਸਥਾਨ ਹੈ। ਇਸ ਤਰ੍ਹਾਂ ਆਪਣੀ ਬਾਣੀ ਵਿਚ ਫ਼ਰਮਾਨ ਪਏ ਕਰਦੇ ਨੇ ਭਾਈ ਸਾਹਿਬ ਭਾਈ ਨੰਦ ਲਾਲ ਜੀ। ਇਸ ਮਹਾਂਵਾਕ ਵਿਚ ਮਹਾਰਾਜ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਇਸੇ ਹੀ ਦਰਿਸ਼ਟੀ ਦਾ ਜ਼ਿਕਰ ਪਏ ਕਰਦੇ ਨੇ। ਧਰਮ ਦੀ ਦੁਨੀਆ ਵਿਚ ਇਹ ਸਿਖਰ ਦੀ ਅਵਸਥਾ ਹੈ। ਅੱਗੇ ਅੱਖਰੀ ਅਰਥ:-

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥

ਜਿਧਰ ਜਿਧਰ ਮੈਂ ਦੇਖਦਾ ਹਾਂ, ਹੇ ਪ੍ਰਭੂ! ਤੂੰ ਹਾਜ਼ਰ ਨਾਜ਼ਰ ਹੈਂ।

ਕਿ ਹਾਜ਼ਰ ਹਜ਼ੂਰ ਹੈਂ॥ (ਜਾਪੁ ਸਾਹਿਬ)

ਹੇ ਪ੍ਰਭੂ! ਤੂੰ ਹਰ ਜਗ੍ਹਾ ਮੌਜੂਦ ਹੈਂ। ਆਪਣੇ ਤੋਂ ਮੈਂ ਦੂਰ ਤੈਨੂੰ ਦੇਖਦਾ ਨਹੀਂ ਅਤੇ ਆਪਣੇ ਤੋਂ ਦੂਰ ਤੂੰ ਕਿਤੇ ਜਾ ਨਹੀਂ ਸਕਦਾ, ਕਿਉਂ? ਕਿਉਂਕਿ ਤੂੰ ਵਿਆਪਕ ਹੈਂ, ਸਾਰੀ ਜਗ੍ਹਾ ਪੂਰਨ ਹੈਂ।

ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ॥ ੧॥

ਹੇ ਮੇਰੇ ਮਨ! ਸਦਾ ਹੀ, ਹਮੇਸ਼ਾ ਹੀ ਉਸ ਦੇ ਵਿਚ ਧਿਆਨ ਜੋੜ, ਜੋ ਸਾਰਿਆਂ ਵਿਚ ਰਵਿਆ ਹੋਇਆ ਹੈ ਅਤੇ ਵਿਆਪਕ ਹੈ।

ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ॥

ਇਸ ਲੋਕ ਵਿਚ ਅਤੇ ਪਰਲੋਕ ਵਿਚ ਜੋ ਵਿਛੜਦਾ ਹੀ ਨਹੀਂ ਅਤੇ ਜੋ ਨਾਲ ਹੀ ਰਹਿੰਦਾ ਹੈ, ਉਸ ਨੂੰ ਸੰਗੀ ਸਮਝ, ਉਸ ਨੂੰ ਸਾਥੀ ਸਮਝ, ਬਲਕਿ ਆਪਣਾ ਸਮਝ।

ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ॥ ਰਹਾਉ॥

ਹੁਣ ਦੇਖ, ਜੋ ਇਕ ਛਿੰਨ ਵਿਚ ਨਾਸ ਹੋ ਜਾਂਦਾ ਹੈ, ਜੋ ਰਸ ਹੈ ਉਹ ਬੇ-ਰਸ ਹੋ ਜਾਂਦਾ ਹੈ। ਸੁੱਖ ਦੁੱਖ ਹੋ ਜਾਂਦਾ ਹੈ। ਉਸ ਦਾ ਮਾਮੂਲੀ ਜਿਹਾ ਸੁੱਖ ਜਾਣ ਕੇ ਇਕ ਪਾਸੇ ਰੱਖੋ ਅਤੇ ਪਰਮ ਸੁੱਖ ਵਿਚ ਧਿਆਨ ਜੋੜੋ।

ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ॥

ਸਾਰੇ ਜੀਵਾਂ ਨੂੰ ਜੋ ਰੋਜ਼ੀ ਦਿੰਦਾ ਹੈ, ਰਿਜ਼ਕ ਦਿੰਦਾ ਹੈ, ਪਾਲਣਾ ਕਰਦਾ ਹੈ, ਪਰਿਤਪਾਲਣਾ ਕਰਦਾ ਹੈ ਅਤੇ ਇਤਨਾ ਕੁਛ ਦੇਣ ਦੇ ਬਾਵਜੂਦ ਥੱਕਦਾ ਨਹੀਂ। ਉਸ ਦੇ ਦੇਣ ਤੋਂ ਬਾਅਦ ਉਸ ਦੇ ਖ਼ਜ਼ਾਨਿਆਂ ਵਿਚ ਕੁਛ ਤੋਟ ਨਹੀਂ ਆਉਂਦੀ, ਊਣ ਨਹੀਂ ਆਉਂਦੀ, ਕੁਛ ਕਮੀ ਨਹੀਂ ਆਉਂਦੀ।

ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ॥ ੨॥

ਉਹ ਮੇਰਾ ਪ੍ਰਭੂ ਜੋ ਸਾਰਿਆਂ ਦੀ ਸੁਆਸ ਸੁਆਸ ਸੰਭਾਲ ਕਰਦਾ ਹੈ, ਦੇਖ ਰੇਖ ਕਰਦਾ ਹੈ, ਹਰ ਇਕ ਦੇ ਉੱਪਰ ਆਪਣੀ ਦਰਿਸ਼ਟੀ ਰੱਖਦਾ ਹੈ।

ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ॥

ਜਿਸ ਨੂੰ ਛਲਿਆ ਨਹੀਂ ਜਾ ਸਕਦਾ, ਜਿਸ ਨੂੰ ਕੋਈ ਧੋਖਾ ਨਹੀਂ ਦੇ ਸਕਦਾ। ਕਤਈ ਧੋਖਾ ਨਹੀਂ ਦੇ ਸਕਦਾ। ਧੋਖਾ ਗੁਰੂ ਨੂੰ ਦੇਣ ਵਾਲੇ, ਪ੍ਰਭੂ ਨੂੰ ਦੇਣ ਵਾਲੇ ਵੀ ਮੌਜੂਦ ਹੁੰਦੇ ਨੇ। ਮਨੁੱਖ ਨੂੰ ਤਾਂ ਅਹਿਮੀਅਤ ਦਿੰਦੇ ਨੇ, ਪਰ ਪਰਮਾਤਮਾ ਨੂੰ ਨਹੀਂ। ਮਨੁੱਖ ਦੇਖਦਾ ਪਿਆ ਹੈ, ਗੁਰੂ ਕਿਹੜਾ ਦੇਖਦਾ ਪਿਆ ਹੈ। ਧੋਖਾ ਦੇਈਏ। ਮਹਾਰਾਜ ਕਹਿੰਦੇ ਨੇ, ਨਹੀਂ ਦੇ ਸਕਦਾ। ਅਛਲ ਹੈ, ਉਸ ਨੂੰ ਛਲਿਆ ਨਹੀਂ ਜਾ ਸਕਦਾ। ਉਸ ਵਿਚ ਤੂੰ ਕੋਈ ਛੇਦ ਵੀ ਨਹੀਂ ਕਰ ਸਕਦਾ। ਉਹ ਅਪਾਰ ਹੈ, ਬੇਅੰਤ ਹੈ, ਅਨੰਤ ਹੈ, ਜਿਸ ਦਾ ਉਰਾਰ ਤੇ ਪਾਰ ਵੀ ਕੋਈ ਨਹੀਂ। ਨਾਪ ਤੋਲ ਵੀ ਕੋਈ ਨਹੀਂ ਕਰ ਸਕਦਾ।

ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ॥ ੩॥

ਉਸ ਦੇ ਸੇਵਕ ਜੋ ਇਸ ਤਰ੍ਹਾਂ ਅਛਲ, ਅਪਾਰ ਤੇ ਅਛੇਦ ਹੈ, ਉਸ ਦੇ ਨਾਮ ਦਾ ਸਿਮਰਨ ਕਰਕੇ, ਅਨੰਦ ਮਾਣ ਕੇ, ਰਸ ਮਾਣਦੇ ਨੇ, ਪਰਮ ਸ਼ਕਤੀ ਪ੍ਰਾਪਤ ਕਰ ਲੈਂਦੇ ਨੇ।

ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ॥

ਤਾਂ ਤੇ ਹੇ ਪ੍ਰਭੂ! ਮੈਨੂੰ ਵੀ ਉਹ ਮੱਤ ਦੇ ਕਿ ਮੈਂ ਤੇਰੇ ਵਿਚ ਧਿਆਨ ਜੋੜਾਂ, ਤੇਰੀ ਆਰਾਧਨਾ ਕਰਾਂ। ਤੇਰੇ ਨਾਲ ਜੁੜ ਜਾਵਾਂ।

ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥੪॥੩॥੨੭॥

ਅਖ਼ੀਰ ਵਿਚ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਕਹਿੰਦੇ ਨੇ, ਹੇ ਪ੍ਰਭੂ! ਮੇਰੀ ਝੋਲੀ ਵਿਚ ਉਹ ਦਾਨ ਪਾ ਜੋ ਤੇਰੇ ਨਾਲ ਜੁੜੇ ਹੋਏ ਸਾਧ ਜਨ ਨੇ, ਉਨ੍ਹਾਂ ਦੀ ਚਰਨ ਧੂੜ ਮੈਨੂੰ ਦੇਹ। ਚਰਨ ਧੂੜੀ ਦੀ ਬੜੀ ਮਹਾਨਤਾ ਹੈ ਪਰ ਕਿਨ੍ਹਾਂ ਦੀ ਜੋ ਪਰਮੇਸ਼ਰ ਦੇ ਰੰਗ ਵਿਚ ਰਤੇ ਗਏ ਨੇ। ਜੋ ਰਤੇ ਗਏ ਨੇ ਉਨ੍ਹਾਂ ਦੀ ਦਰਿਸ਼ਟੀ ਵਿਚ, ਫਿਰ ਕੀ ਹੁੰਦਾ ਹੈ:-

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ॥

ਉਹ ਪਰਮਾਤਮਾ ਨੂੰ ਨਾਲ ਵਸਦਾ ਹੋਇਆ ਮਹਿਸੂਸ ਕਰਦੇ ਨੇ। ਕੀ ਆਪਣਾ ਤੇ ਕੀ ਪਰਾਇਆ, ਕੀ ਅਮੀਰ ਤੇ ਕੀ ਗ਼ਰੀਬ, ਕੀ ਰਾਜਾ ਤੇ ਕੀ ਭਿਖਾਰੀ, ਉਨ੍ਹਾਂ ਨੂੰ ਸਾਰਿਆਂ ਵਿਚ ਪ੍ਰਭੂ ਦੀ ਜੋਤ ਭਾਸਦੀ ਹੈ।

❀

ਅਵਤਾਰ ਅਤੇ ਭਗਤ

ਜੈਤਸਰੀ ਬਾਣੀ ਭਗਤਾ ਕੀ

ੴ ਸਤਿਗੁਰ ਪ੍ਰਸਾਦਿ॥

ਨਾਥ ਕਛੂਅ ਨ ਜਾਨਉ॥
ਮਨੁ ਮਾਇਆ ਕੈ ਹਾਥਿ ਬਿਕਾਨਉ॥੧॥ਰਹਾਉ॥
ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥
ਹਮ ਕਹੀਅਤ ਕਲਿਜੁਗ ਕੇ ਕਾਮੀ॥੧॥
ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥੨॥
ਜਤ ਦੇਖਉ ਤਤ ਦੁਖ ਕੀ ਰਾਸੀ॥
ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ॥੩॥
ਗੋਤਮ ਨਾਰਿ ਉਮਾਪਤਿ ਸ੍ਵਾਮੀ॥
ਸੀਸੁ ਧਰਨਿ ਸਹਸ ਭਗ ਗਾਂਮੀ॥੪॥
ਇਨ ਦੂਤਨ ਖਲੁ ਬਧੁ ਕਰਿ ਮਾਰਿਓ॥
ਬਡੋ ਨਿਲਾਜੁ ਅਜਹੂ ਨਹੀ ਹਾਰਿਓ॥੫॥
ਕਹਿ ਰਵਿਦਾਸ ਕਹਾ ਕੈਸੇ ਕੀਜੈ॥
ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ॥ ੬॥ ੧॥

(ਅੰਗ ੭੧੦)

ਇਹ ਹੁਕਮਨਾਮਾ ਭਗਤ ਸ੍ਰੀ ਰਵਿਦਾਸ ਜੀ ਦਾ ਹੈ। ਉੱਪਰ ਸਾਫ਼ ਲਿਖਿਆ ਹੋਇਆ ਹੈ, ਬਾਣੀ ਭਗਤਾ ਕੀ। ਭਗਤ ਅਤੇ ਅਵਤਾਰ ਦੀ ਮਾਨਸਿਕ ਅਵਸਥਾ ਵਿਚ ਕੋਈ ਫ਼ਰਕ ਨਹੀਂ ਹੁੰਦਾ। ਲੇਕਿਨ ਕੀ ਫ਼ਰਕ ਹੈ ਕਿ ਇਕ ਨੂੰ ਅਸੀਂ ਅਵਤਾਰ ਕਹਿ ਦਿੰਦੇ ਹਾਂ, ਪੈਗ਼ੰਬਰ ਕਹਿ ਦਿੰਦੇ ਹਾਂ, ਗੁਰੂ ਕਹਿ ਦਿੰਦੇ ਹਾਂ ਅਤੇ ਦੂਜਿਆਂ ਨੂੰ ਭਗਤ ਕਹਿ ਦਿੰਦੇ ਹਾਂ, ਪੀਰ ਕਹਿ ਦਿੰਦੇ ਹਾਂ। ਇਸਲਾਮ ਦੇ ਵਿਚ ਇਕ ਨੂੰ ਪੈਗ਼ੰਬਰ ਕਹਿ ਦਿੰਦੇ ਨੇ ਅਤੇ ਦੂਜੇ ਨੂੰ ਪੀਰ ਕਿਹਾ ਜਾਂਦਾ ਹੈ। ਭਾਰਤ ਵਿਚ ਇਕ ਨੂੰ ਅਵਤਾਰ ਕਹਿ ਦਿੰਦੇ ਨੇ ਤੇ ਦੂਜੇ ਨੂੰ ਭਗਤ ਕਹਿ ਦਿੰਦੇ ਨੇ। ਦੋਹਾਂ ਦੇ ਕੋਲ ਮਾਨਸਿਕ ਅਵਸਥਾ ਤਾਂ ਇਕੋ ਹੀ ਹੈ, ਪੀਰ ਦੇ ਕੋਲ ਵੀ, ਪੈਗ਼ੰਬਰ ਦੇ ਕੋਲ ਵੀ। ਦੋਹਾਂ ਦਾ ਮਾਨਸਿਕ ਮੰਡਲ ਵੀ ਇਕੋ ਹੀ ਹੈ, ਭਗਤ ਦਾ ਅਤੇ ਅਵਤਾਰ ਦਾ। ਫ਼ਰਕ ਕੇਵਲ ਇਤਨਾ ਹੈ ਕਿ ਅਵਤਾਰ ਮੁਕਤ ਸੀ, ਪ੍ਰਭੂ ਵਿਚ ਲੀਨ ਹੋ ਚੁੱਕਿਆ ਸੀ, ਪਰ ਉਸ ਨੂੰ ਜੀਵਾਂ 'ਤੇ ਤਰਸ ਆ ਗਿਆ ਅਤੇ ਉਸ ਨੇ ਫਿਰ

ਜਨਮ ਲੈ ਲਿਆ। ਦਯਾ ਵਸ ਹੋ ਕੇ ਫਿਰ ਆ ਗਿਆ। ਮੈਂ ਮੁਕਤ ਹੋ ਗਿਆ ਹਾਂ, ਕੋਈ ਹੋਰ ਵੀ ਹੋ ਜਾਵੇ। ਮੈਂ ਆਜ਼ਾਦ ਹੋ ਗਿਆ ਹਾਂ, ਸੁਤੰਤਰ ਹੋ ਗਿਆ ਹਾਂ, ਜਨਮ ਮਰਨ ਤੋਂ ਮੁਕਤ ਹੋ ਗਿਆ ਹਾਂ, ਹੋਰ ਵੀ ਹੋ ਜਾਣ। ਬਸ ਇਹੋ ਪਰਉਪਕਾਰ ਦੀ ਲਾਲਸਾ ਉਨ੍ਹਾਂ ਨੂੰ ਫਿਰ ਜਨਮ ਦੇ ਵਿਚ ਲੈ ਆਉਂਦੀ ਹੈ। ਇਨ੍ਹਾਂ ਨੂੰ ਅਵਤਾਰ ਕਹਿੰਦੇ ਨੇ।

ਭਗਤ, ਪੀਰ ਤੇ ਸਾਂਈਂ ਚਲ ਚਲ ਕੇ, ਸਾਧਨਾ ਕਰ ਕਰ ਕੇ ਪਹੁੰਚੇ ਹੁੰਦੇ ਨੇ। ਪਹਿਲੇ ਤੋਂ ਮੁਕਤ ਨਹੀਂ ਹਨ, ਹੁਣ ਚਲ ਚਲ ਕੇ ਪਹੁੰਚ ਗਏ ਨੇ, ਮੁਕਤ ਹੋ ਗਏ ਨੇ। ਅਵਸਥਾ ਦੋਨਾਂ ਕੋਲ ਇਕੋ ਹੀ ਹੈ।.ਇਕ ਮੁਕਤ ਸੀ, ਫਿਰ ਆ ਗਿਆ ਹੈ। ਕਿਉਂ ਆ ਗਿਆ ਹੈ? ਪਰਉਪਕਾਰ ਦੀ ਖ਼ਾਤਿਰ:-

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥

(ਅੰਗ ੭੪੯)

ਉਂਝ ਮੁਕਤ ਸੀ, ਪਰ ਪਰਉਪਕਾਰ ਦੀ ਖ਼ਾਤਿਰ ਫਿਰ ਆ ਗਿਆ। ਨਾ ਜੀਵਨ ਦੀ ਲਾਲਸਾ, ਨਾ ਮਰਨ ਦਾ ਭੈਅ ਹੈ। ਭਗਤ, ਪੀਰ ਜੋ ਪਿਛਲੇ ਜਨਮ ਦੇ ਵਿਚ ਮੁਕਤ ਨਹੀਂ ਸੀ। ਕਬੀਰ ਜੀ ਖ਼ੁਦ ਕਹਿੰਦੇ ਨੇ:-

ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ॥

(ਅੰਗ ੬੭੦)

ਹੇ ਪ੍ਰਭੂ! ਸੇਵਕ ਤਾਂ ਮੈਂ ਪਿਛਲੇ ਜਨਮ ਵਿਚ ਵੀ ਤੇਰਾ ਸੀ, ਪਰ ਕਰਾਂ ਕੀ, ਤੇਰੇ ਤਕ ਪਹੁੰਚ ਨਹੀਂ ਸਕਿਆ। ਮੈਂ ਰਸਤੇ ਵਿਚ ਰਹਿ ਗਿਆ ਹਾਂ। ਐਤਕੀਂ ਮੈਨੂੰ ਰਸਤੇ ਵਿਚ ਨਾ ਰੱਖੀਂ, ਆਪਣੇ ਵਿਚ ਮਿਲਾ ਲਵੀਂ:-

ਅਬ ਕੀ ਬਾਰ ਬਖਸਿ ਬੰਦੇ ਕਉ ਬਹੁਰਿ ਨ ਭਉਜਲਿ ਫੇਰਾ॥ ੩॥ ੭॥

(ਅੰਗ ੧੧੦੪)

ਐਤਕੀਂ ਮੈਨੂੰ ਬਖ਼ਸ਼ੀਂ, ਇਸ ਵਾਰ ਮੈਂ ਕਿਤੇ ਰਸਤੇ ਵਿਚ ਨਾ ਰਹਿ ਜਾਵਾਂ। ਇਸ ਵਾਰੀ ਮੈਂ ਤੇਰੀ ਮੰਜ਼ਿਲ 'ਤੇ ਪਹੁੰਚ ਜਾਵਾਂ। ਇਸ ਤਰ੍ਹਾਂ ਚਲ ਚਲ ਕੇ ਜੋ ਪਹੁੰਚ ਜਾਂਦੇ ਨੇ, ਭਗਤ ਕਹਿਲਾਉਂਦੇ ਨੇ। ਜੋ ਪਹੁੰਚੇ ਹੋਏ ਸਨ, ਫਿਰ ਆ ਗਏ ਨੇ, ਕਿਉਂ? ਬਾਕੀਆਂ ਨੂੰ ਵੀ ਪਹੁੰਚਾਈਏ। ਬਸ ਦੋਹਾਂ ਕੋਲ ਮਾਨਸਿਕ ਅਵਸਥਾ ਇਕੋ ਹੀ ਹੈ। ਦੋਹਾਂ ਕੋਲ ਪਰਮ-ਆਨੰਦ ਹੈ। ਦੋਹਾਂ ਦੇ ਹਿਰਦੇ ਨਿਰਵੈਰ ਨੇ, ਸਮ-ਦਰਿਸ਼ਟ ਨੇ। ਦੋਵੇਂ ਮੁਕਤ ਹੋ ਚੁੱਕੇ ਨੇ। ਇਕ ਮੁਕਤ ਸਨ ਤੇ ਆ ਗਏ ਨੇ। ਇਕ ਚਲ ਚਲ ਕੇ ਮੁਕਤ ਹੋ ਗਏ ਨੇ। ਜੋ ਚਲ ਚਲ ਕੇ (ਇਸ ਜੀਵਨ ਦੇ ਵਿਚ ਜਿਹੜਾ ਉਨ੍ਹਾਂ ਦੇ ਕੋਲ ਹੈ) ਮੁਕਤ ਹੋ ਗਿਆ ਹੈ, ਉਹ ਭਗਤ ਹੈ, ਪੀਰ ਸਾਂਈਂ ਹੈ, ਪਰ ਜੋ ਮੁਕਤ ਸੀ, ਪਿਛਲੇ ਜਨਮ ਵਿਚ ਮੁਕਤ ਹੋ ਗਿਆ ਸੀ ਲੇਕਿਨ ਫਿਰ ਆ ਗਿਆ ਹੈ। ਜੈਸੇ ਕਲਗੀਧਰ ਪਿਤਾ ਜੀ ਕਹਿੰਦੇ ਨੇ:-

ਚਿਤ ਨਾ ਭਯੋ ਹਮਰੋ ਆਵਨ ਕਹ॥ (ਬਚਿਤ੍ਰ ਨਾਟਕ)

ਸਾਡਾ ਇਸ ਦੁਨੀਆ ਵਿਚ ਆਉਣ ਨੂੰ ਜੀਅ ਨਹੀਂ ਸੀ ਕਰਦਾ:-

ਚੁਭੀ ਰਹੀ ਸ੍ਰੁਤਿ ਪ੍ਰਭਿ ਚਰਨਨ ਮਹਿ॥

(ਦਸਮ ਗ੍ਰੰਥ, ਅੰਗ ੫੫)

ਜਿਹੜਾ ਮੁਕਤ ਪੁਰਸ਼ ਹੁੰਦਾ ਹੈ, ਉਹ ਹਰ ਵਕਤ ਪ੍ਰਭੂ ਵਿਚ ਜੁੜਿਆ ਰਹਿੰਦਾ ਹੈ। ਪ੍ਰਭੂ ਮਹਾਂ-ਆਨੰਦ ਹੈ। ਉਹ ਮਹਾਂ-ਆਨੰਦ ਦੇ ਵਿਚ ਰਹਿੰਦਾ ਹੈ। ਪ੍ਰਭੂ ਮਹਾਂ-ਰਸ ਹੈ। ਉਹ ਮਹਾਂ-ਰਸ ਦੇ ਵਿਚ ਰਹਿੰਦਾ ਹੈ, ਲੇਕਿਨ ਫਿਰ ਆ ਜਾਂਦਾ ਹੈ। ਉਸ ਦੇ ਮਹਾਂ-ਰਸ ਵਿਚ, ਮਹਾਂ-ਆਨੰਦ ਵਿਚ ਫ਼ਰਕ ਨਹੀਂ ਹੁੰਦਾ। ਫਿਰ ਸੰਸਾਰ ਦੇ ਵਿਚ ਕਿਉਂ ਆ ਜਾਂਦਾ ਹੈ। ਇਸ ਲਈ ਬਈ ਮੈਂ ਮੁਕਤ ਹਾਂ ਤੇ ਹੋਰ ਵੀ ਮੁਕਤ ਹੋ ਜਾਣ:-

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ॥ (ਅੰਗ ੨੯੫)

ਆਪ ਤਾਂ ਮੁਕਤ ਹੈ ਹੀ, ਹੁਣ ਜਗਤ ਨੂੰ ਵੀ ਮੁਕਤ ਕਰਨਾ ਹੈ। ਹੋਰ ਜੀਵਾਂ ਨੂੰ ਵੀ ਮੁਕਤ ਕਰਨਾ ਹੈ। ਇਹ ਪਰਉਪਕਾਰ ਦੀ ਅਤੇ ਦਯਾ ਦੀ ਬੜੀ ਪ੍ਰਬਲ ਭਾਵਨਾ ਇਨ੍ਹਾਂ ਨੂੰ ਜਨਮ ਵਿਚ ਲੈ ਆਉਂਦੀ ਹੈ। ਉਂਝ ਜੀਵਨ ਦੀ ਲਾਲਸਾ ਨਹੀਂ ਅਤੇ ਮਰਨ ਦਾ ਭੈਅ ਨਹੀਂ। ਇਕ ਹੋਰ ਗੱਲ, ਇਨ੍ਹਾਂ ਦੀ ਬਾਣੀ ਪਰਮਾਤਮਾ ਦੀ ਬਾਣੀ ਹੈ। ਗੁਰੂ ਅਮਰਦਾਸ ਜੀ ਮਹਾਰਾਜ ਆਪ ਕਹਿੰਦੇ ਨੇ:-

ਸੁਰਿ ਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥ ੩॥

(ਅੰਗ ੬੭)

ਦੇਵੀ ਦੇਵਤੇ ਵੀ ਗਾਇਨ ਕਰਨਗੇ, ਮਨੁੱਖਾਂ ਦੀ ਤੇ ਗੱਲ ਛੱਡੋ। ਇਹ ਮੁਕਤ ਨੇ, ਇਸ ਵਾਸਤੇ ਐਸੇ ਭਗਤਾਂ ਦਾ ਕਲਾਮ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਚ ਦਰਜ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਬੋਲ, ਮੁਕਤ ਬੋਲ ਨੇ, ਮੁਕਤ ਕਰਾਉਂਦੇ ਨੇ। ਕਬੀਰ, ਰਵਿਦਾਸ ਜੀ ਦੇ ਬੋਲ ਵੀ ਮੁਕਤ ਬੋਲ ਨੇ, ਮੁਕਤੀ ਦਿੰਦੇ ਨੇ, ਪਰ ਇਕ ਅਵਤਾਰ ਦੇ ਬੋਲ ਨੇ, ਇਕ ਭਗਤ ਦੇ ਬੋਲ ਨੇ। ਇਕ ਮੁਕਤ ਸੀ, ਲੇਕਿਨ ਫਿਰ ਆ ਗਿਆ ਹੈ, ਲੋਗਾਂ ਨੂੰ ਮੁਕਤ ਕਰਨ ਲਈ:-

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ॥

(ਭਾ.ਗੁ.ਜੀ, ਵਾਰ ੧ ਪਉੜੀ ੨੩)

ਦਯਾ ਵਸ ਹੋ ਕੇ ਫਿਰ ਆ ਗਏ, ਅਵਤਾਰ, ਪੈਗੰਬਰ, ਗੁਰੂ। ਲੇਕਿਨ ਚਲ ਚਲ ਕੇ ਮੁਕਤ ਹੋ ਗਏ ਨੇ, ਇਹ ਭਗਤ ਨੇ। ਇਸਲਾਮ ਨੇ ਵੀ ਵੰਡ ਕੀਤੀ ਹੋਈ ਹੈ। ਇਹ ਪੈਗੰਬਰ ਹੈ, ਇਹ ਪੀਰ ਸਾਂਈਂ ਹੈ। ਸਾਡੇ ਦੇਸ਼ ਨੇ ਵੀ ਵੰਡ ਕੀਤੀ ਹੋਈ ਹੈ। ਇਹ ਅਵਤਾਰ ਹੈ, ਇਹ ਭਗਤ ਹੈ। ਕਿਧਰੇ ਐਸਾ ਨਾ ਸਮਝ ਲੈਣਾ ਕਿ ਮਾਨਸਿਕ ਅਵਸਥਾ ਵਿਚ ਫ਼ਰਕ ਹੈ, ਨਹੀਂ। ਅਗਰ ਫ਼ਰਕ ਹੈ ਤਾਂ ਅਜੇ ਮੁਕਤ ਹੀ ਨਹੀਂ ਹੈ। ਭਗਤ ਰਵਿਦਾਸ ਕਹਿੰਦੇ ਨੇ:-

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ..... ॥

ਜੋ ਹੁਣ ਮੇਰੇ ਕੋਲ ਜੀਵਨ ਹੈ:-

.......ਇਹੁ ਜਨਮੁ ਤੁਮ੍ਾਰੇ ਲੇਖੇ ॥ (ਅੰਗ ੬੯੪)

ਬਹੁਤ ਜਨਮ ਮੈਂ ਵਿਛੜਿਆ ਰਿਹਾ ਹਾਂ, ਕਿਉਂ? ਜੀਵਨ ਦਾ ਲਕਸ਼ ਮੈਂ ਕੁਝ ਹੋਰ ਰੱਖਦਾ ਰਿਹਾ ਹਾਂ, ਪਰ **ਇਹੁ ਜਨਮੁ ਤੁਮ੍ਾਰੇ ਲੇਖੇ ॥** ਇਸ ਜੀਵਨ ਨੂੰ ਮੈਂ ਲਕਸ਼ ਬਣਾਇਆ ਹੈ, ਤੇਰਾ ਨਾਮ। ਤੂੰ ਹੀ ਮੇਰਾ ਲਕਸ਼ ਹੈਂ। ਇਸ ਜੀਵਨ ਦੀ ਮੰਜ਼ਿਲ ਤੂੰ ਹੀ ਹੈਂ। ਬਾਕੀ ਜੀਵਨ ਵਿਚ ਮੈਂ ਮੰਜ਼ਿਲ ਹੋਰ ਰੱਖਦਾ ਰਿਹਾ ਹਾਂ। ਠੀਕ ਹੈ ਮੈਂ ਨਾਮ ਜਪਦਾ ਰਿਹਾ ਹਾਂ, ਪਰ ਮੰਜ਼ਿਲ ਕੁਝ ਹੋਰ ਸੀ, ਪਰ ਹੁਣ :-

......ਇਹੁ ਜਨਮੁ ਤੁਮ੍ਾਰੇ ਲੇਖੇ ॥

ਇਸ ਜਨਮ ਦਾ, ਇਸ ਜੀਵਨ ਦਾ ਲਕਸ਼ ਮੈਂ ਰਖਿਆ ਹੈ **ਤੂੰ**। ਤੇਰੇ ਲੇਖੇ ਪਹੁੰਚ ਗਏ, **ਤੁਮ੍ਾਰੇ ਲੇਖੇ,** ਭਗਤ ਰਵਿਦਾਸ। ਇਨ੍ਹਾਂ ਦੇ ਕੋਲ ਵੀ ਇਹੀ ਅਵਸਥਾ ਹੈ ਜੋ ਅਵਤਾਰ ਦੇ ਕੋਲ ਹੁੰਦੀ ਹੈ। ਇਨ੍ਹਾਂ ਪੀਰਾਂ ਦੇ ਕੋਲ ਵੀ ਇਹੀ ਅਵਸਥਾ ਹੈ ਜੋ ਪੈਗ਼ੰਬਰਾਂ ਦੇ ਕੋਲ ਹੁੰਦੀ ਹੈ, ਪਰ ਇਕ ਸਾਧਨਾ ਕਰ ਕਰ ਕੇ ਪਹੁੰਚਿਆ ਹੈ। ਇਕ ਪਹੁੰਚਿਆ ਹੋਇਆ ਸੀ, ਫਿਰ ਆ ਗਿਆ। ਉਮੀਦ ਹੈ ਗੱਲ ਪਕੜ ਵਿਚ ਆ ਗਈ ਹੋਵੇਗੀ। ਇਹ ਸ਼ਬਦ ਭਗਤ ਰਵਿਦਾਸ ਜੀ ਦਾ ਹੈ ਅਤੇ ਜੈਤਸਰੀ ਰਾਗ ਵਿਚ ਹੈ। ਉੱਪਰ ਮੰਗਲਾ ਚਰਨ ਹੈ :-

ੴ ਸਤਿਗੁਰ ਪ੍ਰਸਾਦਿ ॥

ਉਹ ਮਹਾਨ ਸ਼ਕਤੀ ਵਾਹਿਦ ਹੈ, ਇਕ ਹੈ, ਜਿਸ ਤੋਂ ਉੱਤਪਤੀ, ਪਾਲਣਾ ਅਤੇ ਨਾਸ ਹੋ ਰਿਹਾ ਹੈ। ਉਹ ਸਤ ਸਰੂਪ ਹੈ, ਸਾਰਾ ਗਿਆਨ ਉਸੇ ਤੋਂ ਆਉਂਦਾ ਹੈ। ਉਹ ਗੁਰ ਹੈ, ਪ੍ਰਸਾਦਿ ਹੈ, ਰਹੀਮ ਹੈ, ਕਰੀਮ ਹੈ, ਬਖ਼ਸ਼ਿੰਦ ਹੈ, ਕਰੁਣਾਲਯ ਹੈ, ਦਇਆਲੂ ਹੈ, ਬਖ਼ਸ਼ਿਸ਼ ਕਰਨ ਵਾਲਾ ਹੈ। ਅੱਗੇ ਇਸ ਸ਼ਬਦ ਦੇ ਵਿਚ ਮਾਇਆ ਦਾ ਰੂਪ ਭਗਤ ਜੀ ਬਿਆਨ ਕਰ ਰਹੇ ਨੇ, **ਮਾਇਆ**। ਤਾਂ ਕੀ ਇਹ ਸੰਸਾਰ ਮਾਇਆ ਹੈ, ਨਹੀਂ:-

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥

(ਅੰਗ ੪੬੩)

eihu jag sachai kee hai kotharree sachae kaa vich vaas |
This world is the room of the True Lord;
within it is the dwelling of the True Lord.

ਸਾਡਾ ਮਨ, ਮਾਇਆ ਨੂੰ ਬਾਹਰ ਪਰੋਜੈਕਟ (Project) ਕਰਦਾ ਹੈ। ਮਾਇਆ ਨੂੰ ਸਾਡਾ ਮਨ ਬਾਹਰ ਪ੍ਰਗਟ ਕਰਦਾ ਹੈ ਅਤੇ ਸੰਸਾਰ ਦਾ ਰੰਗ ਉਸ ਦੇ ਲਈ ਮਾਇਆ ਹੋ ਜਾਂਦਾ ਹੈ। ਉਹ ਇਸ ਤਰ੍ਹਾਂ ਜਿਵੇਂ ਮੈਂ ਕਾਲਾ ਚਸ਼ਮਾ ਲਗਾ ਲਵਾਂ ਤੇ ਸਭ ਕੁਛ ਕਾਲਾ

ਦਿਖਾਈ ਦਿੰਦਾ ਹੈ। ਮੈਂ ਹਰੇ ਰੰਗ ਦਾ ਚਸ਼ਮਾ ਲਗਾ ਲਵਾਂ ਤੇ ਸਭ ਕੁਛ ਹਰਾ ਦਿਖਾਈ ਦੇਣ ਲੱਗ ਪੈਂਦਾ ਹੈ। ਮੈਂ ਲਾਲ ਰੰਗ ਦਾ ਚਸ਼ਮਾ ਲਗਾ ਲਵਾਂ ਤਾਂ ਸਭ ਕੁਛ ਲਾਲ ਦਿਖਾਈ ਦੇਣ ਲੱਗ ਪੈਂਦਾ ਹੈ ਜਦ ਕਿ ਸਭ ਕੁਛ ਲਾਲ ਨਹੀਂ ਹੈ, ਪਰ ਦਿਖਾਈ ਦੇ ਰਿਹਾ ਹੈ। ਸਭ ਕੁਛ ਹਰਾ ਨਹੀਂ ਹੈ, ਪਰ ਦਿਖਾਈ ਦੇ ਰਿਹਾ ਹੈ। ਇਹ ਸਭ ਚਸ਼ਮੇ ਕਰਕੇ ਹੈ। ਮੇਰੀ ਮਾਨਸਿਕ ਅਵਸਥਾ ਕਰਕੇ ਹੈ। ਜੋ ਮਾਇਆ ਦੇ ਵਿਚ ਹੈ, ਉਹ ਸੰਸਾਰ ਨੂੰ ਮਾਇਆ ਦਾ ਰੂਪ ਦੇ ਦਿੰਦੀ ਹੈ। ਸੰਸਾਰ ਪ੍ਰਭੂ ਦਾ ਰੂਪ ਹੈ।

ਜੋ ਦੀਸੈ ਸੋ ਤੇਰਾ ਰੂਪੁ॥ (ਅੰਗ ੭੨੪)

ਇਸ ਸ਼ਬਦ ਦੇ ਵਿਚੋਂ ਜੋ ਮੈਂ ਖ਼ਿਆਲ ਲਏ ਨੇ। ਮਾਇਆ ਮਾਨਸਿਕ ਅਵਸਥਾ ਹੈ। ਮਨ ਦੀ ਅਵਸਥਾ ਹੈ ਅਤੇ ਸਾਫ਼ ਕਹਿ ਰਹੇ ਨੇ:-

ਨਾਥ ਕਛੂਅ ਨ ਜਾਨਉ॥
ਮਨੁ ਮਾਇਆ ਕੈ ਹਾਥਿ ਬਿਕਾਨਉ॥ ੧॥ ਰਹਾਉ॥

ਸਾਰਾ ਸ਼ਬਦ ਮਾਇਆ ਦਾ ਵਿਸਥਾਰ ਹੈ। ਮਨ, ਮਾਇਆ ਦੇ ਹੱਥਾਂ ਵਿਚ ਵਿਕਿਆ ਪਿਆ ਹੈ। ਮਾਇਆ ਦਾ ਗ਼ੁਲਾਮ, ਮਾਇਆ ਦਾ ਸੇਵਕ, ਮਾਇਆ ਦਾ ਖ਼ਰੀਦਿਆ ਹੋਇਆ। ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਨੇ ਵੀ ਇਕ ਜਗ੍ਹਾ ਆਪਣੇ ਆਪ ਨੂੰ ਪ੍ਰਭੂ ਅੱਗੇ ਵਿਕਿਆ ਹੋਇਆ ਆਖਿਆ ਹੈ:-

ਬੈ ਖਰੀਦੁ ਕਿਆ ਕਰੇ ਚਤੁਰਾਈ.....॥ (ਅੰਗ ੭੩੮)

ਪਰ ਪ੍ਰਭੂ ਮੈਂ ਤੇਰੇ ਕੋਲ ਵਿਕਿਆ ਹੋਇਆ ਹਾਂ। ਤੇਰਾ ਗ਼ੁਲਾਮ, ਤੇਰਾ ਲਾਲਾ ਗੋਲਾ। ਜਗਤ ਵੀ ਵਿਕਿਆ ਹੋਇਆ ਹੈ, ਪਰ ਮਾਇਆ ਕੋਲ ਵਿਕਿਆ ਹੋਇਆ ਹੈ। ਵਿਕੇ ਹੋਏ ਦੋਵੇਂ ਨੇ। ਇਕ ਆਪਣੇ ਆਪ ਨੂੰ ਵੇਚ ਕੇ ਬਾਦਸ਼ਾਹਾਂ ਦਾ ਬਾਦਸ਼ਾਹ ਬਣ ਜਾਂਦਾ ਹੈ ਅਤੇ ਇਕ ਆਪਣੇ ਆਪ ਨੂੰ ਵੇਚ ਕੇ ਗ਼ੁਲਾਮਾਂ ਤੋਂ ਵੀ ਥੱਲੇ ਗ਼ੁਲਾਮ, ਨਖਿੱਧ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਮਾਇਆ ਮਾਨਸਿਕ ਅਵਸਥਾ ਹੈ। ਅਹੰਕਾਰ ਮਾਇਆ ਹੈ, ਜੋ ਪ੍ਰਭੁਤਾ ਨੂੰ ਮਾਇਆ ਬਣਾ ਦਿੰਦੀ ਹੈ।

ਚੂੰਕਿ ਰਾਜਾ ਜਨਕ ਦੇ ਅੰਦਰ ਹੰਕਾਰ ਨਹੀਂ ਸੀ, ਇਸ ਲਈ ਪ੍ਰਭੁਤਾ ਉਸ ਦੇ ਲਈ ਮਾਇਆ ਨਹੀਂ ਬਣੀ। ਰਾਜ ਸਿੰਘਾਸਣ 'ਤੇ ਬੈਠਦਾ ਹੈ, ਪਰ ਮਾਇਆ ਨਹੀਂ ਹੈ। ਸੋਨੇ ਦੇ ਮਹੱਲਾਂ ਵਿਚ ਰਹਿੰਦਾ ਹੈ, ਮਾਇਆ ਨਹੀਂ ਹੈ। ਸੋਨੇ ਦੇ ਭਾਂਡਿਆਂ ਵਿਚ ਖਾਂਦਾ ਹੈ, ਪਰ ਉਹ ਮਾਇਆਧਾਰੀ ਨਹੀਂ ਹੈ। ਕਾਰਣ? ਮਾਇਆ ਮਾਨਸਿਕ ਅਵਸਥਾ ਹੈ। ਅਹੰਕਾਰ ਪ੍ਰਭੁਤਾ ਨੂੰ ਮਾਇਆ ਬਣਾ ਦਿੰਦਾ ਹੈ। ਧਨ ਸੰਪਦਾ ਮਾਇਆ ਨਹੀਂ ਹੈ। ਮਨੁੱਖ ਦਾ ਲੋਭ ਧਨ ਨੂੰ ਮਾਇਆ ਬਣਾ ਦਿੰਦਾ ਹੈ। ਪਦਾਰਥਾਂ ਨੂੰ ਮਾਇਆ ਬਣਾ ਦਿੰਦਾ ਹੈ। ਰੂਪ, ਪੁਰਸ਼ ਲਈ ਇਸਤ੍ਰੀ ਦਾ ਅਤੇ ਇਸਤ੍ਰੀ ਲਈ ਪੁਰਸ਼ ਦਾ, ਇਹ ਰੂਪ ਮਾਇਆ ਨਹੀਂ ਹੈ। ਪ੍ਰਭੂ ਦੀ ਰਚਨਾ ਹੈ, ਪਰ ਮਨੁੱਖ ਦਾ ਅਸੀਮ ਕਾਮ, ਇਸ ਨੂੰ ਮਾਇਆ ਬਣਾ ਦਿੰਦਾ ਹੈ। ਇਸ ਤਰ੍ਹਾਂ

ਮਾਇਆ ਦੀ ਵਿਆਖਿਆ ਅਸੀਂ ਇਨ੍ਹਾਂ ਤਿੰਨਾਂ ਰੂਪਾਂ ਵਿਚ ਕਰਾਂਗੇ:

ਅਹੰਕਾਰ, ਲੋਭ ਅਤੇ ਕਾਮ

ਅਹੰਕਾਰ ਰਾਜਨੀਤੀ ਨੂੰ ਮਾਇਆ ਹੀ ਬਣਾ ਕੇ ਰਖ ਦਿੰਦਾ ਹੈ। ਰਾਜਨੀਤੀ ਜਨਕ ਲਈ ਮਾਇਆ ਨਹੀਂ ਹੈ। ਰਾਜ-ਪਾਟ ਸ਼੍ਰੀ ਰਾਮ ਲਈ ਮਾਇਆ ਨਹੀਂ ਹੈ। ਸ਼੍ਰੀ ਕਰਿਸ਼ਨ ਲਈ ਮਾਇਆ ਨਹੀਂ ਹੈ ਹਾਲਾਂਕਿ ਇਹ ਰਾਜੇ ਹੀ ਸਨ।

ਲੇਕਿਨ ਆਮ ਮਨੁੱਖ ਲਈ ਪਿੰਡ ਦਾ ਚੌਧਰੀ ਹੋ ਜਾਣਾ, ਇਹ ਵੀ ਮਾਇਆ ਹੈ। ਬੜਾ ਪ੍ਰਬਲ ਹੰਕਾਰ ਹੈ ਸਰਪੰਚ ਹੋ ਜਾਣ ਦਾ। ਇਹ ਵੀ ਮਾਇਆ ਹੈ। ਪਦਾਰਥ ਮਾਇਆ ਨਹੀਂ ਹਨ, ਸੋਨੇ ਦੇ ਮਹੱਲ ਮਾਇਆ ਨਹੀਂ ਹਨ, ਪਰ ਮਨੁੱਖ ਦਾ ਅਸੀਮ ਲੋਭ ਮਾਇਆ ਬਣਾ ਦਿੰਦਾ ਹੈ। ਭਾਵੇਂ ਘਰ ਦੇ ਵਿਚ ਕੌਡੀ ਹੈ, ਇਹ ਕੌਡੀ ਵੀ ਮਾਇਆ ਬਣ ਜਾਂਦੀ ਹੈ। ਇਕ ਸੁੰਦਰ ਗਾਥਾ ਹੈ। ਬਿਆਸ ਜੀ ਨੇ ਆਪਣੇ ਲੜਕੇ ਨੂੰ ਭੇਜਿਆ ਕਿ ਤੂੰ ਗੁਰੂ ਧਾਰਨ ਕਰ, ਕਿਉਂਕਿ ਮੈਂ ਤੇਰਾ ਪਿਤਾ ਹਾਂ, ਤੂੰ ਪਿਤਾ ਨੂੰ ਗੁਰੂ ਮੰਨ ਨਹੀਂ ਸਕੇਂਗਾ। ਤੇਰੇ ਅੰਦਰ ਉਹ ਭਾਵਨਾ ਪੈਦਾ ਨਹੀਂ ਹੋਵੇਗੀ, ਕਿਉਂਕਿ ਸਰੀਰਕ ਰਿਸ਼ਤਾ ਹੈ। ਤੂੰ ਮੇਰਾ ਪੁੱਤਰ ਹੈਂ, ਮੈਂ ਤੇਰਾ ਪਿਤਾ ਹਾਂ। ਈਸਾ ਵੀ ਕਿਹਾ ਕਰਦੇ ਸਨ ਕਿ ਪਰਵਾਰ, ਸ਼ਰੀਕ ਅਤੇ ਸ਼ਹਿਰ ਵਾਸੀ ਲਾਭ ਨਹੀਂ ਉਠਾਉਂਦੇ। ਬਹੁਤ ਨੇੜੇ ਹੁੰਦੇ ਨੇ। ਮੈਂ ਤਾਂ ਪੜ੍ਹ ਰਿਹਾ ਸੀ, ਇੰਗਲੈਂਡ ਦੇ ਵਿਚ ਇਕ ਬੜੇ ਪ੍ਰਸਿੱਧ ਡਾਕਟਰ, ਬਹੁਤ ਵੱਡਾ ਸਰਜਨ (Surgeon), ਉਸ ਦੀ ਪਤਨੀ ਨੂੰ ਪੇਟ ਦੇ ਵਿਚ ਰਸੌਲੀ ਹੋ ਗਈ। ਵੈਸੇ ਡਾਕਟਰ ਦੇ ਹੱਥ ਵਿਚ ਬੜੀ ਬਰਕਤ ਸੀ, ਪਰ ਆਪਣੀ ਪਤਨੀ ਦਾ ਉਪਰੇਸ਼ਨ (Operation) ਉਸ ਨੇ ਆਪ ਨਹੀਂ ਕੀਤਾ ਬਲਕਿ ਦੂਜੇ ਡਾਕਟਰ ਪਾਸੋਂ ਕਰਵਾਇਆ। ਪੁੱਛਣ 'ਤੇ ਡਾਕਟਰ ਨੇ ਦੱਸਿਆ ਕਿ ਸਾਡਾ ਪਤੀ ਪਤਨੀ ਦਾ ਰਿਸ਼ਤਾ ਹੈ ਅਤੇ ਹੋ ਸਕਦਾ ਹੈ ਉਪਰੇਸ਼ਨ ਵੇਲੇ ਮੇਰਾ ਹੱਥ ਉਚਾਟ ਹੋ ਜਾਂਦਾ। ਸ਼ਾਇਦ ਪਤਨੀ ਦਾ ਹੀ ਮੇਰੇ ਉੱਤੇ ਭਰੋਸਾ ਨਾ ਹੁੰਦਾ। ਇਸ ਦਾ ਉਪਰੇਸ਼ਨ ਕਰਵਾਉਣ ਲਗਿਆਂ ਮੈਂ ਇਸ ਨੂੰ ਕਿਹਾ ਕਿ ਇਕ ਮੇਰੇ ਤੋਂ ਵੀ ਵੱਡਾ ਡਾਕਟਰ ਹੈ। ਇਹ ਇਸ ਲਈ ਕਿਹਾ ਤਾਂਕਿ ਇਸ ਦਾ ਭਰੋਸਾ ਬੱਝ ਸਕੇ। ਮੇਰੇ ਤੋਂ ਉਹ ਸਿਆਣਾ ਹੈ ਇਸ ਕਰਕੇ ਉਸ ਕੋਲੋਂ ਉਪਰੇਸ਼ਨ ਕਰਵਾਉਣਾ ਹੈ। ਹਾਲਾਂਕਿ ਉਹ ਸਿਆਣਾ ਨਹੀਂ ਸੀ, ਪਰ ਪਤਾ ਨਹੀਂ ਪਤਨੀ ਦਾ ਵਿਸ਼ਵਾਸ ਮੇਰੇ ਤੇ ਇਤਨਾ ਬੱਝੇਗਾ ਕਿ ਨਹੀਂ। ਕਾਰਣ? ਨਿਕਟਵਰਤੀ, ਨੇੜਤਾ। ਡਾਕਟਰ ਆਪ ਵੀ ਕਹਿੰਦਾ ਸੀ, ਹੋ ਸਕਦਾ ਹੈ ਚੀਰਾਫਾੜੀ ਕਰਦੇ ਸਮੇਂ ਮੇਰੇ ਹੱਥ ਕੰਬਦੇ, ਕਿਉਂਕਿ ਮੇਰੀ ਨੇੜਤਾ ਹੈ। ਉਸ ਦੀ ਨੇੜਤਾ ਮੇਰੇ ਨਾਲ, ਮੇਰੀ ਨੇੜਤਾ ਉਸ ਦੇ ਨਾਲ। ਉਸ ਨੇ ਉਪਰੇਸ਼ਨ ਨਹੀਂ ਸੀ ਕੀਤਾ, ਦੂਜੇ ਕੋਲੋਂ ਕਰਵਾਇਆ।

ਬਿਆਸ ਭਾਵੇਂ ਮਹਾਨ ਜਗਤ ਗੁਰੂ ਹੋਣਗੇ। ਚਾਰੇ ਵੇਦ ਉਸੇ ਦੇ ਲਿਖੇ ਹੋਏ ਨੇ। ਭਾਗਵਤ ਗੀਤਾ ਉਸੇ ਦੀ ਲਿਖੀ ਹੋਈ ਹੈ। ਭਵਿਸ਼ ਪੌਰਾਣ ਉਸੇ ਦਾ ਲਿਖਿਆ ਹੋਇਆ ਹੈ। ਵੇਦਾਂਤ ਦਾ ਗ੍ਰੰਥ, ਛੇਵਾਂ ਸ਼ਾਸਤਰ ਉਸੇ ਦਾ ਲਿਖਿਆ ਹੋਇਆ ਹੈ। ਇਤਨਾ ਵੱਡਾ ਗਿਆਨੀ, ਪਰ ਆਪਣੇ ਪੁੱਤਰ (ਸੁਕਦੇਵ) ਦਾ ਗੁਰੂ ਨਾ ਬਣ ਸਕਿਆ। ਕਾਰਣ? ਪਤਾ ਨਹੀਂ ਪੁੱਤਰ ਦਾ ਮੇਰੇ 'ਤੇ ਵਿਸ਼ਵਾਸ ਹੋਵੇਗਾ ਕਿ ਨਹੀਂ ਅਤੇ ਇਸ ਨੂੰ ਪੜ੍ਹਾਉਣ ਲਗਿਆਂ

ਮੈਨੂੰ ਵੀ ਲੱਗੇਗਾ ਕਿ ਮੇਰਾ ਪੁੱਤਰ ਹੈ। ਉਸ ਨੇ ਕਿਹਾ ਤੂੰ ਗੁਰੂ ਧਾਰਨ ਕਰ ਕੇ ਆ। ਪੁੱਤਰ ਨੇ ਪਿਤਾ ਕੋਲੋਂ ਪੁੱਛਿਆ, ਕਿਸ ਨੂੰ ਗੁਰੂ ਧਾਰਨ ਕਰਾਂ? ਕਿਸ ਕੋਲੋਂ ਸਿੱਖਿਆ ਲਵਾਂ, ਦੀਖਿਆ ਲਵਾਂ? ਬਿਆਸ ਜੀ ਨੇ ਕਿਹਾ, ਜਨਕ ਕੋਲੋਂ ਲੈ। ਜਾਹ, ਉਹ ਤੇਰਾ ਗੁਰੂ ਹੈ। ਪੁੱਤਰ ਕਹਿਣ ਲੱਗਾ ਉਹ ਤਾਂ ਰਾਜਾ ਹੈ। ਉਹ ਤਾਂ ਬੜੇ ਠਾਠ-ਬਾਠ ਨਾਲ ਰਹਿੰਦਾ ਹੈ। ਰਾਜ ਸਿੰਘਾਸਨ 'ਤੇ ਬੈਠ ਕੇ ਤਰ੍ਹਾਂ ਤਰ੍ਹਾਂ ਦੇ ਫ਼ੈਸਲੇ ਕਰਦਾ ਹੈ। ਮੁਜਰਿਮ ਵੀ ਪੇਸ਼ ਹੁੰਦੇ ਨੇ। ਗੁਨਾਹਗਾਰ ਵੀ ਪੇਸ਼ ਹੁੰਦੇ ਨੇ, ਸਜ਼ਾਵਾਂ ਵੀ ਦਿੰਦਾ ਹੈ। ਉਹ ਮੇਰਾ ਗੁਰੂ? ਹਾਂ, ਉਹ ਤੇਰਾ ਗੁਰੂ। ਤੈਨੂੰ ਉਹ ਗਿਆਨ ਦੇਵੇਗਾ। ਜਿਵੇਂ ਹੀ ਸੁਕਦੇਵ ਜਨਕ ਦੇ ਮਹੱਲਾਂ ਨੂੰ ਗਏ, ਦਵਾਰਪਾਲ ਨੇ ਮਹੱਲ ਦੇ ਅੰਦਰ ਜਾਣ ਦਿੱਤਾ, ਕਿਉਂਕਿ ਬਿਆਸ ਦਾ ਲੜਕਾ ਹੈ। ਮਾਮੂਲੀ ਗੱਲ ਨਹੀਂ, ਇਕ ਗਿਆਨਵਾਨ ਦਾ ਪੁੱਤਰ ਅਤੇ ਰਿਸ਼ੀ ਦਾ ਪੁੱਤਰ। ਉਦੋਂ ਰਾਜਾ ਜਨਕ ਰਸੋਈ ਦੇ ਵਿਚ ਬੈਠੇ ਭੋਜਨ ਛਕ ਰਹੇ ਸਨ। ਸੁਕਦੇਵ ਓਥੇ ਹੀ ਸਿੱਧੇ ਚਲੇ ਗਏ ਅਤੇ ਦੇਖ ਕੇ ਦੰਗ ਰਹਿ ਗਏ। ਸੋਨੇ ਦਾ ਥਾਲ ਹੈ, ਕੌਲੀਆਂ ਵੀ ਸੋਨੇ ਦੀਆਂ ਨੇ ਅਤੇ ਛੱਤੀ ਪ੍ਰਕਾਰ ਦਾ ਭੋਜਨ ਹੈ। ਸਭ ਕੁਝ ਬੜਾ ਸੁਆਦਿਸ਼ਟ। ਸੁਕਦੇਵ ਜੀ ਦੇ ਅੰਦਰ ਘਿਰਣਾ ਪੈਦਾ ਹੋ ਗਈ। ਸੋਨੇ ਦੇ ਭਾਂਡਿਆਂ ਵਿਚ ਖਾਣ ਵਾਲਾ, ਇਹ ਰੋਜ਼ ਛੱਤੀ ਪ੍ਰਕਾਰ ਦੇ ਭੋਜਨ ਛਕਣ ਵਾਲਾ, ਇਹ ਮੇਰਾ ਗੁਰੂ? ਮੈਂ ਇਸ ਤੋਂ ਪ੍ਰੇਰਨਾ ਲਵਾਂ? ਵਾਪਸ ਚਲਾ ਗਿਆ। ਜਨਕ ਬੁਲਾਉਂਦੇ ਨੇ, ਆਵਾਜ਼ ਮਾਰਦੇ ਨੇ, ਰਿਸ਼ੀ ਜੀ, ਆਏ ਹੋ ਤਾਂ ਬੈਠੋ। ਭੋਜਨ ਛਕੋ, ਕੁਝ ਰੱਬ ਦੀ ਗੱਲ ਸੁਣਾਉ ਅਤੇ ਕੁਝ ਈਸ਼ਵਰ ਦੀ ਗੱਲ ਸੁਣੋ। ਕੁਝ ਪ੍ਰਭੂ ਦੀ ਚਰਚਾ ਹੋਵੇ। ਪਤਾ ਹੈ ਸੁਕਦੇਵ ਨੇ ਕੀ ਆਖਿਆ। ਪ੍ਰਭੂ ਦੀ ਚਰਚਾ ਹੁੰਦੀ ਹੈ, ਭਗਤਾਂ ਨਾਲ, ਰਿਸ਼ੀ ਮੁਨੀਆਂ ਨਾਲ। ਤੇਰੇ ਜੈਸੇ ਮਾਇਆ ਧਾਰੀਆਂ ਨਾਲ ਨਹੀਂ। ਤੇਰੇ ਨਾਲ ਕੀ ਚਰਚਾ ਕਰਾਂਗਾ। ਜਨਕ ਜੀ ਕਹਿੰਦੇ ਨੇ, ਚਲੋ ਚਰਚਾ ਨਹੀਂ। ਆਪਾਂ ਕੁਛ ਨਹੀਂ ਸੁਣਾਉਂਦੇ, ਤੁਸੀਂ ਰਿਸ਼ੀ ਹੋ ਅਤੇ ਰਿਸ਼ੀ ਦਾ ਤਾਂ ਕੰਮ ਹੈ ਕੁਝ ਸੁਣਾ ਕੇ ਜਾਵੇ। ਆਏ ਹੋ ਤਾਂ ਬੈਠੋ, ਕੁਝ ਸੁਣਾ ਕੇ ਹੀ ਜਾਉ। ਜਨਕ ਜੀ ਨੇ ਹੱਥ ਜੋੜੇ, ਤਰਲੇ ਕੀਤੇ, ਬਈ ਬੈਠੋ। ਸੁਕਦੇਵ ਬੈਠ ਤਾਂ ਗਏ, ਇਤਨੇ ਵਿਚ ਦੁਆਰਪਾਲ ਆਇਆ ਤੇ ਜਨਕ ਜੀ ਨੂੰ ਕਹਿਣ ਲੱਗਾ ਕਿ ਸ਼ਹਿਰ ਦੇ ਇਕ ਕੋਨੇ ਵਿਚ ਅੱਗ ਲੱਗ ਗਈ ਹੈ। ਉਦੋਂ ਸੁਕਦੇਵ ਨੇ ਬਸ ਪਰਮਾਤਮਾ ਦੀ ਗੱਲ ਆਰੰਭ ਹੀ ਕੀਤੀ ਸੀ। ਆਇਆ ਤਾਂ ਸੀ ਗੁਰੂ ਬਣਾਉਣ ਵਾਸਤੇ, ਖ਼ੁਦ ਗੁਰੂ ਬਣ ਬੈਠਾ। ਜਨਕ ਨੂੰ ਸਮਝਾਉਣਾ ਹੈ। ਸਮਝਾਉਣ ਲੱਗ ਪਿਆ ਜਨਕ ਜੀ ਨੂੰ। ਇਤਨੇ ਨੂੰ ਦੁਆਰਪਾਲ ਫਿਰ ਆ ਗਿਆ ਅਤੇ ਕਹਿਣ ਲੱਗਾ ਕਿ ਸ਼ਹਿਰ ਦੇ ਕੋਨੇ ਵਿਚ ਅੱਗ ਲੱਗ ਗਈ ਹੈ। ਜਨਕ ਜੀ ਕਹਿਣ ਲੱਗੇ, ਪ੍ਰਭੂ ਚਰਚਾ ਆਰੰਭ ਹੋ ਗਈ ਹੈ, ਮੈਂ ਪੂਰੀ ਸੁਣ ਲਵਾਂ, ਫਿਰ ਦੇਖਦੇ ਹਾਂ। ਸੁਕਦੇਵ ਸੋਚਦਾ ਹੈ, ਠੀਕ ਹੈ ਸ਼ਹਿਰ ਨੂੰ ਹੀ ਅੱਗ ਲੱਗੀ ਹੈ ਨਾ। ਦੂਜਿਆਂ ਦੇ ਘਰਾਂ ਨੂੰ ਲੱਗੀ ਹੈ। ਇਸ ਦੇ ਘਰ ਨੂੰ ਲੱਗੇ ਤੇ ਪਤਾ ਚਲੇ। ਦੂਜਿਆਂ ਦੇ ਘਰਾਂ ਨੂੰ ਲੱਗੀ ਹੈ, ਪਈ ਲੱਗੇ। **ਬੈਸੰਤਰ ਦੇਵਤਾ ਹੈ।** ਆਪਣੇ ਘਰ ਨੂੰ ਲੱਗੇ ਤਾਂ ਅੱਗ ਹੈ। ਇਤਨੇ ਨੂੰ ਦੁਆਰਪਾਲ ਫਿਰ ਆ ਗਿਆ, ਕਹਿਣ ਲੱਗਾ, ਰਾਜਨ ਅੱਗ ਫੈਲਦੀ ਫੈਲਦੀ ਤੁਹਾਡੇ ਮਹੱਲ ਤਕ ਆ ਗਈ ਹੈ। ਲਪਟਾਂ ਤਾਂ ਮਹੱਲਾਂ ਤਕ ਆ ਗਈਆਂ ਨੇ। ਇਕ ਕੋਨਾ ਮਹੱਲ

ਦਾ ਵੀ ਜਲਨ ਲੱਗ ਪਿਆ ਹੈ। ਜਨਕ ਜੀ ਕਹਿਣ ਲੱਗੇ, ਪ੍ਰਭੂ ਚਰਚਾ ਪੂਰੀ ਹੋ ਜਾਏ। ਰਿਸ਼ੀ ਜੀ ਨੇ ਪ੍ਰਭੂ ਦਾ ਪ੍ਰਸੰਗ ਸ਼ੁਰੂ ਕੀਤਾ ਹੋਇਆ ਹੈ। ਇਹ ਸੰਪੂਰਨ ਕਰ ਲੈਣ, ਫਿਰ ਸੋਚਦੇ ਹਾਂ ਕੀ ਕਰਨਾ ਹੈ। ਪਤਾ ਹੈ ਹੁਣ ਸੁਕਦੇਵ ਸੋਚਦਾ ਹੈ, ਕੋਨੇ ਵਿਚ ਸੇਕ ਹੀ ਲਗਿਆ ਹੈ ਤਾਂ ਹੀ ਤੇ ਭਜਿਆ ਨਹੀਂ ਇਹ। ਸੁਕਦੇਵ ਬਾਹਰੋਂ ਤਾਂ ਚਰਚਾ ਸੁਣਾਈ ਜਾ ਰਿਹਾ ਹੈ, ਪ੍ਰਭੂ ਦੀ ਗੱਲ ਕਰੀ ਜਾ ਰਿਹਾ ਹੈ, ਪਰ ਅੰਦਰ ਉਹ ਖ਼ਿਆਲ ਚਲ ਰਿਹਾ ਹੈ। ਇਤਨੇ ਨੂੰ ਦੁਆਰਪਾਲ ਆ ਗਿਆ। ਰਾਜਨ ਜਿਸ ਦਰਵਾਜ਼ੇ 'ਤੇ ਮੈਂ ਪਹਿਰਾ ਦਿੰਦਾ ਹਾਂ, ਉਸ ਨੂੰ ਵੀ ਅੱਗ ਲੱਗ ਗਈ ਹੈ। ਸੁਕਦੇਵ ਭੱਜ ਪਿਆ। ਜਨਕ ਜੀ ਆਵਾਜ਼ ਮਾਰਦੇ ਨੇ, ਰਿਸ਼ੀ ਜੀ, ਉਸ ਪ੍ਰਭੂ ਦੀ ਗੱਲ ਤਾਂ ਪੂਰੀ ਕਰੋ। ਮੈਂ ਸੁਣਨਾ ਚਾਹੁੰਦਾ ਹਾਂ, ਪੂਰੀ ਸੁਣਾ ਕੇ ਜਾਉ। ਸੁਕਦੇਵ ਕਹਿਣ ਲੱਗਾ, ਓਥੇ ਦੁਆਰ 'ਤੇ ਮੈਂ ਆਪਣੀ ਲੰਗੋਟੀ ਰਖੀ ਸੀ, ਸੋਟੀ ਵੀ ਰਖੀ ਸੀ, ਕਿਤੇ ਜਲ ਨਾ ਜਾਏ। ਮੈਂ ਚੁੱਕ ਲਿਆਵਾਂ। ਜਨਕ ਜੀ ਖੜ੍ਹੇ ਹੋ ਗਏ, ਕਹਿਣ ਲੱਗੇ ਰਿਸ਼ੀ ਜੀ ਮਾਇਆਧਾਰੀ ਤੁਸੀਂ ਹੋ ਕਿ ਮੈਂ। ਤੁਹਾਡੀ ਸੋਟੀ ਅਜੇ ਜਲੀ ਨਹੀਂ ਹੈ, ਲੰਗੋਟੀ ਅਜੇ ਜਲੀ ਨਹੀਂ ਹੈ। ਭਾਜੜ ਤੁਹਾਨੂੰ ਪਹਿਲੇ ਪੈ ਗਈ। ਮੇਰਾ ਮਹੱਲ ਜਲ ਰਿਹਾ ਹੈ, ਮੈਂ ਤੁਹਾਡੇ ਕੋਲੋਂ ਆਰਾਮ ਨਾਲ ਸੁਣ ਰਿਹਾ ਸੀ ਪ੍ਰਭੂ ਦੀ ਗੱਲ। ਇਥੋਂ ਹੀ ਨਿਰਣਾ ਕਰੋ ਮਾਇਆ ਮਨ ਦੀ ਅਵਸਥਾ ਹੈ। ਸੰਸਾਰ, ਇਹ ਤਾਂ ਹੈ:-

ਇਹੁ ਜਗੁ ਸਚੈ ਕੀ ਹੈ ਕੋਠੜੀ..॥ (ਆਸਾ ਕੀ ਵਾਰ)

ਇਹ ਤਾਂ:-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ.....॥ (ਅੰਗ ੮੪੬)

ਮਨੁੱਖ ਦਾ ਲੋਭ ਪਦਾਰਥਾਂ ਨੂੰ ਸੋਨੇ ਚਾਂਦੀ ਨੂੰ ਖ਼ਾਸ ਕਰਕੇ ਮਾਇਆ ਬਣਾ ਦਿੰਦਾ ਹੈ। ਪੁਰਸ਼ ਲਈ ਇਸਤ੍ਰੀ ਅਤੇ ਇਸਤ੍ਰੀ ਲਈ ਪੁਰਸ਼, ਸੰਸਾਰ ਨੂੰ ਚਲਾਉਣ ਵਾਸਤੇ, ਇਹ ਦੇਵੀ ਦੇਵਤੇ ਦਾ ਸੰਬੰਧ, ਪਤੀ ਪਤਨੀ ਦਾ ਸੰਬੰਧ, ਪ੍ਰਭੂ ਨੇ ਲੀਲਾ ਬਣਾਈ ਹੈ ਤਾਂਕਿ ਸੰਸਾਰ ਚਲਦਾ ਰਹੇ, ਪਰ ਜੈਸੇ ਹੀ ਮਨੁੱਖ ਦਾ ਅਸੀਮ ਕਾਮ ਬਾਹਰ ਪਰੋਜੈਕਟ ਹੁੰਦਾ ਹੈ, ਉਹ ਇਸਤ੍ਰੀ ਨੂੰ ਕਾਮਣੀ ਬਣਾ ਦਿੰਦਾ ਹੈ। ਪੁਰਸ਼ ਨੂੰ ਕਾਮਦੇਵ ਬਣਾ ਦਿੰਦਾ ਹੈ। ਇਸ 'ਤੇ ਖੁਲ੍ਹ ਕੇ ਵਿਚਾਰਾਂ ਨਹੀਂ ਹੋਈਆਂ। ਲੋਭ 'ਤੇ ਹੋਈਆਂ ਨੇ, ਹੰਕਾਰ 'ਤੇ ਵੀ ਹੋਈਆਂ ਨੇ। ਕਰੋਧ ਦੇ ਉੱਪਰ ਵੀ ਬੜੇ ਬੜੇ ਗ੍ਰੰਥ ਲਿਖੇ ਗਏ ਨੇ। ਰਿਸ਼ੀ ਮੁਨੀਆਂ ਨੇ ਲਿਖੇ ਨੇ, ਸੰਤ ਜਨਾਂ ਨੇ ਲਿਖੇ ਨੇ। ਮੋਹ 'ਤੇ ਵੀ ਬੜੇ ਲਿਖੇ ਨੇ। ਪਤਾ ਹੈ ਕਾਮ 'ਤੇ ਕਿਨ੍ਹਾਂ ਨੇ ਲਿਖੇ ਨੇ, ਮੂਰਖਾਂ ਨੇ, ਅਗਿਆਨੀਆਂ ਨੇ, ਦੁਸ਼ਟ ਲੋਕਾਂ ਨੇ, ਵਿਭਚਾਰੀ ਲੋਕਾਂ ਨੇ। ਸੈਕਸ (Sex) ਦੇ ਉੱਪਰ ਸਭ ਕੁਝ ਲਿਖਿਆ ਪਿਆ ਹੈ। ਕਿਤਾਬਾਂ ਇਨ੍ਹਾਂ ਦੀਆਂ ਹੀ ਮਿਲਦੀਆਂ ਨੇ। ਰਿਸ਼ੀ ਮੁਨੀਆਂ ਨੇ ਆਪਣੀ ਕਲਮ ਰੋਕ ਲਈ। ਕਰੋਧ 'ਤੇ ਲਿਖਿਆ, ਮੋਹ 'ਤੇ ਲਿਖਿਆ, ਹੰਕਾਰ ਤੇ ਲੋਭ 'ਤੇ ਵੀ ਲਿਖਿਆ। ਜਦ ਗੱਲ ਕਾਮ ਦੀ ਆਈ, ਰਿਸ਼ੀ ਮੁਨੀਆਂ ਨੇ ਕਲਮ ਰੋਕ ਲਈ। ਗਿਆਨੀਆਂ ਨੇ ਕਲਮ ਰੋਕ ਲਈ। ਮੂਰਖਾਂ ਨੇ ਕਲਮ ਚੁੱਕ ਲਈ।

ਮੂਲ ਪੰਗਤੀ ਹੈ ਮਾਇਆ ਅਤੇ ਮਾਇਆ ਦੇ ਰੂਪ। ਰਵਿਦਾਸ ਜੀ ਇੰਝ ਜ਼ਿਕਰ ਪਏ

ਕਰਦੇ ਨੇ:-

ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥
ਹਮ ਕਹੀਅਤ ਕਲਿਜੁਗ ਕੇ ਕਾਮੀ॥੧॥

ਇਹ ਰਵਿਦਾਸ ਜੀ ਦੇ ਬੋਲ ਨੇ। ਕਰੋਧ, ਲੋਭ, ਮੋਹ, ਹੰਕਾਰ 'ਤੇ ਲਿਖਿਆ ਸੰਤਾਂ ਨੇ, ਅਵਤਾਰਾਂ ਨੇ, ਰਿਸ਼ੀ ਮੁਨੀਆਂ ਨੇ, ਪੈਗੰਬਰਾਂ ਨੇ ਅਤੇ ਕਾਮ ਦੇ ਉੱਤੇ ਲਿਖਿਆ ਹੈ ਮੂਰਖਾਂ ਨੇ, ਦੁਸ਼ਟਾਂ ਨੇ, ਵਿਭਚਾਰੀਆਂ ਨੇ, ਦੁਰਾਚਾਰੀਆਂ ਨੇ। ਤੁਹਾਨੂੰ ਜਿਤਨੀਆਂ ਕਾਮ ਦੇ ਸੰਬੰਧ ਵਿਚ ਕਿਤਾਬਾਂ ਮਿਲਣਗੀਆਂ, ਇਹ ਰਿਸ਼ੀ ਮੁਨੀਆਂ ਦੀਆਂ ਲਿਖੀਆਂ ਹੋਈਆਂ ਨਹੀਂ ਹਨ। ਵਿਭਚਾਰੀਆਂ ਦੀਆਂ ਲਿਖੀਆਂ ਹੋਈਆਂ ਨੇ, ਦੁਰਾਚਾਰੀਆਂ ਦੀਆਂ ਲਿਖੀਆਂ ਹੋਈਆਂ ਨੇ। ਲਿਖਣ ਸ਼ੈਲੀ ਉਨ੍ਹਾਂ ਕੋਲ ਸੀ ਅਤੇ ਹੈ। ਸਭ ਤੋਂ ਜ਼ਿਆਦਾ ਪ੍ਰਭੂ ਨਾਮ ਦੇ ਗ੍ਰੰਥ ਨਹੀਂ ਵਿਕਦੇ, ਕਾਮ ਦੇ ਵਿਕਦੇ ਨੇ। ਚਾਹੇ ਇਹ ਫ਼ਿਲਮੀ ਮੈਗਜ਼ੀਨ ਨੇ, ਚਾਹੇ ਇਹ ਗੰਦੇ ਨਾਵਲ ਨੇ। ਇਹੀ ਵਿਕਦੇ ਨੇ ਅਤੇ ਇਹੀ ਲੋਕ ਪੜ੍ਹਦੇ ਨੇ। ਕਹਿੰਦੇ ਨੇ ਕਿਸੇ ਦੀ ਲਾਇਬ੍ਰੇਰੀ ਦੇਖ ਕੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਮਨੁੱਖ ਕੀ ਹੈ। ਘਰ ਘਰ ਜਾਣ ਦਾ ਮੌਕਾ ਮਿਲਦਾ ਹੈ। ਡਰਾਇੰਗ ਰੂਮਾਂ ਦੇ ਵਿਚ ਟੇਬਲਾਂ 'ਤੇ ਸਭ ਫ਼ਿਲਮੀ ਮੈਗਜ਼ੀਨ ਪਏ ਹੁੰਦੇ ਨੇ। ਜਿਨਸੀਆਤ ਨਾਲ ਭਰੀਆਂ ਹੋਈਆਂ ਕਹਾਣੀਆਂ ਦੀਆਂ ਕਿਤਾਬਾਂ ਹੀ ਪਈਆਂ ਹੋਈਆਂ ਹੁੰਦੀਆਂ ਨੇ। ਉਸ ਤੋਂ ਹੀ ਪਤਾ ਚਲਦਾ ਹੈ ਕਿ ਇਹ ਪਰਵਾਰ ਕਿਤਨਾ ਕੁ ਧਾਰਮਿਕ ਹੋਵੇਗਾ। ਇਸ ਦਾ ਗੁਰਦੁਆਰੇ ਆਉਣਾ ਤਾਂ ਪਾਖੰਡ ਹੋਵੇਗਾ, ਅਸਲੀ ਰੂਪ ਤਾਂ ਇਨ੍ਹਾਂ ਦਾ ਇਹ ਹੈ। ਹਕੀਕਤ ਤਾਂ ਇਨ੍ਹਾਂ ਦੀ ਇਹ ਹੈ।

ਜਿਸ ਨੂੰ ਅਸੀਂ ਹਿੰਦੂ ਜਗਤ ਕਹਿੰਦੇ ਹਾਂ, ਉਸ ਵਿਚ ਪੁਰਾਣੇ ਲੋਗ ਦਰਾਵੜ ਸੂਰਜ ਬੰਸੀ, ਚੰਦਰ ਬੰਸੀ ਸਨ। ਸਾਢੇ ਚੌਦਾਂ ਸੌ ਸਾਲ ਤੋਂ ਇਹ ਸ਼ਬਦ ਬਣਿਆ ਹੈ, ਹਿੰਦ। ਇਨ੍ਹਾਂ ਵਿਚੋਂ ਇਕ ਰਿਸ਼ੀ ਨੇ ਕਲਮ ਚੁੱਕੀ। ਉਸ ਨੇ ਕਾਮ ਸੂਤਰ ਲਿਖਿਆ ਹੈ। ਉਸ ਨੂੰ ਵਾਤਸਾਇਨ ਕਹਿੰਦੇ ਨੇ, ਪਰ ਤਮਾਮ ਹਿੰਦੂ ਜਗਤ ਨੇ ਉਸ ਨੂੰ ਰਿਸ਼ੀ ਮੰਨਿਆ ਹੈ। ਰਿਸ਼ੀ ਕਹਿੰਦੇ ਨੇ। ਲਿਖਿਆ ਉਸ ਨੇ ਕਾਮ 'ਤੇ ਹੀ ਹੈ। ਉਸ ਨੇ ਰਾਮ ਦੀ ਮਹਿਮਾ ਯਾ ਰਾਮ ਦੇ ਗੁਣ ਨਹੀਂ ਲਿਖੇ। ਕਾਮ ਦੀ ਸ਼ਕਤੀ, ਕਾਮ ਦੇ ਔਗੁਣ ਲਿਖੇ ਨੇ। ਸਾਰੀ ਦਿਮਾਗੀ ਸ਼ਕਤੀ ਇਸੇ 'ਤੇ ਲਾਈ ਹੈ। ਸਾਰੀ ਕਲਮ ਇਸੇ 'ਤੇ ਚਲਾਈ ਹੈ। ਇਹ ਤਮਾਮ ਰਿਸ਼ੀ ਮੁਨੀਆਂ ਦੇ ਦੇਸ਼ ਵਿਚੋਂ ਇਕੋ ਹੀ ਹੈ, ਜਿਸ ਨੇ ਬਾ-ਦਲੀਲ ਕਿਹਾ, ਕਰੋਧ 'ਤੇ ਲਿਖਿਆ ਜਾ ਸਕਦਾ ਹੈ, ਮੋਹ 'ਤੇ ਲਿਖਿਆ ਜਾ ਸਕਦਾ ਹੈ। ਹੰਕਾਰ 'ਤੇ ਬੋਲਿਆ ਜਾ ਸਕਦਾ ਹੈ। ਲੋਭ 'ਤੇ ਬੋਲਿਆ ਜਾ ਸਕਦਾ ਹੈ, ਜੋ ਮਨੁੱਖ ਨੂੰ ਭਰਿਸ਼ਟ ਕਰ ਦਿੰਦਾ ਹੈ। ਅਸੀਮ ਕਾਮ ਵੀ ਪਰਵਾਰ ਭਰਿਸ਼ਟ ਕਰ ਦਿੰਦਾ ਹੈ। ਪੁਰਸ਼ ਨੂੰ ਭਰਿਸ਼ਟ ਕਰ ਦਿੰਦਾ ਹੈ। ਇਸਤ੍ਰੀ ਨੂੰ ਭਰਿਸ਼ਟ ਕਰ ਦਿੰਦਾ ਹੈ। ਪੁਰਸ਼ ਨੂੰ ਦੁਰਾਚਾਰੀ ਬਲਾਤਕਾਰੀ ਬਣਾ ਦਿੰਦਾ ਹੈ। ਇਸਤ੍ਰੀ ਨੂੰ ਗਨਿਕਾ ਬਣਾ ਦਿੰਦਾ ਹੈ। ਵੇਸਵਾ ਬਣਾ ਦਿੰਦਾ ਹੈ, ਇਸ ਲਈ ਇਸ 'ਤੇ ਕਿਉਂ ਨਾ ਲਿਖਿਆ ਜਾਏ। ਇਸ ਨੇ ਪਹਿਲੀ ਦਫ਼ਾ ਕਲਮ ਚੁੱਕੀ ਤੇ ਗ੍ਰੰਥ ਲਿਖਿਆ।

ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਵੀ ਖੁਲ੍ਹ ਕੇ ਲਿਖਿਆ ਹੈ। ਉਸੇ ਇਕ

ਅੰਗ ਨੂੰ ਲੈ ਕੇ ਸਾਡੇ ਸਿੱਖ ਵਿਦਵਾਨ ਬੜਾ ਰੌਲਾ ਪਾਉਂਦੇ ਨੇ। ਲੋਭ ਕਰਕੇ ਇਕ ਬੇਈਮਾਨੀ ਕਰ ਰਿਹਾ ਹੈ, ਠੱਗੀ ਕਰ ਰਿਹਾ ਹੈ, ਧੋਖਾ ਦੇ ਰਿਹਾ ਹੈ, ਕਪਟ ਕਰ ਰਿਹਾ ਹੈ, ਛਲ ਕਰ ਰਿਹਾ ਹੈ। ਉਸ 'ਤੇ ਲਿਖਿਆ ਜਾ ਸਕਦਾ ਹੈ, ਬੋਲਿਆ ਜਾ ਸਕਦਾ ਹੈ। ਉਹ ਬੁਰਾ ਨਹੀਂ ਲੱਗਦਾ। ਹੰਕਾਰ ਕਰਕੇ ਕੋਈ ਖ਼ੂਨ-ਖ਼ਰਾਬਾ ਕਰ ਰਿਹਾ ਹੈ। ਪ੍ਰਭੁਤਾ ਦੀ ਭੁੱਖ ਹੀ ਖ਼ੂਨ-ਖ਼ਰਾਬਾ ਕਰਾਉਂਦੀ ਹੈ। ਕੈਸੇ ਕੈਸੇ ਖ਼ੂਨ-ਖ਼ਰਾਬੇ ਕਰਾਉਂਦੀ ਹੈ। ਢਾਈ ਸੌ ਬੰਦਿਆਂ ਦਾ ਕਾਤਿਲ ਹਿਟਲਰ, ਮਉ-ਸੇ-ਤੁੰਗ, ਮਉ-ਸੇ-ਲੋਨੀ, ਲੈਨਿਨ, ਚੰਗੇਜ਼ ਖ਼ਾਂ ਅਤੇ ਹਲਾਕੂ ਜੈਸੇ। ਸਿਰਫ਼ ਰਾਜਨੀਤੀ ਦੀ ਹਵਸ ਨੇ ਉਨ੍ਹਾਂ ਕੋਲੋਂ ਇਤਨੇ ਕਤਲ ਕਰਵਾਏ। ਪ੍ਰਭੁਤਾ ਦੀ ਭੁੱਖ ਨੇ ਇਤਨਾ ਖ਼ੂਨ-ਖ਼ਰਾਬਾ ਕਰਵਾਇਆ। ਉਸ 'ਤੇ ਲਿਖਿਆ ਜਾ ਸਕਦਾ ਹੈ, ਬੋਲਿਆ ਜਾ ਸਕਦਾ ਹੈ। ਲੋਕੀਂ ਸ਼ੌਕ ਨਾਲ ਪੜ੍ਹਦੇ ਨੇ। ਕਾਮ ਦੀ ਵਧੀ ਹੋਈ ਸੀਮਾ ਕਿਸ ਤਰ੍ਹਾਂ ਜੀਵਨ ਨੂੰ ਭਰਿਸ਼ਟ ਕਰ ਦਿੰਦੀ ਹੈ। ਇਸਤ੍ਰੀ ਨੂੰ ਕਿਸ ਤਰ੍ਹਾਂ ਗਨਿਕਾ ਬਣਾ ਦਿੰਦੀ ਹੈ। ਪੁਰਸ਼ ਨੂੰ ਕਿਸ ਤਰ੍ਹਾਂ ਬਲਾਤਕਾਰੀ ਬਣਾ ਦਿੰਦੀ ਹੈ। ਅਗਰ ਇਸ ਦੇ ਉੱਪਰ ਖੁਲ੍ਹ ਕੇ ਲਿਖਿਆ ਗਿਆ ਕਿ ਕਿਸ ਤਰ੍ਹਾਂ ਬਣਾਉਂਦੀ ਹੈ ਤਾਂ ਇਸ ਨੂੰ ਕਹਿ ਦਿੱਤਾ ਗਿਆ ਕਿ ਇਹ ਸਾਹਿਤ ਅਸ਼ਲੀਲ ਹੈ। ਇਸ ਦੇ ਉੱਪਰ ਸਿੱਖ ਜਗਤ ਵਿਚ ਕਲਮ ਬਥੇਰਿਆਂ ਨੇ ਚੁੱਕੀ ਹੈ। ਮੈਂ ਇਕੱਲਾ ਹੀ ਹਾਂ ਜੋ ਉਸ ਕਲਮ ਦੇ ਖ਼ਿਲਾਫ਼ ਬੋਲਿਆ। ਥੋੜ੍ਹਾ ਹੀ ਲਿਖਿਆ ਅਤੇ ਮੈਨੂੰ ਇਕੱਲੇ ਨੂੰ ਹੀ ਇਨ੍ਹਾਂ ਨੇ ਆਪਣੀਆਂ ਲਿਖਤਾਂ ਦੇ ਰਾਹੀਂ ਭੰਡਿਆ ਹੈ। ਤਰ੍ਹਾਂ ਤਰ੍ਹਾਂ ਦੇ ਇਲਜ਼ਾਮ ਲਾਏ ਨੇ। ਲੇਕਿਨ ਦਲੀਲ ਦਾ ਕੋਈ ਜਵਾਬ ਨਹੀਂ ਹੈ। ਚੂੰਕਿ ਦਸਮ ਗ੍ਰੰਥ ਵਿਚ ਉਹ ਬਾਣੀਆਂ ਵੀ ਨੇ ਜੋ ਅੰਮ੍ਰਿਤ ਤਿਆਰ ਕਰਨ ਲਗਿਆਂ ਵੀ ਜਪੀਆਂ ਜਾਂਦੀਆਂ ਨੇ। ਪੜ੍ਹੀਆਂ ਜਾਂਦੀਆਂ ਨੇ ਤੇ ਖ਼ਿਲਾਫ਼ਤ ਕਰਨ ਵਾਲੇ ਕਹਿੰਦੇ ਨੇ ਕਿ ਨਹੀਂ, ਇੱਥੋਂ ਤਕ ਹੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਬਾਣੀ ਹੈ, ਬਾਕੀ ਅਸੀਂ ਨਹੀਂ ਮੰਨਦੇ। ਇਨ੍ਹਾਂ ਲੋਗਾਂ ਦੇ ਸਾਹਮਣੇ ਜਦ ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਕੁਝ ਪੰਗਤੀਆਂ ਰਖੀਆਂ, ਜਿਵੇਂ ਬਾਬਾ ਫ਼ਰੀਦ ਜੀ ਕਹਿੰਦੇ ਨੇ:-

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥੩੦॥

(ਅੰਗ ੧੩੭੯)

ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ॥੪॥੧॥੩੫॥

(ਅੰਗ ੩੫੯)

ਹਜ਼ਾਰਾਂ ਪੰਗਤੀਆਂ। ਠੀਕ ਹੈ ਆਤਮਾ ਪਰਮਾਤਮਾ ਦਾ ਮਿਲਨ ਹੈ। ਲੇਕਿਨ ਉਦਾਹਰਣ, ਪਰਮਾਣ। ਠੀਕ ਹੈ ਪਰਮਾਤਮਾ ਦੇ ਰਸ ਲਈ ਪਰਮਾਣ ਛੋਟੇ ਹੋਵਣਗੇ, ਪੂਰੇ ਨਹੀਂ ਹੋਵਣਗੇ, ਕਿਉਂਕਿ ਉਹ ਪੂਰਨ ਹੈ। ਸੰਸਾਰ ਦੀ ਕੋਈ ਗੱਲ ਕਰਨੀ ਹੈ ਤਾਂ ਪੂਰਨ ਪਰਮਾਣ ਮਿਲ ਸਕਦਾ ਹੈ। ਪਰਤੱਖ ਪਰਮਾਣ ਵੀ ਮਿਲ ਸਕਦਾ ਹੈ, ਪਰ ਸੰਸਾਰ ਦੇ ਉਦਾਹਰਣ ਤਾਂ ਦਿੱਤੇ ਨੇ ਅਤੇ ਐਸੀਆਂ ਪੰਗਤੀਆਂ ਧੰਨ ਗੁਰੂ ਗ੍ਰੰਥ ਸਾਹਿਬ ਜੀ ਵਿਚ

ਬੇ-ਸ਼ੁਮਾਰ ਨੇ। ਇਸ ਸ਼ਬਦ ਦੇ ਵਿਚ ਵੀ ਰਵਿਦਾਸ ਖੁਲ੍ਹ ਕੇ ਬੋਲ ਰਹੇ ਨੇ। ਮੈਂ ਤਾਂ ਇਕ ਦਲੀਲ ਰਖੀ ਹੈ ਕਿ ਜੇ ਕਰੋਧ 'ਤੇ ਬੋਲਿਆ ਜਾ ਸਕਦਾ ਹੈ, ਜੋ ਕਿਤਨਾ ਦੁਸ਼ਟ ਬਣਾ ਦਿੰਦਾ ਹੈ। ਮਨੁੱਖ ਨੂੰ ਕਿਤਨਾ ਮੂੜ੍ਹ ਬਣਾ ਦਿੰਦਾ ਹੈ। ਜੇ ਲੋਭ 'ਤੇ ਬੋਲਿਆ ਜਾ ਸਕਦਾ ਹੈ ਜੋ ਕਿਤਨਾ ਬੇਈਮਾਨ ਬਣਾ ਦਿੰਦਾ ਹੈ। ਠੱਗ ਚੋਰ ਤੇ ਡਕੈਤ ਬਣਾ ਦਿੰਦਾ ਹੈ। ਜੇ ਹੰਕਾਰ 'ਤੇ ਬੋਲਿਆ ਜਾ ਸਕਦਾ ਹੈ ਜੋ ਮਨੁੱਖ ਨੂੰ ਕਿਤਨਾ ਕਾਤਿਲ ਜਾਂ ਕਸਾਈ ਬਣਾ ਦਿੰਦਾ ਹੈ। ਜੇ ਮੋਹ 'ਤੇ ਬੋਲਿਆ ਜਾ ਸਕਦਾ ਹੈ ਜੋ ਮਨੁੱਖ ਨੂੰ ਕਿਤਨਾ ਸੁਆਰਥੀ ਬਣਾ ਦਿੰਦਾ ਹੈ। ਇਕੋ ਹੀ ਵਿਸ਼ਾ ਹੈ ਕਾਮ, ਇਸ 'ਤੇ ਨਹੀਂ ਬੋਲਿਆ ਜਾ ਸਕਦਾ, ਨਾ ਲਿਖਿਆ ਜਾ ਸਕਦਾ ਹੈ। ਆਪ ਪੜ੍ਹ ਕੇ ਹੈਰਾਨ ਹੋਵੋਗੇ ਕਿ ਇਨ੍ਹਾਂ ਪੰਜਾਂ ਵਿਚੋਂ ਮੂਲ ਹੈ ਕਾਮ। ਬਾਕੀ ਸਭ ਥੱਲੇ ਨੇ। ਜਦ ਵੀ ਗਿਣਤੀ ਹੁੰਦੀ ਹੈ, ਪਹਿਲੇ ਸਰਦਾਰ ਇਹੋ ਹੀ ਹੈ। ਇਹ ਸਾਰਿਆਂ ਦਾ ਸਿਰਮੌਰ ਹੈ। ਬਾਕੀ ਦੇ ਜਿਹੜੇ ਔਗੁਣ ਨੇ ਮਨੁੱਖ ਉਨ੍ਹਾਂ ਦੀ ਪੂਰਤੀ ਵੀ, ਕਾਮ ਦੀ ਪੂਰਤੀ ਲਈ ਕਰਦਾ ਹੈ। ਧਨ ਵੱਧ ਗਿਆ ਸੀ ਨਵਾਬ ਹੈਦਰਾਬਾਦ ਦੇ ਕੋਲ, ਤਾਂ ਉਸ ਨੇ ਛੇ ਸੌ ਬੇਗਮਾਂ ਰੱਖੀਆਂ ਹੋਈਆਂ ਸਨ। ਜੇ ਧਨ ਨਾ ਵਧਦਾ ਤੇ ਹੰਕਾਰ ਕਰਕੇ ਪ੍ਰਭੁਤਾ ਨਾ ਵਧਦੀ ਤਾਂ ਫਿਰ ਛੇ ਸੌ ਬੇਗਮਾਂ ਕਿਸ ਤਰ੍ਹਾਂ ਰੱਖਦਾ? ਕੋਈ ਮਹਾਰਾਜਾ ਸੀ ਉਸ ਨੇ ਚਾਰ ਸੌ ਮਹਾਰਾਣੀਆਂ ਰੱਖੀਆਂ ਹੋਈਆਂ ਸਨ। ਹੋਰ ਦੁਰਾਚਾਰੀ ਕਿਸ ਨੂੰ ਕਹਿੰਦੇ ਨੇ, ਬਲਾਤਕਾਰੀ ਕਿਸ ਨੂੰ ਕਹਿੰਦੇ ਨੇ। ਇਸ ਵਕਤ ਮਰਾਕਸ ਦੇ ਨਵਾਬ ਦੀਆਂ ਇਕ ਹਜ਼ਾਰ ਬੇਗਮਾਂ ਨੇ। ਦੁਰਚਾਰੀ ਕਿਸ ਨੂੰ ਕਹੋਗੇ, ਬਲਾਤਕਾਰੀ ਕਿਸ ਨੂੰ ਕਹਿੰਦੇ ਨੇ। ਧਨ ਵੀ ਮਰਾਕਸ ਦੇ ਨਵਾਬ ਨੇ ਇਸ ਕਰਕੇ ਵਧਾਇਆ, ਪ੍ਰਭੁਤਾ ਵੀ ਇਸ ਵਾਸਤੇ ਵਧਾਈ ਕਿ ਮੈਂ ਇਕ ਹਜ਼ਾਰ ਬੇਗਮਾਂ ਰੱਖ ਸਕਾਂ। ਹੈਰਾਨਗੀ ਦੀ ਗੱਲ ਹੈ। ਇਸ ਸ਼ਬਦ ਵਿਚ ਖ਼ੁਲਾਸਾ ਇਹੋ ਹੀ ਹੈ। ਸੀਮਿਤ ਦਾਇਰੇ ਵਿਚ ਮੈਂ ਇਹ ਵਿਚਾਰਾਂ ਸਾਹਮਣੇ ਰਖੀਆਂ ਨੇ। ਮਨੁੱਖ ਦੇ ਅੰਦਰ ਕਾਮਨਾ ਗਰਦਸ਼ ਕਰਦੀ ਹੈ। ਕਾਮਨਾ ਦਾ ਚੱਕਰ ਹੀ ਜਨਮ ਮਰਨ ਦਾ ਚੱਕਰ ਬਣਾਉਂਦਾ ਹੈ। ਕਾਮਨਾ ਦਾ ਚੱਕਰ ਹੀ ਸੰਸਾਰ ਦਾ ਚੱਕਰ ਬਣਦਾ ਹੈ। ਜਿਵੇਂ ਖੰਡਾ ਸਾਡਾ ਧਾਰਮਿਕ ਚਿੰਨ੍ਹ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੀ ਬਾਣੀ :-

ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ॥

(ਦਸਮ ਗ੍ਰੰਥ, ਅੰਗ ੧੧੯)

ਪਹਿਲੇ ਪ੍ਰਭੂ ਨੇ ਸ਼ਕਤੀ ਬਣਾਈ। ਉਹ ਜੋ ਸਿੱਧਾ ਖੰਡਾ ਹੈ, ਉਹ ਸ਼ਕਤੀ ਦਾ ਪ੍ਰਤੀਕ ਹੈ। ਸ਼ਕਤੀ ਤੋਂ ਸੰਸਾਰ ਬਣਿਆ ਹੈ। ਫਿਰ ਸੰਸਾਰ ਦਾ ਖੰਡੇ ਦੇ ਬਾਹਰ ਗੋਲ-ਆਕਾਰ ਰੂਪ ਦਿਖਾਇਆ ਹੈ, ਧਰਤੀ, ਬ੍ਰਹਿਮੰਡ। ਇਹ ਗੋਲ-ਆਕਾਰ, ਬ੍ਰਹਿਮੰਡ ਸ਼ਕਤੀ ਤੋਂ ਪੈਦਾ ਹੋਇਆ ਹੈ। ਫਿਰ ਦੋਵੇਂ ਪਾਸੇ ਕਿਰਪਾਨਾਂ। ਸ਼ਕਤੀ ਨੇ ਹੀ ਇਸ ਨੂੰ ਸੰਭਾਲਿਆ ਹੋਇਆ ਹੈ, ਨਿਰਗੁਣ ਰੂਪ ਵਿਚ ਅਤੇ ਸਰਗੁਣ ਰੂਪ ਵਿਚ। ਖੰਡੇ ਦੀ ਇਹ ਵਿਆਖਿਆ ਹੈ। ਸਰਗੁਣ ਅਤੇ ਨਿਰਗੁਣ ਰੂਪ ਵਿਚ ਉਸ ਨੇ ਬ੍ਰਹਿਮੰਡ ਨੂੰ ਸੰਭਾਲਿਆ ਹੋਇਆ ਹੈ ਅਤੇ ਸਾਰੀ ਉੱਤਪਤੀ ਖੰਡੇ ਤੋਂ ਹੋਈ ਹੈ। ਭਾਵ ਸ਼ਕਤੀ ਤੋਂ ਹੋਈ ਹੈ। ਜੋ ਉੱਤਪਤੀ ਹੋਈ ਹੈ, ਉਹ ਸਾਰੇ ਦਾ ਸਾਰਾ ਗੋਲ-ਆਕਾਰ ਹੈ। ਗੋਲਾ ਬ੍ਰਹਿਮੰਡ ਦਾ ਰੂਪ ਪੇਸ਼ ਕੀਤਾ ਹੈ।

ਇਸੇ ਤਰ੍ਹਾਂ ਮਹਾਤਮਾ ਬੁੱਧ ਨੇ ਜੋ ਬੋਧੀਆਂ ਨੂੰ ਧਾਰਮਿਕ ਚਿੰਨ੍ਹ ਦਿੱਤਾ ਹੈ, ਉਹ ਹੈ

ਚੱਕਰ। ਮਨੁੱਖ ਇਸ ਦੇ ਵਿਚ ਗਰਦਸ਼ ਕਰਦਾ ਰਹਿੰਦਾ ਹੈ, ਘੁੰਮਦਾ ਰਹਿੰਦਾ ਹੈ। ਆਉਣਾ ਜਾਣਾ ਇਸ ਦਾ ਮੁੱਕਦਾ ਹੀ ਨਹੀਂ। ਗੋਲ-ਆਕਾਰ, ਕਾਮਨਾ ਮਨੁੱਖ ਨੂੰ ਘੁਮਾਈ ਫਿਰਦੀ ਹੈ। ਹੁਣ ਧਿਆਨ ਨਾਲ ਪੜ੍ਹਨਾ, ਕਾਮਨਾ ਹੈ ਧਨ ਦੀ। ਧਨ ਮਿਲ ਗਿਆ, ਕਾਮਨਾ ਰੁਕਦੀ ਨਹੀਂ। ਬਿਸਰਾਮ ਨਹੀਂ ਕਰਦੀ। ਪ੍ਰਭੁਤਾ ਦੀ ਕਾਮਨਾ। ਘੁੰਮਦਿਆਂ ਹੋਇਆਂ ਇਹ ਵੀ ਮਿਲ ਗਈ। ਕਾਮਨਾ ਇੱਥੇ ਹੀ ਬਿਸਰਾਮ ਨਹੀਂ ਕਰਦੀ, ਚਲ ਪੈਂਦੀ ਹੈ। ਪੁਰਸ਼ ਦੇ ਅੰਦਰ ਇਸਤ੍ਰੀ ਦੀ ਕਾਮਨਾ। ਇਸਤ੍ਰੀ ਦੇ ਅੰਦਰ ਪੁਰਸ਼ ਦੀ ਕਾਮਨਾ। ਇੱਥੇ ਕਾਮਨਾ ਥੋੜ੍ਹਾ ਜਿਹਾ ਬਿਸਰਾਮ ਕਰਦੀ ਹੈ। ਇਸ ਲਈ ਭਾਰਤ ਦੇ ਤਮਾਮ ਰਿਸ਼ੀ ਮੁਨੀਆਂ ਨੇ ਇਸਤ੍ਰੀ ਨੂੰ ਕਾਮਣੀ ਕਹਿ ਦਿੱਤਾ, ਪੁਰਸ਼ ਨੂੰ ਕਾਮਦੇਵ ਕਹਿ ਦਿੱਤਾ, ਕਿਉਂਕਿ ਥੋੜ੍ਹਾ ਜਿਹਾ ਬਿਸਰਾਮ ਕਰਦੀ ਹੈ। ਧੰਨ ਗੁਰੂ ਤੇਗ਼ ਬਹਾਦਰ ਸਾਹਿਬ ਕਹਿੰਦੇ ਨੇ:-

ਕਹਉ ਕਹਾ ਅਪਨੀ ਅਧਮਾਈ॥
ਉਰਝਿਓ ਕਨਕ ਕਾਮਨੀ ਕੇ ਰਸ ਨਹ ਕੀਰਤਿ ਪ੍ਰਭ ਗਾਈ॥ ੧॥ ਰਹਾਉ॥

(ਅੰਗ ੭੧੮)

ਇਸ ਨੇ ਪ੍ਰਭੂ ਦੀ ਕੀਰਤੀ ਨਹੀਂ ਗਾਈ, ਕਾਰਣ? ਰੋਕ ਲਿਆ ਹੈ, ਕਿਧਰੇ ਕਨਕ ਨੇ, ਕਿਧਰੇ ਕਾਮਣੀ ਨੇ। ਇਸਤ੍ਰੀ ਨੂੰ ਕਾਮਨਾ ਦੀ ਮਣੀ ਆਖ ਦਿੱਤਾ। ਪੁਰਸ਼ ਇੱਥੇ ਬਿਸਰਾਮ ਕਰਦਾ ਹੈ। ਉਸ ਦੀ ਕਾਮਨਾ ਕੁਛ ਦੇਰ ਲਈ ਇੱਥੇ ਰੁਕਦੀ ਹੈ। ਨਾ ਪ੍ਰਭੁਤਾ 'ਤੇ ਰੁਕਦੀ ਹੈ ਅਤੇ ਨਾ ਧਨ 'ਤੇ ਰੁਕਦੀ ਹੈ। ਹੋਰ ਅੱਗੇ, ਹੋਰ ਅੱਗੇ। ਥੋੜ੍ਹਾ ਜਿਹਾ ਇਹ ਇੱਥੇ ਰੁਕਦੀ ਹੈ। ਇਸਤ੍ਰੀ ਦੀ ਵੀ ਇਹ ਕਾਮਨਾ, ਨਾ ਧਨ 'ਤੇ ਰੁਕਦੀ ਹੈ, ਨਾ ਪ੍ਰਭੁਤਾ 'ਤੇ ਰੁਕਦੀ ਹੈ। ਰੁਕਦੀ ਹੈ ਥੋੜ੍ਹਾ ਜਿਹਾ ਪੁਰਸ਼ 'ਤੇ। ਪੁਰਸ਼ ਉਸ ਵਾਸਤੇ ਕਾਮਦੇਵ ਬਣ ਜਾਂਦਾ ਹੈ, ਇਸਤ੍ਰੀ ਉਸ ਦੇ ਲਈ ਕਾਮਣੀ ਬਣ ਜਾਂਦੀ ਹੈ, ਛਲਕ ਕਨਕ ਕਾਮਣੀ:-

ਹੇ ਕਾਮੰ.... ॥ ਚਿਤ ਹਰਣੰ.... ॥

(ਅੰਗ ੧੩੫੮)

ਸਹਸਕ੍ਰਿਤੀ ਸਲੋਕ, ਗੁਰੂ ਅਰਜਨ ਦੇਵ ਜੀ। ਬੜਾ ਜ਼ਿਕਰ ਹੈ ਇਸ ਦੇ ਵਿਚ। ਸੰਤਾਨ ਉੱਤਪਤੀ ਦਾ ਜੋ ਸਾਧਨ ਸੀ, ਪ੍ਰਭੂ ਨੇ ਬਣਾਇਆ ਕਿ ਸੰਸਾਰ ਚਲਦਾ ਰਹੇ। ਇਹੀ ਪੁਰਸ਼ ਲਈ ਮਹਾਂ-ਰਸ ਬਣ ਗਿਆ, ਇਸਤ੍ਰੀ ਲਈ ਮਹਾਂ-ਰਸ ਬਣ ਗਿਆ। ਇਕ ਕਾਮਣੀ ਬਣ ਗਈ। ਉਸੇ ਦਾ ਜ਼ਿਕਰ ਕਰ ਰਹੇ ਨੇ ਸ੍ਰੀ ਰਵਿਦਾਸ ਜੀ। ਇਸ ਦੇ ਵਿਚ ਪੁਰਸ਼ ਕਿਸ ਤਰ੍ਹਾਂ ਭਰਿਸ਼ਟ ਹੋਏ ਨੇ। ਉਨ੍ਹਾਂ ਕੁਛ ਪੁਰਸ਼ਾਂ ਦਾ ਜ਼ਿਕਰ ਵੀ ਕੀਤਾ ਹੈ। ਰਵਿਦਾਸ ਜੀ ਦੇ ਇਹ ਅਨੁਭਵ ਇਸ ਸ਼ਬਦ ਦੇ ਵਿਚ ਹਨ:-

ਨਾਥ ਕਛੂਅ ਨ ਜਾਨਉ॥

ਹੇ ਨਾਥ! ਹੇ ਮਾਲਿਕ ਪ੍ਰਭੂ, ਮੈਂ ਕੁਛ ਵੀ ਨਹੀਂ ਜਾਣਦਾ। ਮੇਰੇ ਕੋਲ ਕੁਛ ਵੀ ਬੋਧ ਨਹੀਂ। ਮੇਰੇ ਕੋਲ ਕੁਛ ਵੀ ਸਮਝ ਨਹੀਂ।

ਮਨੁ ਮਾਇਆ ਕੈ ਹਾਥਿ ਬਿਕਾਨਉ॥ ੧॥ ਰਹਾਉ ॥

ਮਨ ਤਾਂ ਮਾਇਆ ਦੇ ਹੱਥ ਵਿਕ ਗਿਆ ਹੈ। ਅਸਲ ਵਿਚ ਮਾਇਆ ਮਨ ਦੀ ਅਵਸਥਾ ਹੈ, ਸੰਸਾਰ ਮਾਇਆ ਨਹੀਂ ਹੈ। ਧਨ ਮਾਇਆ ਨਹੀਂ ਹੈ। ਧਨ, ਜਨਕ ਵਾਸਤੇ ਮਾਇਆ ਨਹੀਂ ਹੈ। ਧਨ, ਮਹਾਰਾਜਾ ਰਣਜੀਤ ਸਿੰਘ ਵਾਸਤੇ ਮਾਇਆ ਨਹੀਂ ਹੈ। ਧਨ, ਸ੍ਰੀ ਰਾਮ ਜੀ ਅਤੇ ਸ੍ਰੀ ਕਰਿਸ਼ਨ ਜੀ ਲਈ ਮਾਇਆ ਨਹੀਂ ਹੈ। ਨਹੀਂ ਤਾਂ ਧਨ ਦੇ ਵਿਚ ਰੁਕ ਜਾਣਾ ਸੀ। ਉਨ੍ਹਾਂ ਨੇ ਕੱਖ ਵੀ ਨਹੀਂ ਸੀ ਕਰਨਾ। ਨਹੀਂ ਰੁਕੇ ਮਾਇਆ 'ਤੇ। ਮਾਇਆ ਤਾਂ ਰੋਕਦੀ ਹੈ। ਮਾਇਆ ਤਾਂ ਖ਼ਰੀਦ ਲੈਂਦੀ ਹੈ। ਮਾਇਆ ਤਾਂ ਗ਼ੁਲਾਮ ਬਣਾ ਦਿੰਦੀ ਹੈ। ਕੋਈ ਇਸਤ੍ਰੀ ਮਾਇਆ ਨਹੀਂ ਹੈ। ਕੋਈ ਪੁਰਸ਼ ਮਾਇਆ ਨਹੀਂ ਹੈ। ਇਹ ਸਾਰੇ ਭਗਤ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਵਿਚ ਦਰਜ ਹੈ, ਗ੍ਰਿਹਿਸਤੀ ਨੇ। ਇਸਤ੍ਰੀ ਉਨ੍ਹਾਂ ਲਈ ਮਾਇਆ ਨਹੀਂ ਬਣੀ। ਧਨ, ਭਗਤਾਂ ਲਈ ਮਾਇਆ ਨਹੀਂ ਬਣਿਆ। ਜਨਕ ਕੋਲ ਪ੍ਰਭੁਤਾ ਵੀ ਸੀ। ਹੋਰ ਬਹੁਤ ਸਾਰੇ ਮਹਾਂਪੁਰਸ਼ਾਂ ਕੋਲ ਪ੍ਰਭੁਤਾ ਸੀ। ਇਹ ਪ੍ਰਭੁਤਾ ਮਾਇਆ ਨਹੀਂ ਬਣੀ। ਲੇਕਿਨ ਮਨ ਦੀ ਅਵਸਥਾ, ਮਾਇਆ, ਇਹ ਪ੍ਰਭੁਤਾ ਨੂੰ ਮਾਇਆ ਬਣਾ ਦਿੰਦੀ ਹੈ। ਇਹ ਧਨ ਨੂੰ ਮਾਇਆ ਬਣਾ ਦਿੰਦੀ ਹੈ। ਅਗਰ ਪੁਰਸ਼ ਹੈ ਤਾਂ ਇਸ ਦੀ ਮਾਨਸਿਕ ਅਵਸਥਾ ਇਸਤ੍ਰੀ ਨੂੰ ਮਾਇਆ ਬਣਾ ਦਿੰਦੀ ਹੈ। ਇਸਤ੍ਰੀ ਦੀ ਮਾਨਸਿਕ ਅਵਸਥਾ ਪੁਰਸ਼ ਨੂੰ ਮਾਇਆ ਬਣਾ ਦਿੰਦੀ ਹੈ। ਫਿਰ ਜਿਊਣਾ ਮਾਇਆ ਦੀ ਖ਼ਾਤਿਰ ਹੋ ਜਾਂਦਾ ਹੈ। ਪੁਰਸ਼ ਜੀਵੇਗਾ ਇਸਤ੍ਰੀ ਦੀ ਖ਼ਾਤਿਰ, ਇਸਤ੍ਰੀ ਜੀਵੇਗੀ ਪੁਰਸ਼ ਦੀ ਖ਼ਾਤਿਰ। ਮਨੁੱਖ ਜੀਵੇਗਾ ਧਨ ਦੀ ਖ਼ਾਤਿਰ ਯਾ ਪ੍ਰਭੁਤਾ ਦੀ ਖ਼ਾਤਿਰ। ਇਹ ਮਾਇਆ ਬਣ ਗਈ। ਪਰਮਾਤਮਾ ਦੀ ਖ਼ਾਤਿਰ ਨਹੀਂ ਜੀਵੇਗਾ। ਇਸ ਦੀ ਜ਼ਿੰਦਗੀ ਦਾ ਲਕਸ਼ ਪਰਮਾਤਮਾ ਨਹੀਂ ਹੋਵੇਗਾ। ਹੇ ਪ੍ਰਭੂ! ਮੈਂ ਕੁਛ ਨਹੀਂ ਜਾਣਦਾ, ਮੈਂ ਤਾਂ ਮਾਇਆ ਦਾ ਗ਼ੁਲਾਮ ਹੋ ਗਿਆ ਹਾਂ। ਮਾਇਆ ਨੇ ਖ਼ਰੀਦ ਲਇਆ ਹੈ। ਮੈਂ ਤਾਂ ਮਾਇਆ ਦੇ ਹੱਥੋਂ ਵਿਕ ਗਿਆ ਹਾਂ।

ਤੁਮ ਕਹੀਅਤ ਹੌ ਜਗਤ ਗੁਰ ਸੁਆਮੀ॥

ਹੇ ਪਰਿਪੂਰਨ ਪਰਮਾਤਮਾ! ਤੂੰ ਤਾਂ ਜਗਤ ਦਾ ਗਿਆਤਾ ਹੈਂ। ਸਾਰੇ ਜਗਤ ਨੂੰ ਗਿਆਨ ਦੇਣ ਵਾਲਾ ਹੈਂ ਅਤੇ ਤੂੰ ਜਗਤ ਗੁਰੂ ਹੈਂ। ਫਿਰ ਤੂੰ ਸੁਆਮੀ ਹੈਂ, ਮਾਲਿਕ ਹੈਂ।

ਹਮ ਕਹੀਅਤ ਕਲਿਜੁਗ ਕੇ ਕਾਮੀ॥ ੧॥

ਅਸੀਂ ਇਸ ਦੌਰ ਵਿਚ, ਇਸ ਕਲਜੁਗ ਵਿਚ ਬੜੇ ਪ੍ਰਬਲ ਕਾਮੀ ਜੀਵ ਹਾਂ। ਜਦ ਕਾਮ ਪਰਧਾਨ ਨਹੀਂ ਸੀ, ਲੋਭ ਪਰਧਾਨ ਸੀ, ਹੰਕਾਰ ਪਰਧਾਨ ਸੀ। ਉਦੋਂ ਹੰਕਾਰ 'ਤੇ ਬਹੁਤ ਬੋਲਿਆ ਗਿਆ। ਉਦੋਂ ਲੋਭ ਦੀ ਵਿਆਖਿਆ ਬੜੀ ਕੀਤੀ ਗਈ। ਇਹ ਵਿਆਖਿਆ ਕਰਦੇ ਸਨ ਰਿਸ਼ੀ ਮੁਨੀ ਤਾਂਕਿ ਲੋਭ ਕਰਕੇ ਮਨੁੱਖ ਭਰਿਸ਼ਟ ਨਾ ਹੋਵੇ। ਹੰਕਾਰ ਕਰਕੇ ਭਰਿਸ਼ਟ ਨਾ ਹੋਵੇ। ਸੰਤ ਜਨ, ਅਵਤਾਰ ਸਮਝਾਉਂਦੇ ਸਨ ਤੇ ਬੋਲਦੇ ਸਨ। ਇਸ ਦੌਰ ਵਿਚ ਲੋਭ ਤੇ ਹੰਕਾਰ ਛਾਇਆ ਦੀ ਤਰ੍ਹਾਂ ਨੇ, ਕਾਮ ਪਰਧਾਨ ਹੋ ਗਿਆ ਹੈ, ਪਰ

ਬਦਕਿਸਮਤੀ ਹੈ ਰਿਸ਼ੀ ਮੁਨੀ ਤਾਂ ਇਤਨੇ ਹੈਨ ਕੋਈ ਨਹੀਂ। ਜੇ ਹੈਗੇ ਨੇ ਤਾਂ ਬੋਲਦੇ ਨਹੀਂ। ਦੁਸ਼ਟ ਲੋਗ ਕਾਮ 'ਤੇ ਲਿਖ ਰਹੇ ਨੇ। ਉਹ ਬੋਲ ਰਹੇ ਨੇ। ਓਹੀ ਚਰਚਾ ਪਏ ਕਰਦੇ ਨੇ। ਓਹੀ ਲੋਕਾਂ ਨੂੰ ਪੜ੍ਹਨ ਦੇ ਵਾਸਤੇ ਮਿਲਦਾ ਹੈ। ਚੂੰਕਿ ਭਰਿਸ਼ਟ ਲੋਕਾਂ ਨੇ ਕਾਮ 'ਤੇ ਲਿਖਿਆ ਹੈ, ਜੋ ਕਾਮ ਤੋਂ ਭਰਿਸ਼ਟ ਹੋਏ ਨੇ। ਉਨ੍ਹਾਂ ਨੂੰ ਪੜ੍ਹ ਪੜ੍ਹ ਕੇ ਪੜ੍ਹਨ ਵਾਲੇ ਵੀ ਭਰਿਸ਼ਟ ਹੋ ਜਾਂਦੇ ਨੇ। ਅਸੀਂ ਹੇ ਪ੍ਰਭੂ! ਕਲਜੁਗ ਦੇ ਕਾਮੀ ਜੀਵ ਹਾਂ।

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥

ਇਨ੍ਹਾਂ ਪੰਜਾਂ ਨੇ ਜਿਹੜਾ ਮੇਰਾ ਮਨ ਹੈ, ਇਸ ਨੂੰ ਭਰਿਸ਼ਟ ਕਰ ਦਿੱਤਾ ਹੈ। ਵਿਗਾੜ ਛੱਡਿਆ ਹੈ।

ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ॥ ੨॥

ਇਕ ਇਕ ਪਲ ਵਿਚ ਪਰਮਾਤਮਾ ਤੋਂ ਵਿਛੋੜੀ ਜਾਂਦੇ ਨੇ। ਭਾਵ ਇਕ ਪਲ ਲਈ ਵੀ ਨਹੀਂ ਜੁੜਨ ਦਿੰਦੇ। ਇਕ ਇਕ ਪਲ ਵਿਚ ਮੈਨੂੰ ਤੋੜੀ ਜਾਂਦੇ ਨੇ, ਵਿਛੋੜੀ ਜਾਂਦੇ ਨੇ।

ਜਤ ਦੇਖਉ ਤਤ ਦੁਖ ਕੀ ਰਾਸੀ॥

ਇਸ ਵਿਗਾੜ ਕਰਕੇ, ਇਸ ਵਿਛੋੜੇ ਕਰਕੇ, ਜੋ ਕੁਛ ਵੀ ਸੰਗਰਹਿ ਹੋ ਰਿਹਾ ਹੈ, ਜੋ ਰਾਸ ਇਕੱਠੀ ਹੋ ਰਹੀ ਹੈ, ਉਹ ਦੁੱਖ ਦੀ ਹੈ। ਰਵਿਦਾਸ ਜੀ ਕਹਿੰਦੇ ਨੇ, ਮੈਂ ਜਿਧਰ ਦੇਖਦਾ ਹਾਂ, ਸਾਰਿਆਂ ਕੋਲ ਦੁੱਖ ਦੀ ਰਾਸ ਹੈ, ਦੁੱਖਾਂ ਦੀ ਪੰਡ ਹੈ, ਹੋਰ ਕੁਛ ਵੀ ਨਹੀਂ। ਹਰ ਇਕ ਬੰਦਾ ਦੁੱਖਾਂ ਦੀ ਪੰਡ ਚੁੱਕੀ ਫਿਰਦਾ ਹੈ।

ਕਿਸੁ ਪਹਿ ਖੋਲ੍ਹਉ ਗੰਠੜੀ ਦੂਖੀ ਭਰਿ ਆਇਆ॥

(ਅੰਗ ੭੬੭)

ਕਿਸੇ ਦੀ ਵੀ ਪੰਡ ਖੋਲ੍ਹ ਕੇ ਦੇਖ ਲਉ ਸਿਵਾਇ ਦੁੱਖਾਂ ਦੇ ਹੋਰ ਕੁਝ ਨਿਕਲਦਾ ਨਹੀਂ। ਇਹੀ ਰਾਸ ਹੈ। ਅਸਲ ਵਿਚ ਮਨੁੱਖ ਇਹੋ ਰਾਸ ਚੁੱਕੀ ਫਿਰਦਾ ਹੈ।

ਅਜੌਂ ਨ ਪਤ੍ਯਾਇ ਨਿਗਮ ਭਏ ਸਾਖੀ॥ ੩॥

ਪਰ ਅਜੇ ਵੀ ਮਨੁੱਖ ਨੂੰ ਭਰੋਸਾ ਨਹੀਂ ਹੋਇਆ ਕਿ ਮੈਂ ਵਿਕਿਆ ਹੋਇਆ ਹਾਂ। ਮੈਂ ਭਰਿਸ਼ਟ ਹੋ ਗਿਆ ਹਾਂ। ਅਜੇ ਵੀ ਭਰਿਸ਼ਟ ਹੋਣ ਦਾ ਇਸ ਦਾ ਸ਼ੌਕ ਬਣਿਆ ਹੋਇਆ ਹੈ। ਇਹ ਵੇਦ ਸਾਖਸ਼ੀ ਨੇ, ਗਵਾਹ ਨੇ, ਭਾਵ ਵੇਦਾਂ ਦੇ ਵਿਚ ਕਹਾਣੀਆਂ ਨੇ। ਵੇਦ ਵੀ ਇਹ ਸਭ ਕੁਛ ਦੱਸੀ ਜਾਂਦੇ ਨੇ ਕਿ ਮਨੁੱਖ ਕਿਸ ਤਰ੍ਹਾਂ ਭਰਿਸ਼ਟ ਹੋ ਰਿਹਾ ਹੈ। ਰਵਿਦਾਸ ਜੀ ਕਹਿ ਰਹੇ ਨੇ ਕਿ ਕੇਵਲ ਮੈਂ ਹੀ ਨਹੀਂ ਕਹਿ ਰਿਹਾ, ਧਰਮ ਗ੍ਰੰਥ ਸਾਖਸ਼ੀ ਨੇ। ਮਨੁੱਖ ਗ਼ੁਲਾਮ ਹੋਇਆ ਪਇਆ ਹੈ। ਮਨੁੱਖ ਭਰਿਸ਼ਟ ਹੋਇਆ ਪਿਆ ਹੈ।

ਗੋਤਮ ਨਾਰਿ ਉਮਾਪਤਿ ਸ੍ਵਾਮੀ॥

ਰਵਿਦਾਸ ਜੀ ਇਸ ਵਿਚ ਸਭ ਤੋਂ ਪਹਿਲੇ ਲੈਂਦੇ ਨੇ ਇੰਦਰ ਨੂੰ। ਇੰਦਰ ਤੋਂ ਮੁਰਾਦ ਕਿਧਰੇ ਇਹ ਨਾ ਲੈ ਲੈਣਾ ਕਿ ਕੋਈ ਆਸਮਾਨ 'ਤੇ ਸਵਰਗ ਹੈ ਅਤੇ ਓਥੇ ਇੰਦਰ ਰਹਿੰਦਾ ਹੋਵੇਗਾ। ਕਰੀਬਨ ਕਰੀਬਨ ਹਰ ਰਾਜਾ ਇੰਦਰ ਹੁੰਦਾ ਹੈ, ਕੋਈ ਵੀ। ਹਰ ਰਾਜਨੀਤਿਕ ਇੰਦਰ ਹੁੰਦਾ ਹੈ, ਕੁਛ ਇਕ ਨੂੰ ਛੱਡ ਕੇ। ਜਨਕ ਜੈਸੇ ਨੂੰ ਛੱਡ ਕੇ, ਇੰਦਰ ਹੁੰਦੇ ਨੇ। ਉਹ ਇੰਦਰੀਆਂ ਦੇ ਰਸ ਦੇ ਵਿਚ ਰਹਿੰਦੇ ਨੇ। ਉਨ੍ਹਾਂ ਨੂੰ ਹਰ ਵਕਤ ਖਲੜੀ ਦਾ ਰਸ ਚਾਹੀਦਾ ਹੈ, ਕੰਨਾਂ ਦਾ ਰਸ ਚਾਹੀਦਾ ਹੈ, ਕਿਉਂਕਿ ਰਾਜੇ ਨੇ, ਸ਼ਕਤੀਸ਼ਾਲੀ ਨੇ, ਇੰਦਰ ਨੇ। ਇਸ ਲਈ ਇੰਦਰੀਆਂ ਦੇ ਰਸ ਉਨ੍ਹਾਂ ਦੇ ਪ੍ਰਬਲ ਨੇ ਅਤੇ ਪੂਰਤੀ ਦੇ ਸਾਧਨ ਵੀ ਉਨ੍ਹਾਂ ਦੇ ਕੋਲ ਨੇ। ਇਨ੍ਹਾਂ ਇੰਦਰੀਆਂ ਦੇ ਰਸਾਂ ਕਰਕੇ ਭਰਿਸ਼ਟ ਵੀ ਹੋਣਗੇ। ਫਿਰ ਵੀ ਪੂਜਨੀਕ ਹੋਣਗੇ। ਰਾਜੇ ਜੋ ਹੋਏ, ਸ਼ਕਤੀ ਜੋ ਕੋਲ ਹੈ। ਤਾਕਤ ਜੋ ਕੋਲ ਹੈ ਤੇ ਪੂਜੇ ਜਾਣਗੇ। ਭਾਵੇਂ ਕਾਮ ਇਨ੍ਹਾਂ ਨੂੰ ਭਰਿਸ਼ਟ ਕਰੇ, ਸ਼ਕਤੀ ਪੜਦਾ ਪਾ ਦੇਵੇਗੀ। ਭਾਵੇਂ ਲੋਭ ਇਨ੍ਹਾਂ ਨੂੰ ਭਰਿਸ਼ਟ ਕਰੇ, ਸ਼ਕਤੀ ਪੜਦਾ ਪਾ ਦੇਵੇਗੀ। ਭਾਵੇਂ ਹੰਕਾਰ ਇਨ੍ਹਾਂ ਨੂੰ ਭਰਿਸ਼ਟ ਕਰੇ, ਸ਼ਕਤੀ ਪੜਦਾ ਪਾ ਦੇਵੇਗੀ। ਇਕ, ਦੋ ਬੰਦਿਆਂ ਨੇ ਸ਼ਕਤੀਸ਼ਾਲੀ ਮਨੁੱਖ ਨੂੰ ਮਾਰ ਦਿੱਤਾ, ਉਨ੍ਹਾਂ ਨੂੰ ਫਾਂਸੀ 'ਤੇ ਚਾੜ੍ਹ ਦਿੱਤਾ, ਕਿਉਂਕਿ ਸ਼ਕਤੀਸ਼ਾਲੀ ਮਨੁੱਖ ਨੂੰ ਮਾਰਿਆ ਸੀ, ਪਰ ੪੦੦੦ ਸਿੱਖਾਂ ਦੀਆਂ ਲਾਸ਼ਾਂ ਦਿੱਲੀ ਦੀਆਂ ਸੜਕਾਂ 'ਤੇ ਪਈਆਂ, ਸਬੂਤ ਵੀ ਮੁਹੱਈਆ ਹੋ ਗਏ। ਕਿਸ ਨੂੰ ਫ਼ਾਂਸੀ 'ਤੇ ਚਾੜ੍ਹਿਆ? ਕੌਣ ਫ਼ਾਂਸੀ 'ਤੇ ਚੜ੍ਹਿਆ? ਕਮਜ਼ੋਰ। ਇਹ ਹਕੀਕਤ ਹੈ। ਇਹ ਤਾਂ ਸੱਚਾਈ ਹੈ। ਕਿਤਨਾ ਹੀ ਜ਼ਾਲਿਮ ਕਿਉਂ ਨਾ ਹੋਵੇ ਸ਼ਕਤੀ ਪੜਦਾ ਪਾ ਦੇਵੇਗੀ। ਕਿਤਨਾ ਹੀ ਬੇਈਮਾਨ ਤੇ ਠੱਗ ਕਿਉਂ ਨਾ ਹੋਵੇ, ਸ਼ਕਤੀ ਪੜਦਾ ਪਾ ਦਿੰਦੀ ਹੈ। ਕਿਤਨਾ ਹੀ ਦੁਰਾਚਾਰੀ ਤੇ ਵਿਭਚਾਰੀ ਕਿਉਂ ਨਾ ਹੋਵੇ, ਸ਼ਕਤੀ ਪੜਦਾ ਪਾ ਦਿੰਦੀ ਹੈ। ਸ਼ਕਤੀਹੀਣ ਦੀ ਨਿੱਕੀ ਜਿਹੀ ਗ਼ਲਤੀ ਪਹਾੜ ਜੈਸੀ ਹੋਵੇਗੀ। ਸ਼ਕਤੀਵਾਨ ਮਨੁੱਖ ਦੀ ਪਹਾੜ ਜੈਸੀ ਗ਼ਲਤੀ ਦਿਖਾਈ ਨਹੀਂ ਦੇਵੇਗੀ। ਉਸ ਦੇ ਕੋਲ ਬਹੁਤ ਵੱਡਾ ਪੜਦਾ ਹੈ। ਪੜਦਾ ਕੀ ਹੈ? ਕੀ ਉਹ ਸਾਰੇ ਗੁਨਾਹਾਂ ਨੂੰ ਢੱਕਦਾ ਹੈ, ਨਹੀਂ। ਉਹ ਲੋਕਾਂ ਦੀਆਂ ਅੱਖਾਂ 'ਤੇ ਹੀ ਪੜਦਾ ਪਾ ਦੇਵੇਗਾ। ਕੁਝ ਦਿਖਾਈ ਨਹੀਂ ਦਿੰਦਾ। ਉਸ ਦੇ ਕੋਲ ਸ਼ਕਤੀ ਹੈ, ਉਸ ਦੇ ਕੋਲ ਤਾਕਤ ਹੈ। ਹਰ ਰਾਜਾ ਇੰਦਰ ਹੁੰਦਾ ਹੈ। ਹੈ ਤੇ ਰਾਜਾ ਇੰਦਰ ਪਰ ਜੀਅ ਰਿਹਾ ਹੈ ਇੰਦਰੀਆਂ ਦੇ ਰਸ ਵਿਚ। ਗੋਤਮ ਦੀ ਪਤਨੀ ਅਤਿ ਸੁੰਦਰ ਸੀ। ਰਹਿੰਦੀ ਸੀ ਕੁਟੀਆ ਵਿਚ। ਗੋਤਮ ਰਿਸ਼ੀ ਤਪ ਸਾਧਨਾ ਕਰਨ ਵਾਲਾ ਭਜਨੀਕ ਪੁਰਸ਼। ਉਸ ਨੂੰ ਦੇਖ ਕੇ ਇਹ ਰਾਜਾ ਇੰਦਰ ਭਰਿਸ਼ਟ ਹੁੰਦਾ ਹੈ। ਉਸ ਦਾ ਸਤ ਭੰਗ ਕਰਦਾ ਹੈ। ਹੱਦ ਹੋ ਗਈ, ਇੰਦਰੀਆਂ ਦੇ ਰਸ ਵਿਚ। ਕਿਤਨੀਆਂ ਅਪਛਰਾਂ ਇਸ ਦੇ ਕੋਲ ਨੇ। ਹੋਣਗੀਆਂ ਉਸ ਦੇ ਕੋਲ ੬੦੦ ਅਪਛਰਾਂ। ਹਜ਼ਾਰ ਬੇਗਮਾਂ ਹੋਣਗੀਆਂ। ਚਾਰ ਸੌ ਰਾਣੀਆਂ ਹੋਣਗੀਆਂ। ਇੰਦਰ ਜੋ ਹੋਇਆ। ਸ਼ਕਤੀਸ਼ਾਲੀ ਜੋ ਹੋਇਆ, ਪਰ ਸ਼ਕਤੀਸ਼ਾਲੀ ਮਨੁੱਖ ਦੇ ਭਰਿਸ਼ਟ ਹੋਣ ਦੀ ਸੀਮਾ ਨਹੀਂ ਹੁੰਦੀ। ਸ਼ਕਤੀ ਜੋ ਹੈ ਤਾਂ ਭਰਸ਼ਿਟ ਹੋਣਾ ਹੀ ਹੈ, ਦੂਜਿਆਂ ਨੂੰ ਦਿਖਾਈ ਨਹੀਂ ਦਿੰਦਾ। ਉਸ ਨੇ ਗੋਤਮ ਦੀ ਪਤਨੀ ਦੇਖੀ ਹੈ, ਉਸ ਨਾਲ ਬਲਾਤਕਾਰ ਕੀਤਾ ਹੈ। ਇਸ ਤਰ੍ਹਾਂ ਦਾ ਭਾਵੇਂ ਕੁਛ ਵੀ ਕੀਤਾ ਜਾਏ, ਪ੍ਰਭੂ ਦੀ ਨਿਗਾਹ ਵਿਚ ਤਾਂ ਉਹ ਗੁਨਾਹ ਹੈ। ਪਾਪ ਹੈ ਇਸ ਦਾ ਫਲ, ਉਸ ਨੇ ਵੀ ਭੋਗਿਆ।

ਸੀਸੁ ਧਰਨਿ ਸਹਸ ਭਗ ਗਾਂਮੀ ॥ ੪ ॥

ਸੀਸੁ ਧਰਨਿ (ਇੱਥੇ ਬ੍ਰਹਮੇ ਦਾ ਜ਼ਿਕਰ ਹੈ), **ਸਹਸ ਭਗ ਗਾਂਮੀ ॥** ਇੱਥੇ ਇੰਦਰ ਦਾ ਜ਼ਿਕਰ ਹੈ। ਸਰੀਰ ਦੇ ਉੱਤੇ ਜਿਤਨੇ ਰੋਮ ਨੇ, ਇਤਨੇ ਫੋੜੇ ਹੋਏ। ਉਹ ਇੰਦਰ ਦੇ ਸਰੀਰ 'ਤੇ ਇਸਤ੍ਰੀ ਦੇ ਗੁਪਤ ਅੰਗ ਦਾ ਰੂਪ ਧਾਰਣ ਕਰ ਗਏ। ਹੁਣ ਸ਼ਰਮਸਾਰ ਹੋਇਆ। ਪਰਮਾਤਮਾ ਨੇ ਐਸੀ ਸਜ਼ਾ ਦਿੱਤੀ। **ਸੀਸੁ ਧਰਨਿ**, ਇਸ ਅਸੀਮ ਵਾਸ਼ਨਾਵਾਂ ਨੇ, ਜਿੱਥੇ ਇਕ ਰਾਜੇ ਨੂੰ ਭਰਿਸ਼ਟ ਕੀਤਾ, ਫਿਰ ਇਕ ਮਹਾਨ ਗਿਆਨੀ ਨੂੰ ਭਰਿਸ਼ਟ ਕੀਤਾ। ਕਿਹੜਾ ਗਿਆਨੀ? ਬ੍ਰਹਮਾ। ਸਾਰੇ ਗਿਆਨੀਆਂ ਦਾ ਸਿਰਮੌਰ। ਇੰਞ ਕਹਿ ਲਵੋ, ਅੱਜ ਤਕ ਜਿੰਨੇ ਗਿਆਨੀ ਹੋਏ ਨੇ, ਸਾਰਿਆਂ ਦਾ ਸਿਰਮੌਰ ਹੈ ਬ੍ਰਹਮਾ। ਕਥਾ ਕਰਦਾ ਪਿਆ ਸੀ। ਇਸ ਨੇ ਸਿਰਫ਼ ਵੇਦ ਹੀ ਉਚਾਰਨ ਨਹੀਂ ਕੀਤੇ ਬਲਕਿ ਕਥਾ ਵੀ ਕਰਦਾ ਸੀ। ਸਰੋਤਿਆਂ ਵਿਚ ਵਿਸ਼ਨੂੰ ਵੀ ਬੈਠਦਾ ਸੀ। ਇਕ ਦੇਵਤੇ ਦੀ ਕਥਾ ਕਿਉਂਕਿ ਬਹੁਤ ਉੱਚੀ ਹੈ। ਉੱਚੀ ਸਮਝ ਵਾਲੇ ਬੰਦੇ ਬੈਠਦੇ ਸਨ। ਆਮ ਬੰਦਿਆਂ ਦੇ ਪੱਲੇ ਤਾਂ ਕੁਛ ਪੈਂਦੀ ਨਹੀਂ ਸੀ। ਸਿਆਣਾ ਬਹੁਤ ਸੀ ਬ੍ਰਹਮਾ। ਇਸ ਵਾਸਤੇ ਬਹੁਤ ਭੀੜ ਨਹੀਂ ਹੁੰਦੀ ਸੀ, ਸਿਰਫ਼ ਦੇਵਤੇ ਹੀ ਸੁਣਦੇ ਸਨ। ਲੰਬੀਆਂ ਚੌੜੀਆਂ ਕਹਾਣੀਆਂ ਨੇ। ਕਹਿੰਦੇ ਹਨ, ਇਕ ਦਿਨ ਦੈਂਤ ਵੀ ਸੁਣਨ ਆਏ ਸਨ। ਉਹ ਵੀ ਇਕੋ ਹੀ ਦਿਨ, ਮੁੜ ਕੇ ਨਹੀਂ ਆਏ, ਕਾਰਣ?

ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥
ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ ॥
ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ ॥
(ਅੰਗ ੩੧੪)

ਉਨ੍ਹਾਂ ਦਾ ਜੀਅ ਓਥੇ ਨਹੀਂ ਲਗਿਆ। ਪਤਾ ਨਹੀਂ ਕਿੱਥੋਂ ਦੀ ਗੱਲ ਕਰੀ ਜਾ ਰਿਹਾ ਹੈ ਬ੍ਰਹਮਾ। ਐਵੇਂ ਸਿਰ ਖਪਾਈ ਜਾ ਰਿਹਾ ਹੈ। ਨਿਊ-ਯਾਰਕ (ਅਮਰੀਕਾ ਵਿਚ) ਇਕ ਸੱਜਣ ਮੈਨੂੰ ਕਹਿੰਦਾ ਹੈ, ਥੋੜ੍ਹਾ ਹਾਸ-ਰਸ ਵੀ ਸੁਣਾਇਆ ਕਰੋ, ਨਿਰੀ ਗੁਰਬਾਣੀ ਦੀ ਵਿਚਾਰ ਸੁਣਦਿਆਂ ਸੁਣਦਿਆਂ ਸਿਰ ਥਕ ਜਾਂਦਾ ਹੈ। ਇਹ ਗੱਲ ਉਸ ਨੇ ਮੈਨੂੰ ਸਾਰਿਆਂ ਦੇ ਸਾਹਮਣੇ ਕਹੀ। ਮੈਂ ਕਿਹਾ, ਤੁਸੀਂ ਮੈਨੂੰ ਮਸਖ਼ਰਾ ਸਮਝਿਆ ਹੈ। ਜੌਕਰ ਸਮਝਿਆ ਹੈ। ਜੇ ਮਜ਼ਾਕ ਆਦਿ ਹੀ ਸੁਣਨਾ ਹੈ ਤਾਂ ਫਿਰ ਥੀਏਟਰ (Theatre) ਵਿਚ ਜਾਉ। ਗੁਰਦੁਆਰੇ ਕਿਸ ਲਈ ਆਏ ਹੋ। ਇੱਥੇ ਤਾਂ ਗੁਰੂ ਦੀ ਗੱਲ ਹੈ, ਪ੍ਰਭੂ ਦੀ ਗੱਲ ਹੈ। ਉਹ ਸੱਜਣ ਕਹਿਣ ਲੱਗਾ, ਇਹ ਕੀ ਰੋਜ਼ ਗੁਰਬਾਣੀ ਦੇ ਅਰਥ ਸੁਣਾਉਂਦੇ ਹੋ, ਵਿਆਖਿਆ ਕਰੀ ਜਾਂਦੇ ਹੋ। ਉਦੋਂ ਮੈਨੂੰ ਖ਼ਿਆਲ ਆਇਆ, ਉਹ ਜਿਹੜੇ ਦੇਵਤੇ ਕਹੇ ਜਾਂਦੇ ਨੇ, ਦੈਂਤ ਕਹੇ ਜਾਂਦੇ ਨੇ। ਲੱਗਦਾ ਹੈ ਇਹ ਦੈਂਤ ਸ਼੍ਰੇਣੀ ਵਿਚੋਂ ਹੋਵੇਗਾ, ਹੋਰ ਕੁਛ ਵੀ ਨਹੀਂ ਹੈ। ਦੈਂਤ ਬ੍ਰਹਮੇ ਦੀ ਕਥਾ ਸੁਣਨ ਵਾਸਤੇ ਇਕੋ ਦਿਨ ਆਏ ਸਨ, ਮੁੜ ਨਹੀਂ ਆਏ। ਕੇਵਲ ਦੇਵਤੇ ਹੀ ਆਉਂਦੇ ਸਨ। ਸਰੋਤਿਆਂ ਦੇ ਵਿਚ ਬ੍ਰਹਮੇ ਦੀ ਬੱਚੀ ਸਰਸਵਤੀ (ਸਾਰਦਾ), ਮਹਾਨ ਵਿਦਵਾਨ ਅਤੇ ਵਿੱਦਿਆ ਦੀ ਦਾਤੀ ਮੰਨੀ ਜਾਂਦੀ ਹੈ। ਉਹ ਵੀ ਬੈਠਦੀ ਸੀ ਅਤੇ ਆਪਣੇ ਪਿਤਾ ਨੂੰ ਸੁਣਦੀ ਸੀ। ਇਕ ਦਿਨ ਬ੍ਰਹਮਾ ਜੀ ਕਥਾ ਵਿਚ ਸੋਲ੍ਹਾਂ ਸ਼ਿੰਗਾਰਾਂ ਦੀ

ਗੱਲ ਕਰ ਰਿਹਾ ਸੀ। ਉਸ ਦੀ ਦਰਿਸ਼ਟੀ ਟਿਕ ਗਈ ਸਰਸਵਤੀ ਉੱਤੇ ਅਤੇ ਟਿਕੀ ਰਹਿ ਗਈ। ਦਰਿਸ਼ਟੀ ਉਸ ਤੋਂ ਹਟੀ ਨਹੀਂ। ਲੋਚਨ, ਲੋਚਾ ਹਟੀ ਨਹੀਂ। ਦੇਖਣ ਦੀ ਲੋਚਾ ਹਟੀ ਨਹੀਂ। ਹੁਣ ਸਰਸਵਤੀ ਜਿਹੜੀ ਇਤਨੀ ਗਿਆਨਵਾਨ ਸੀ, ਉਸ ਨੇ ਦੇਖਿਆ ਇਹ ਜਿਹੜੀ ਇਨ੍ਹਾਂ ਦੀ ਲੋਚਾ ਹੈ ਇਹ ਤਾਂ ਭਰਿਸ਼ਟ ਹੋ ਗਈ ਹੈ। ਇਹ ਦਰਿਸ਼ਟੀ ਮੈਲੀ ਹੋ ਗਈ ਹੈ। ਭਾਵੇਂ ਮੇਰਾ ਪਿਤਾ ਹੈ, ਪਰ ਦਰਿਸ਼ਟੀ ਮੈਲੀ ਹੋ ਗਈ ਹੈ। ਅੱਖਾਂ ਦੱਸ ਦਿੰਦੀਆਂ ਹਨ। ਅੰਦਰ ਕਰੋਧ ਹੋਵੇ, ਅੱਖਾਂ ਦੱਸ ਦਿੰਦੀਆਂ ਨੇ। ਹੋਰ ਕੌਣ ਦੱਸਦਾ ਹੈ? ਅੰਦਰ ਲੋਭ ਹੋਵੇ, ਅੱਖਾਂ ਹੀ ਦੱਸ ਦਿੰਦੀਆਂ ਨੇ। ਅਗਰ ਕਿਸੇ ਨੂੰ ਪੜ੍ਹਨ ਦੀ ਜਾਚ ਹੋਵੇ। ਸਰਸਵਤੀ ਕਿਉਂਕਿ ਸੂਝਵਾਨ ਸੀ, ਉਸ ਨੇ ਦੇਖ ਲਿਆ। ਉਹ ਸਾਹਮਣੇ ਤੋਂ ਉੱਠ ਕੇ ਸੱਜੇ ਪਾਸੇ ਆਣ ਬੈਠੀ। ਹੁਣ ਮਿਥਿਹਾਸ ਤਾਂ ਕਹਿੰਦਾ ਹੈ ਕਿ ਉਸ ਨੇ ਓਧਰ ਮੂੰਹ ਬਣਾ ਲਿਆ, ਪਰ ਐਸਾ ਹੋ ਨਹੀਂ ਸਕਦਾ, ਅਸਲ ਵਿਚ ਉਸ ਨੇ ਆਪਣਾ ਮੂੰਹ ਹੀ ਓਧਰ ਫੇਰ ਲਿਆ। ਇੰਝ ਕੀਤਾ ਹੋਵੇਗਾ। ਕਹਿੰਦੇ ਨੇ ਬ੍ਰਹਮਾ ਕਥਾ ਕਰਦਾ ਸੀ, ਪਰ ਵਿਚਕਾਰ ਬੈਠ ਕੇ। ਚਾਰੋਂ ਪਾਸੇ ਦੇਵਤੇ ਬੈਠਦੇ ਸਨ। ਜਿਹੜੇ ਬਹੁਤ ਵੱਡੇ ਵੱਡੇ ਦੇਵਤੇ ਸਨ, ਉਹ ਅੱਗੇ ਅੱਗੇ ਬੈਠਦੇ ਸਨ, ਸਾਹਮਣੇ ਬੈਠਦੇ ਸਨ। ਫਿਰ ਉਨ੍ਹਾਂ ਦੇ ਚੇਲੇ, ਉਨ੍ਹਾਂ ਦੇ ਸ਼ਿਸ਼, ਉਹ ਪਿੱਛੇ ਬੈਠਦੇ ਸਨ ਔਰ ਚਾਰੋਂ ਪਾਸੇ ਬੈਠਦੇ ਸਨ। ਬ੍ਰਹਮੇ ਨੇ ਹੋ ਸਕਦਾ ਹੈ ਮੂੰਹ ਓਧਰ ਮੋੜਿਆ ਹੋਵੇ। ਮੂੰਹ ਓਧਰ ਬਣਾ ਲੈਣਾ, ਇਹ ਪਰਕਿਰਤੀ ਦੇ ਥੋੜ੍ਹੀ ਉਲਟੀ ਗੱਲ ਹੈ। ਓਧਰ ਹੋ ਗਿਆ ਹੋਵੇ ਤਾਂ ਕਹਿ ਨਹੀਂ ਸਕਦੇ। ਦਾਅਵੇ ਨਾਲ ਮੈਂ ਨਹੀਂ ਕਹਿ ਸਕਦਾ ਕਿ ਬਣ ਗਿਆ ਹੋਵੇ। ਮੂੰਹ ਫੇਰ ਲਿਆ। ਸਰਸਵਤੀ ਨੇ ਦੇਖ ਲਿਆ ਕਿ ਇਹ ਤਾਂ ਦਰਿਸ਼ਟੀ ਮੇਰੇ 'ਤੇ ਹੈ। ਉਹ ਸੱਜੇ ਤੋਂ ਉੱਠ ਕੇ ਖੱਬੇ ਪਾਸੇ ਆਣ ਬੈਠੀ। ਕਥਾ ਸੁਣਨ ਵਾਲੇ ਤਾਂ ਚਾਰੋਂ ਪਾਸੇ ਬੈਠੇ ਹੋਏ ਸਨ। ਬ੍ਰਹਮੇ ਨੇ ਖੱਬੇ ਪਾਸੇ ਮੂੰਹ ਮੋੜ ਲਿਆ, ਦਰਿਸ਼ਟੀ ਫਿਰ ਸਰਸਵਤੀ 'ਤੇ। ਕਹਿੰਦੇ ਨੇ ਇਹ ਕੌਤਕ ਸ਼ਿਵਜੀ ਨੇ ਦੇਖਿਆ। ਉਨ੍ਹਾਂ ਨੂੰ ਕਰੋਧ ਆ ਗਿਆ ਕਿ ਇਤਨਾ ਗਿਆਨੀ, ਇਤਨਾ ਸੂਝਵਾਨ, ਇਤਨਾ ਮਹਾਨ ਪੰਡਿਤ ਅਤੇ ਇਹ ਕਰ ਕੀ ਰਿਹਾ ਹੈ। ਜੈਸੇ ਸਰਸਵਤੀ ਪਿੱਛੇ ਬੈਠੀ, ਉਹ (ਬ੍ਰਹਮਾ) ਆਪਣੇ ਆਪ ਨੂੰ ਪਿੱਛੇ ਮੋੜ ਬੈਠਾ। ਕਹਿੰਦੇ ਨੇ ਸ਼ਿਵਜੀ ਨੇ ਤ੍ਰਿਸ਼ੂਲ ਨਾਲ ਬ੍ਰਹਮੇ ਦਾ ਸਿਰ ਹੀ ਵੱਢ ਦਿੱਤਾ। ਲੰਬੀ ਚੌੜੀ ਇਹ ਕਥਾ ਹੈ ਕਿ ਫਿਰ ਕਿਵੇਂ ਜੁੜਿਆ ਅਤੇ ਸ਼ਿਵਜੀ ਨੂੰ ਬ੍ਰਹਮ ਹੱਤਿਆ ਲੱਗੀ। ਭਾਈ ਸਾਹਿਬ ਭਾਈ ਗੁਰਦਾਸ ਜੀ ਲਿਖਦੇ ਨੇ:-

ਚਾਰੇ ਵੇਦ ਵਖਾਣਦਾ ਚਤੁਰਮੁਖੀ ਹੋਇ ਖਰਾ ਸਿਆਣਾ॥
ਲੋਕਾਂ ਨੋ ਸਮਝਾਇਦਾ ਵੇਖਿ ਸੁਰਸਤੀ ਰੂਪ ਲੋਭਾਣਾ॥

(ਵਾਰਾਂ ਭਾ.ਗੁ.ਜੀ, ਵਾਰ ੧੨)

ਉਮਰ ਕਰਕੇ ਬਿਰਧ ਹੋ ਚੁੱਕਿਆ ਸੀ, ਬੁੱਢਾ ਹੋ ਚੁੱਕਿਆ ਸੀ। ਅਸਲ ਵਿਚ ਲੋਭ ਬੁੱਢਾ ਨਹੀਂ ਹੁੰਦਾ, ਹੰਕਾਰ ਬੁੱਢਾ ਨਹੀਂ ਹੁੰਦਾ, ਕਾਮ ਬੁੱਢਾ ਨਹੀਂ ਹੁੰਦਾ, ਸਰੀਰ ਬੁੱਢਾ ਹੋ ਜਾਂਦਾ ਹੈ। ਤੀਹ ਚਾਲੀ ਸਾਲ ਪੁਰਾਣੀ ਗੱਲ ਹੈ। ਕਾਨਪੁਰ ਦੇ ਸਾਰੇ ਵਾਸੀ ਜਾਣਦੇ ਨੇ। ਬਹੁਤ ਲੰਬੇ ਦਾਹੜੇ ਵਾਲਾ ਇਕ ਬਜ਼ੁਰਗ ਬਾਬਾ, ਉਹ ਮੇਰੇ ਮਿੱਤਰਾਂ ਵਿਚੋਂ ਸੀ, ਹਾਲਾਂਕਿ

ਉਮਰ ਕਰਕੇ ਤਾਂ ਉਹ ਦਾਦਿਆਂ ਵਰਗਾ ਸੀ। ਹੁਣ ਤਾਂ ਉਹ ਗੁਜ਼ਰ ਚੁੱਕਾ ਹੈ। ਉਸ ਨੇ ਅਠਾਸੀ ਸਾਲ ਦੀ ਉਮਰ ਵਿਚ ਵਿਆਹ ਕਰਾਇਆ। ਖ਼ਰੀਦੀ ਉਸ ਨੇ ਇਕ ਗ਼ਰੀਬ ਘਰਾਣੇ ਦੀ ਬੱਚੀ। 'ਸ਼ੁਗਲ' ਜੀ ਮੈਨੂੰ ਕਹਿਣ ਲੱਗੇ, ਇਸ ਨੂੰ ਕੁਝ ਸਮਝਾਉ। ਹੁਣ ਤਾਂ ਇਸ ਨੂੰ ਨਾਲ ਰੱਖਣਾ ਤੇ ਇਸ ਦੇ ਨਾਲ ਚਲਣਾ, ਲੋਕੀਂ ਉਂਗਲਾਂ ਉਠਾਉਂਦੇ ਨੇ। ਮੈਂ ਕਿਹਾ ਬ੍ਰਹਮੇ ਦੀ ਕਥਾ ਨਹੀਂ ਪੜ੍ਹੀ। ਮੈਂ 'ਸ਼ੁਗਲ' ਜੀ ਨੂੰ ਸਮਝਾਇਆ, ਜੇ ਬ੍ਰਹਮਾ ਭਰਿਸ਼ਟ ਹੋ ਸਕਦਾ ਹੈ, ਇਹ ਤਾਂ ਉਸ ਦੇ ਚੇਲਿਆਂ ਵਰਗਾ ਵੀ ਨਹੀਂ। ਇਹ ਤਾਂ ਕੁਛ ਵੀ ਨਹੀਂ। ਬ੍ਰਹਮਾ ਵਰਗਾ ਭਰਿਸ਼ਟ ਹੋ ਗਿਆ:-

ਚਾਰੇ ਵੇਦ ਵਖਾਣਦਾ...॥

੭੫ ਸਾਲ ਦੀ ਉਮਰ ਵਿਚ ਗੋਰਖ ਦਾ ਗੁਰੂ ਮਛੰਦਰ ਨਾਥ ਭਰਿਸ਼ਟ ਹੋਇਆ। ਸਾਰੀ ਜ਼ਿੰਦਗੀ ਤਿਆਗ ਵਿਚ ਬਤੀਤ ਕੀਤੀ ਅਤੇ ੭੫ ਸਾਲ ਦੀ ਉਮਰ ਵਿਚ ਵਿਆਹ ਕਰਾਇਆ, ਉਹ ਵੀ ਇਕ ਵੇਸਵਾ ਨਾਲ, ਇਕ ਨਰਤਕੀ ਨਾਲ। ਗੋਰਖ ਨੇ ਕਹਿ ਦਿੱਤਾ ਸੀ ਸਾਡਾ ਇਹ ਧਰਮ ਪੰਥ ਜੁਗਾਂ ਜੁਗਾਂਤਰਾਂ ਤਕ ਚਲਣਾ ਸੀ। ਤੁਹਾਡੇ ਭਰਿਸ਼ਟ ਹੋਣ ਕਰਕੇ ਹੁਣ ਨਹੀਂ ਚਲੇਗਾ। ਵਾਕਿਈ ਨਹੀਂ ਚਲਿਆ, ਰਹਿ ਗਿਆ। ਭਾਈ ਸਾਹਿਬ ਭਾਈ ਗੁਰਦਾਸ ਜੀ ਇਹ ਵੀ ਲਿਖਦੇ ਨੇ:-

ਗੋਰਖ ਜਤੀ ਸਦਾਇੰਦਾ ਤਿਸੁ ਗੁਰੁ ਘਰਿਬਾਰੀ॥

(ਵਾ.ਭਾ.ਗੁ., ਵਾਰ ੩੮)

ਕੀ ਹੋਇਆ ਤੂੰ ਜਤੀ ਹੈਂ, ਆਪਣੇ ਗੁਰੂ ਕੋਲੋਂ ਪੁੱਛ ਉਹ ਕੀ ਹੈ। ਤੇਰਾ ਗੁਰੂ ਤਾਂ ਬੁਢੇਪੇ ਵਿਚ ਭਰਿਸ਼ਟ ਹੋਇਆ ਹੈ। ਇੱਥੇ ਇਸ ਸ਼ਬਦ ਵਿਚ ਇੰਦਰ ਤੇ ਬ੍ਰਹਮੇ ਦੇ ਭਰਿਸ਼ਟ ਹੋਣ ਦਾ ਜ਼ਿਕਰ ਸ੍ਰੀ ਰਵਿਦਾਸ ਜੀ ਕਰ ਰਹੇ ਨੇ:-

ਹਮ ਕਹੀਅਤ ਕਲਿਜੁਗ ਕੇ ਕਾਮੀ॥੧॥

ਇਸ ਨੂੰ ਆਧਾਰ ਬਣਾ ਕੇ ਸ੍ਰੀ ਰਵਿਦਾਸ ਜੀ ਖ਼ੁਲਾਸਾ ਕਰੀ ਜਾ ਰਹੇ ਨੇ:-

ਇਨ ਦੂਤਨ ਖਲੁ ਬਧੁ ਕਰਿ ਮਾਰਿਓ॥

ਇਨ੍ਹਾਂ ਕਾਮ ਦੇ ਦੂਤਾਂ ਨੇ ਐਸਾ ਮਾਰਿਆ ਹੈ ਜਿਵੇਂ ਖਲੁ (ਮੂਰਖ) ਨੂੰ ਮਾਰੀਦਾ ਹੈ, ਭਾਵ ਮੂਰਖ ਬਣਾ ਦਿੱਤਾ। ਕਾਮ ਨੇ ਇਤਨੇ ਸਿਆਣੇ ਮਨੁੱਖਾਂ ਨੂੰ ਮੂਰਖ ਬਣਾ ਦਿੱਤਾ। ਇਤਨਾ ਚਤੁਰਮੁਖੀ ਸਿਆਣਾ, ਚੌਹਾਂ ਦਿਸ਼ਾਂ ਦੀ ਗੱਲ ਜਾਨਣ ਵਾਲਾ। ਹਰ ਪਾਸੇ ਦੀ ਗੱਲ ਜਾਨਣ ਵਾਲੇ ਨੂੰ ਮੂੜ੍ਹ ਬਣਾ ਦਿੱਤਾ। ਉਹ ਇੰਦਰ ਇਤਨਾ ਸ਼ਕਤੀਸ਼ਾਲੀ, ਉਸ ਨੂੰ ਵੀ ਮੂੜ੍ਹ ਬਣਾ ਦਿੱਤਾ ਅਤੇ ਰੱਬੋਂ ਇਨ੍ਹਾਂ ਦੇ ਉੱਤੇ ਖ਼ੂਬ ਮਾਰ ਪਈ।

ਬਡੋ ਨਿਲਾਜੁ ਅਜਹੂ ਨਹੀ ਹਾਰਿਓ॥੫॥

ਰਵਿਦਾਸ ਜੀ ਕਹਿੰਦੇ ਨੇ ਮਨ ਬੜਾ ਨਿਰਲਜ ਹੈ। ਇਤਨੀ ਮਾਰ ਖਾ ਕੇ ਵੀ ਹਾਰ

ਨਹੀਂ ਮੰਨਦਾ। ਭਾਵੇਂ ਜਨਮ-ਜਨਮਾਂਤਰਾਂ ਦੇ ਦੁੱਖ ਹੋਵਣ, ਇਹ ਨਿਰਲਜ ਹੈ, ਇਹ ਹਾਰ ਨਹੀਂ ਮੰਨਦਾ। ਉਸੇ ਵਾਸ਼ਨਾ ਅਧੀਨ ਅਨਰਥ ਕਰੀ ਜਾਂਦਾ ਹੈ।

ਕਹਿ ਰਵਿਦਾਸ ਕਹਾ ਕੈਸੇ ਕੀਜੈ॥

ਰਵਿਦਾਸ ਜੀ ਕਹਿੰਦੇ ਨੇ, ਹੇ ਪ੍ਰਭੂ! ਹੁਣ ਦੱਸੋ ਮੈਂ ਕੀ ਕਰਾਂ। ਇਤਨੇ ਵੱਡੇ ਵੱਡੇ ਗਿਆਨੀ, ਇਤਨੇ ਵੱਡੇ ਵੱਡੇ ਸ਼ਕਤੀਸ਼ਾਲੀ, ਇਨ੍ਹਾਂ ਨੂੰ ਵੀ ਮੂੜ੍ਹ ਬਣਾ ਦਿੱਤਾ। ਜੋ ਗੱਲ ਬ੍ਰਹਮੇ ਨਾਲ ਹੈ, ਇਹੀ ਗੱਲ ਸ਼ਿਵਜੀ ਨਾਲ ਵੀ ਹੈ। ਇਹੀ ਗੱਲ ਵਿਸ਼ਨੂੰ ਨਾਲ ਵੀ ਹੈ। ਹੈਰਾਨਗੀ ਹੈ। ਵਿਸ਼ਵਾਮਿਤਰ ਨਾਲ ਵੀ ਹੈ। ਸ਼੍ਰਿੰਗੀ ਰਿਸ਼ੀ ਨਾਲ ਵੀ ਹੈ। ਮੰਨੇ ਹੋਏ ਟੌਪ (Top) ਦੇ ਮਨੁੱਖ ਭਰਿਸ਼ਟ ਹੋਏ ਨੇ ਅਤੇ ਹੁਣ ਇਹ ਅੰਦਾਜ਼ਾ ਲਾ ਲੈਣਾ, ਇਤਨੀਆਂ ਇਸਤ੍ਰੀਆਂ ਭਰਿਸ਼ਟ ਸਨ। ਦਸਮ ਗ੍ਰੰਥ ਜੀ ਦੀ ਇਕ ਪੰਗਤੀ ਮੈਂ ਦੱਸਾਂ:-

ਅਕ੍ਰਿਤ ਕ੍ਰਿਤ ਕਾਰਨੋ, ਅਨਿੱਤ ਨਿੱਤ ਹੋਹਿੰਗੇ॥
ਤਿਆਗ ਧਰਮਣੋ ਤ੍ਰੀਅੰ ਕੁਨਾਰਿ ਸਾਧ ਜੋਹਿੰਗੇ॥੨੯॥

(ਦਸਮ ਗ੍ਰੰਥ, ਅੰਗ ੫੭੩)

ਬਥੇਰੀਆਂ ਇਸਤ੍ਰੀਆਂ ਆਪਣਾ ਇਸਤ੍ਰੀ ਹੋਣ ਦਾ ਧਰਮ ਛੋੜ ਦੇਣਗੀਆਂ। ਜਿਨ੍ਹਾਂ ਨੂੰ ਅਸੀਂ ਸਾਧੂ ਕਹਿੰਦੇ ਹਾਂ, ਉਹ ਇਨ੍ਹਾਂ ਇਸਤ੍ਰੀਆਂ ਦੀ ਤਲਾਸ਼ ਵਿਚ ਹੋਣਗੇ। ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਇਹ ਬੋਲ ਨਾ ਹੁੰਦੇ ਤਾਂ ਮੈਂ ਇਹ ਨਹੀਂ ਸੀ ਕਹਿ ਸਕਦਾ। ਪਿਛਲੀਂ ਦਿਨੀਂ ਮੈਨੂੰ ਬਹੁਤ ਕੁਛ ਪੜ੍ਹਨ ਨੂੰ ਤੇ ਸੁਣਨ ਨੂੰ ਮਿਲਿਆ ਹੈ। ਹੈਰਾਨਗੀ ਵੀ ਮੈਨੂੰ ਹੋਈ। ਉਦੋਂ ਸ੍ਰੀ ਕਲਗੀਧਰ ਜੀ ਦੇ ਬੋਲ ਮੈਨੂੰ ਯਾਦ ਆਏ ਕਿ ਇਹ ਅਨੀਤੀ ਨਿਤ ਹੋਵੇਗੀ। ਰੋਜ਼ ਹੋਵੇਗੀ। ਕੁਛ ਇਸਤ੍ਰੀਆਂ ਇਸਤ੍ਰੀ ਹੋਣ ਦਾ ਧਰਮ ਤਿਆਗ ਦੇਣਗੀਆਂ। ਜਿਨ੍ਹਾਂ ਨੂੰ ਸਾਧੂ ਸੰਤ ਕਹਿੰਦੇ ਹਾਂ, ਉਹ ਇਨ੍ਹਾਂ ਇਸਤ੍ਰੀਆਂ ਦੀ ਤਲਾਸ਼ ਵਿਚ ਹੋਵਣਗੇ। ਇਸ ਤੋਂ ਅੱਗੇ ਮੈਂ ਕੁਛ ਨਹੀਂ ਲਿਖਦਾ, ਕਾਰਣ? ਕਿਉਂਕਿ ਇਕੱਲਾ ਹਾਂ। ਕਈ ਦਫ਼ਾ ਐਵੇਂ ਭਾਂਬੜ ਮਚ ਜਾਂਦੇ ਨੇ। ਮੈਂ ਤਾਂ ਬਥੇਰੀ ਭੀੜ ਵਿਚ ਘਿਰ ਜਾਂਦਾ ਹਾਂ। ਸਿੰਘ ਸਾਹਿਬ (ਇਹ ਕਥਾ ੬-੧੧-੨੦੦੪ ਦੀ ਮੰਜੀ ਸਾਹਿਬ ਦੀ ਹੈ, ਉਦੋਂ ਉਸ ਵਕਤ ਦੇ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰ ਜੀ ਵੀ ਬੈਠੇ ਹੋਏ ਸਨ) ਹੁਰਾਂ ਨੂੰ ਪਤਾ ਹੈ ਕਿ ਮੈਂ ਖੁਲ੍ਹ ਕੇ ਦਸਮ ਗ੍ਰੰਥ 'ਤੇ ਬੋਲਿਆ ਅਤੇ ਮੈਨੂੰ ਖ਼ਾਹ ਮਖ਼ਾਹ ਘੇਰਿਆ ਗਿਆ। ਬੜਾ ਕੁਛ ਲਿਖਿਆ, ਮੇਰੇ ਖ਼ਿਲਾਫ਼। ਇਨ੍ਹਾਂ ਨਾਲ ਮੇਰੀ ਵਿਚਾਰ ਵੀ ਹੋਈ। ਚੂੰਕਿ ਇਹ ਹਮਾਇਤੀ ਨੇ, ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਅਜ਼ੀਮ ਰਚਨਾ ਨੂੰ ਮਹਾਨਤਾ ਦਿੰਦੇ ਨੇ।

ਸਿਰਫ਼ ਸੰਕੀਰਨ ਦਿਮਾਗ਼ ਦੇ ਜਿਹੜੇ ਮਨੁੱਖ ਨੇ, ਛੋਟੀ ਅਕਲ ਦੇ ਮਨੁੱਖ ਨੇ, ਜੋ ਵਿਸ਼ਾਲ ਢੰਗ ਨਾਲ ਨਹੀਂ ਸੋਚਦੇ। ਲੋਭ 'ਤੇ ਬੋਲਿਆ ਜਾ ਸਕਦਾ ਹੈ, ਮੋਹ 'ਤੇ ਬੋਲਿਆ ਜਾ ਸਕਦਾ ਹੈ, ਕਾਮ 'ਤੇ ਕਿਉਂ ਨਹੀਂ ਬੋਲਿਆ ਜਾ ਸਕਦਾ? ਦੁਨੀਆਂ ਲੋਭ ਕਰਕੇ ਇਤਨੀ ਭਰਿਸ਼ਟ ਨਹੀਂ ਹੋਈ ਹੈ। ਅਮਰੀਕਾ ਵਿਚ ਸੌ ਵਿਚੋਂ ੬੦ ਘਰਾਂ ਦੇ ਵਿਚ ਤਲਾਕ ਹੋ ਜਾਂਦਾ ਹੈ। ਸ਼ਾਦੀਆਂ ਨਹੀਂ ਨਿਭਦੀਆਂ। ਇਕ ਇਕ ਪੁਰਸ਼ ਛੇ ਛੇ ਵਿਆਹ ਕਰਾਉਂਦਾ

ਹੈ। ਇਕ ਇਕ ਇਸਤ੍ਰੀ ਸੱਤ ਸੱਤ ਵਿਆਹ ਕਰਾਉਂਦੀ ਹੈ। ਹਾਲਾਤ ਤਾਂ ਇਹ ਹੋ ਗਏ ਨੇ। ਬੱਚੇ ਰੁਲਦੇ ਨੇ, ਪਸ਼ੂਆਂ ਦੀ ਤਰ੍ਹਾਂ ਰੁਲਦੇ ਨੇ। ਉਸ ਦਾ ਅਸਰ ਸਿੰਘਾਂ 'ਤੇ ਵੀ ਪੈ ਰਿਹਾ ਹੈ। ਬਹੁਤ ਸਾਰੇ ਸਿੰਘ ਘਰਾਣਿਆਂ ਵਿਚ ਵੀ ਮੈਂ ਦੇਖ ਕੇ ਦੰਗ ਰਹਿ ਗਿਆ। ਇਹ ਉਨ੍ਹਾਂ ਦੀ ਬਲਾ ਏਧਰ ਵੀ ਆ ਗਈ ਹੈ। ਇਹ ਬਿਮਾਰੀ ਇਧਰ ਵੀ ਆ ਗਈ ਹੈ, ਨਹੀਂ ਨਿਭਦੀ। ਸੰਜਮ ਨਹੀਂ, ਸ਼ੀਲ ਨਹੀਂ। ਅਗਰ ਧਨ ਵਿਚ ਸੰਜਮ ਸ਼ੀਲ ਨਹੀਂ ਹੈ ਤਾਂ ਇਹ ਬੇਈਮਾਨ ਠੱਗ ਹੋਵੇਗਾ। ਅਗਰ ਇਹ ਪ੍ਰਭੁਤਾ ਵਿਚ ਸੰਜਮੀ ਨਹੀਂ ਹੈ ਤਾਂ ਇਹ ਹਿੰਸਕ ਹੋਵੇਗਾ, ਕਸਾਈ ਹੋਵੇਗਾ, ਕਾਤਿਲ ਹੋਵੇਗਾ। ਅਗਰ ਇਹ ਕਾਮ ਵਿਚ ਸੰਜਮੀ ਨਹੀਂ ਹੈ ਤਾਂ ਇਹ ਬਲਾਤਕਾਰੀ ਹੋਵੇਗਾ, ਦੁਰਾਚਾਰੀ ਹੋਵੇਗਾ। ਇਸਤ੍ਰੀ ਹੈ ਤਾਂ ਫਿਰ ਇਹ ਗਨਿਕਾ ਹੋਵੇਗੀ। ਹੋਰ ਕੀ ਹੋਵੇਗੀ? ਰਵਿਦਾਸ ਜੀ ਕਹਿੰਦੇ ਨੇ ਹੇ ਪ੍ਰਭੂ! ਐਨੀਆਂ ਪ੍ਰਬਲ ਸ਼ਕਤੀਆਂ ਨੇ ਇਹ ਅਤੇ ਮੈਂ ਹੁਣ ਕੀ ਕਰਾਂ। ਕਿਸ ਤਰ੍ਹਾਂ ਆਪਣੇ ਆਪ ਨੂੰ ਬਚਾਵਾਂ:-

ਬਿਨੁ ਰਘੁਨਾਥ ਸਰਨਿ ਕਾ ਕੀ ਲੀਜੈ ॥ ੬ ॥ ੧ ॥

ਬਿਨਾਂ ਪਰਮਾਤਮਾ ਤੋਂ ਐਸੇ ਹਾਲਾਤ ਵਿਚ ਫਿਰ ਕਿਸ ਦੀ ਸ਼ਰਨ ਜਾਈਏ। ਕੇਵਲ ਪ੍ਰਭੂ ਹੀ ਰੱਖਿਆ ਕਰ ਸਕਦਾ ਹੈ। ਉਸ ਨੇ ਹੀ ਇਮਤਿਹਾਨ ਪਾਇਆ ਹੈ। ਓਹੀ ਪਾਸ ਕਰਾ ਸਕਦਾ ਹੈ। ਓਹੀ ਰਖਵਾਲਾ ਹੋ ਸਕਦਾ ਹੈ।

❋

ਪ੍ਰਭੂ ਟੇਕ

ਸੂਹੀ ਮਹਲਾ ੫॥

ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ॥
ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ॥
ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ॥
ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ॥
ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ॥
ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ॥੧॥
ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ॥
ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ॥
ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ॥
ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ॥
ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਹਾਰੀ॥
ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ॥੨॥
ਸੰਮ੍ਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ॥
ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ॥
ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ॥
ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ॥
ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ॥
ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ॥੩॥
ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ॥
ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ॥
ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ॥
ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ॥
ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ॥
ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ॥ ੪॥ ੨॥
(ਅੰਗ ੭੭੭)

ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦਾ ਇਹ ਛੰਦ ਹੈ ਅਤੇ ਚਾਰ ਪਦਿਆਂ

ਵਿਚ ਹੈ। ਪਦਾ ਪੈਰ ਨੂੰ ਕਹਿੰਦੇ ਨੇ। ਇਕ ਪੈਰ ਵਿਚ ਨਹੀਂ, ਇਕ ਪਦੇ ਵਿਚ ਗੱਲ ਨਹੀਂ ਆਖੀ। ਚਾਰ ਚਰਨਾਂ ਵਿਚ ਆਖੀ ਹੈ, ਚਾਰ ਪੜਾਵਾਂ ਵਿਚ ਆਖੀ ਹੈ। ਚਾਰ ਤਰੀਕਿਆਂ ਨਾਲ ਆਖੀ ਹੈ। ਸ਼ਬਦ ਦੀ ਮੂਲ ਵਿਚਾਰਧਾਰਾ ਹੈ, ਪ੍ਰਭੂ ਦੀ ਟੇਕ। ਈਸ਼ਵਰ ਦੀ ਟੇਕ। ਐਸਾ ਦੇਖਿਆ ਗਿਆ ਹੈ ਕਿ ਜਦ ਮਨੁੱਖ ਹਰ ਜਗ੍ਹਾ ਤੋਂ ਨਿਆਸਰਾ ਹੁੰਦਾ ਹੈ ਤਾਂ ਫਿਰ ਪਰਮਾਤਮਾ ਦਾ ਆਸਰਾ ਪਕੜਦਾ ਹੈ, ਉਸ ਤੋਂ ਪਹਿਲਾਂ ਨਹੀਂ। ਜੈਸੇ ਰੋਗੀ ਹੋਵੇ, ਬਿਮਾਰ ਹੋਵੇ, ਪਹਿਲੇ ਤਾਂ ਉਹ ਅਲੋਪੈਥੀ (Allopathy) ਡਾਕਟਰਾਂ ਦੇ ਚੱਕਰ ਵਿਚ ਪਵੇਗਾ। ਕਿਧਰੇ ਅਸਾਧ ਰੋਗ ਹੈ, ਬੜਾ ਇਲਾਜ ਕਰਵਾਇਆ ਹੈ, ਨਹੀਂ ਠੀਕ ਹੋਏ। ਆਯੁਰਵੇਦ (Ayurvaid) ਦੇਖ ਲੈਂਦੇ ਹਾਂ, ਹੋਮਿਉਪੈਥੀ (Homoeopathy) ਦੇਖ ਲੈਂਦੇ ਹਾਂ। ਫਿਰ ਹੋਮਿਉਪੈਥੀ, ਆਯੁਰਵੇਦ ਦੇ ਢੰਗ ਨਾਲ ਇਲਾਜ ਕਰਵਾਉਂਦਾ ਹੈ। ਨਹੀਂ ਠੀਕ ਹੋਇਆ, ਚਲੋ ਹੁਣ ਨੇਚਰਪੈਥੀ (Naturepathy)। ਉਸ ਨਾਲ ਵੀ ਮਸਲਾ ਹੱਲ ਨਹੀਂ ਹੋਇਆ। ਜਦ ਸਾਰੀ ਜਗ੍ਹਾ ਤੋਂ ਮਨੁੱਖ ਨਿਆਸਰਾ ਹੋ ਗਿਆ, ਚਲੋ ਹੁਣ ਯੂਨਾਨੀ-ਤਿੱਬ ਰਾਹੀਂ ਦੇਖ ਲੈਂਦੇ ਹਾਂ। ਸਭ ਪਾਸਿਓਂ ਜਦ ਮਨੁੱਖ ਨਿਰਾਸ ਹੋਇਆ, ਉਸ ਸਮੇਂ ਮਨੁੱਖ ਪਰਮਾਤਮਾ ਦਾ ਆਸਰਾ ਪਕੜਦਾ ਹੈ। ਗੁਰੂ ਦੀ ਟੇਕ ਪਕੜਦਾ ਹੈ।

ਮਹਾਰਾਜ ਜੀ ਦੀ ਬਾਣੀ ਐਸਾ ਕਹਿੰਦੀ ਹੈ, ਜੇਕਰ ਸ਼ੁਰੂ ਸ਼ੁਰੂ ਵਿਚ ਹੀ ਪਰਮਾਤਮਾ ਦੀ ਟੇਕ ਪਕੜ ਲਵੇ, ਜ਼ਿੰਦਗੀ ਵਿਚ ਕਦੇ ਬੇਆਸਰਾ ਹੀ ਨਹੀਂ ਹੁੰਦਾ। ਪੂਰਨ ਭਰੋਸੇ ਨਾਲ, ਪੂਰੀ ਇਕਾਗਰਤਾ ਨਾਲ ਇਹ ਟੇਕ ਪਕੜਨੀ ਕਠਿਨ ਹੈ। ਬੇ-ਆਸਰਾ ਹੋਏ ਬਿਨਾਂ ਉਸ ਦਾ ਆਸਰਾ ਪਕੜਨਾ ਔਖਾ ਹੈ। ਜਿਸ ਤਰ੍ਹਾਂ ਮੈਂ ਉਦਾਹਰਣ ਦਿੱਤਾ ਹੈ, ਜ਼ਿੰਦਗੀ ਦੇ ਹਰ ਪਹਿਲੂ ਵਿਚ ਐਸਾ ਹੀ ਹੁੰਦਾ ਹੈ, ਪਰ ਜਿਹੜਾ ਮਨੁੱਖ ਸ਼ੁਰੂ ਤੋਂ ਹੀ ਪ੍ਰਭੂ ਦਾ ਦਾਮਨ ਪਕੜ ਲੈਂਦਾ ਹੈ, ਆਪਣੀ ਨੌਕਾ ਪ੍ਰਭੂ ਦੇ ਹਵਾਲੇ ਕਰ ਦਿੰਦਾ ਹੈ, ਫਿਰ ਐਸੇ ਮਨੁੱਖ ਦਾ ਮਕਸਦ ਹਲ ਹੋ ਜਾਂਦਾ ਹੈ। ਇਸ ਪਾਵਨ ਪਵਿੱਤਰ ਵਾਕ ਵਿਚ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਕੁਝ ਐਸਾ ਹੀ ਬਿਆਨ ਕੀਤਾ ਹੈ। ਪਰ ਮਨੁੱਖ ਜਿਉਂਦਾ ਹੈ ਵੱਖ ਵੱਖ ਆਸਰੇ ਬਣਾ ਕੇ। ਸਿਰਫ਼ ਪਰਮਾਤਮਾ ਨੂੰ ਆਸਰਾ ਉਦੋਂ ਬਣਾਉਂਦਾ ਹੈ ਜਦ ਬੇਆਸਰਾ ਹੋ ਜਾਏ, ਇਸ ਤੋਂ ਪਹਿਲਾਂ ਨਹੀਂ। ਉਸ ਤੋਂ ਪਹਿਲੇ ਅਗਰ ਆਸਰਾ ਪਕੜਦਾ ਵੀ ਹੈ ਤਾਂ ਰੰਚਕ ਮਾਤਰ। ਬਹੁਤ ਛੋਟਾ ਜਿਹਾ ਹਿੱਸਾ। ਪੂਰਨ ਆਸ, ਆਸ ਦੀ ਡੋਰੀ ਇਹ ਪਰਮਾਤਮਾ ਦੇ ਨਾਲ ਨਹੀਂ ਜੋੜਦਾ। ਪਾਵਨ ਪਵਿੱਤਰ ਵਾਕ ਇਹ ਪ੍ਰੇਰਨਾ ਦੇ ਰਿਹਾ ਹੈ, ਆਸਰਾ ਤਾਂ ਓਹੀ ਹੈ ਭਾਵ ਪਰਮਾਤਮਾ ਹੀ ਹੈ ਔਰ ਓਹੀ ਅਨੇਕਾਂ ਰੂਪਾਂ ਦੇ ਵਿਚ ਮਨੁੱਖ ਦੇ ਕਾਰਜਾਂ ਨੂੰ ਸੰਵਾਰਦਾ ਹੈ। ਇਹ ਗੱਲ ਵਖਰੀ ਹੈ ਕਿ ਮਨੁੱਖ, ਮਨੁੱਖ ਤੋਂ ਪ੍ਰਭਾਵਿਤ ਹੈ। ਮਨੁੱਖ ਨੂੰ ਹੀ ਆਸਰਾ ਬਣਾਉਂਦਾ ਹੈ। ਇਹ ਮਨੁੱਖ ਭਾਵੇਂ ਪਰਵਾਰਿਕ ਹੈ ਅਤੇ ਭਾਵੇਂ ਧਾਰਮਿਕ ਹੈ, ਕੋਈ ਮਨੁੱਖ ਤਾਂ ਚਾਹੀਦਾ ਹੀ ਹੈ। ਮਨੁੱਖ ਹੀ ਗੁਰੂ ਚਾਹੀਦਾ ਹੈ। ਮਨੁੱਖ ਹੀ ਰੱਬ ਚਾਹੀਦਾ ਹੈ। ਮਨੁੱਖ ਹੀ ਪਰਵਾਰ ਦੇ ਸਦੱਸਯ (Members) ਚਾਹੀਦੇ ਨੇ। ਇਹ ਮਨੁੱਖ ਤੋਂ ਉੱਚਾ ਨਹੀਂ ਉਠਦਾ। ਮਨੁੱਖ ਹੋ ਕੇ ਮਨੁੱਖ ਤੋਂ ਹੀ ਮੰਗ ਕਰਦਾ ਹੈ, ਜਦ ਕਿ ਸਤਿਗੁਰੂ ਜੀ ਸਮਝਾਉਂਦੇ ਨੇ:-

ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ॥

(ਸੁਖਮਨੀ ਸਾਹਿਬ)

ਵਿਅਰਥ ਜਾਣ:-

ਦੇਵਨ ਕਉ ਏਕੈ ਭਗਵਾਨੁ॥

(ਅੰਗ ੨੮੧)

ਮਨੁੱਖ ਦਾ, ਮਨੁੱਖ ਦੇ ਅੱਗੇ ਫ਼ਰਿਆਦ ਕਰਨਾ, ਭਾਈ ਗੁਰਦਾਸ ਜੀ ਕਹਿੰਦੇ ਨੇ:-

.....ਮਨਮੁਖੁ ਹੋਇ ਬੰਦੇ ਦਾ ਬੰਦਾ॥

(ਵਾ.ਭਾ.ਗੁ.ਜੀ, ਵਾਰ ੧੫)

ਇਹ ਮਨਮੁਖ ਹੈ। ਇਹ ਬੰਦੇ ਦੀ ਬੰਦਗੀ ਕਰਨ ਲੱਗ ਪਿਆ ਹੈ। ਇਹ ਬੰਦੇ ਦਾ ਬੰਦਾ ਬਣ ਗਿਆ ਹੈ, ਜਦ ਕਿ ਇਸ ਨੂੰ ਗੁਰੂ ਦਾ ਬੰਦਾ ਬਣਨਾ ਚਾਹੀਦਾ ਹੈ। ਬੰਦੇ ਦਾ ਮਤਲਬ ਹੀ ਇਹ ਹੈ ਕਿ ਜੋ ਬੰਦਾ ਖ਼ੁਦਾ ਦੀ ਬੰਦਗੀ ਕਰਦਾ ਹੈ, ਭਾਈ ਨੰਦ ਲਾਲ ਜੀ:-

ਬੰਦਾ ਪੈਦਾ ਸ਼ੁਦ ਬਰਾਏ ਬੰਦਗੀ॥ ੨੧੭॥

(ਜ਼ਿੰਦਗੀਨਾਮਾ ਭਾ. ਨੰਦ ਲਾਲ ਜੀ)

ਬੰਦਾ ਹੈ ਹੀ ਇਸ ਵਾਸਤੇ ਕਿ ਬੰਦਗੀ ਕਰੇ। ਗੁਰੂ ਦੀ ਟੇਕ ਪਕੜੇ। ਪ੍ਰਭੂ ਦੀ ਟੇਕ ਪਕੜੇ। ਪਕੜਦਾ ਹੈ ਉਦੋਂ, ਕਦੋਂ? ਜਦੋਂ ਸਾਰੇ ਆਸਰੇ ਟੁੱਟ ਜਾਂਦੇ ਨੇ। ਜਦ ਇਹ ਦੇਖਦਾ ਹੈ ਕਿ ਮਨੁੱਖ ਦੇ ਕੋਲੋਂ ਕੁਛ ਨਹੀਂ ਬਣਿਆ। ਚਾਹੇ ਇਹ ਮਨੁੱਖ ਪਰਵਾਰ ਦੇ ਮੈਂਬਰ ਸਨ। ਚਾਹੇ ਇਹ ਮਨੁੱਖ ਮਿੱਤਰ ਸਨ। ਚਾਹੇ ਇਹ ਮਨੁੱਖ ਸੰਤ ਸਨ, ਦੇਹਧਾਰੀ ਆਪਣੇ ਆਪ ਨੂੰ ਗੁਰੂ ਕਹਿਲਾਉਣ ਵਾਲੇ ਸਨ। ਕਿਧਰੇ ਵੀ ਖੇਡ ਨਹੀਂ ਬਣੀ। ਸਭ ਜਗ੍ਹਾ ਤੋਂ ਨਿਆਸਰਾ ਹੋ ਕੇ ਹੀ ਮਨੁੱਖ ਈਸ਼ਵਰ ਦਾ ਆਸਰਾ ਪਕੜਦਾ ਹੈ। ਮਹਾਰਾਜ ਕਹਿੰਦੇ ਨੇ ਤੂੰ ਸ਼ੁਰੂ ਤੋਂ ਹੀ ਪ੍ਰਭੂ ਦਾ ਆਸਰਾ ਪਕੜ। ਜਿਤਨੇ ਸੌਖੇ ਢੰਗ ਨਾਲ ਮੈਂ ਕਹਿ ਰਿਹਾ ਹਾਂ, ਇਤਨਾ ਪੂਰੀ ਇਕਾਗਰਤਾ ਤੇ ਭਰੋਸੇ ਨਾਲ ਆਸਰਾ ਪਕੜਨਾ ਔਖੀ ਗੱਲ ਹੈ। ਕੀ ਹੋਇਆ ਇਹ ਮੱਥਾ ਟੇਕ ਰਿਹਾ ਹੈ, ਬਾਣੀ ਪੜ੍ਹ ਰਿਹਾ ਹੈ, ਆਇਆ ਹੈ ਗੁਰਦੁਆਰੇ ਪਰ ਅਜੇ ਜ਼ਿੰਦਗੀ ਦੇ ਸਹਾਰੇ ਇਸ ਨੇ ਹੋਰ ਬਣਾਏ ਹੋਏ ਨੇ। ਅਜੇ ਜੀਵਨ ਦੀ ਡੋਰ ਇਸ ਨੇ ਹੋਰ ਦੇ ਹੱਥ ਪਕੜਾਈ ਹੋਈ ਹੈ। ਅਜੇ ਡੋਰੀ ਇਸ ਨੇ ਪ੍ਰਭੂ ਨੂੰ ਨਹੀਂ ਪਕੜਾਈ।

ਪ੍ਰਭ ਡੋਰੀ ਹਾਥਿ ਤੁਮਾਰੇ॥ (ਅੰਗ ੬੨੬)

ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ॥
ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ॥੭੪॥

(ਅੰਗ ੧੩੬੮)

ਹੇ ਰਾਮ! ਮੈਂ ਤੇਰਾ ਕੂਕਰ ਹਾਂ ਅਤੇ ਮੈਂ ਆਪਣੇ ਗਲੇ ਦੀ ਰੱਸੀ ਤੇਰੇ ਹੱਥ ਪਕੜਾ ਦਿੱਤੀ ਹੈ। ਹੁਣ ਜਿਧਰ ਤੂੰ ਲੈ ਜਾਏਂ, ਕਬੂਲ ਹੈ, ਪਰਵਾਨ ਹੈ। ਐਸਾ ਤਾਂ ਓਹੀ ਕਰ ਸਕਦਾ ਹੈ ਜਿਸ ਨੂੰ ਪੂਰਾ ਭਰੋਸਾ ਹੈ। ਕਦੇ ਜੀਵਨ ਦੇ ਵਿਚ ਬਹੁਤ ਵੱਡੀ ਘਟਨਾ ਘਟ ਜਾਂਦੀ ਹੈ ਤਾਂ ਕ੍ਰਾਂਤੀ ਹੋ ਜਾਂਦੀ ਹੈ, ਜਦ ਮਨੁੱਖ ਡੋਰੀ ਰਾਮ ਨੂੰ ਪਕੜਾ ਦਿੰਦਾ ਹੈ ਅਤੇ ਕਹਿ ਦਿੰਦਾ ਹੈ ਔਹ ਲੈ ਪ੍ਰਭੂ।

ਅਕਸਰ ਕੁੱਤਿਆਂ ਦੇ ਲੋਕੀਂ ਨਾਮ ਵੀ ਰਖ ਦਿੰਦੇ ਨੇ। ਕਬੀਰ ਜੀ ਦੇ ਜ਼ਮਾਨੇ ਵਿਚ ਲੱਗਦਾ ਹੈ ਲੋਕੀ ਬਹੁਤੇ ਕੁੱਤਿਆਂ ਦੇ ਨਾਮ ਮੋਤੀ ਰੱਖਦੇ ਹੋਣਗੇ। ਕਬੀਰ ਸਾਹਿਬ ਕਹਿੰਦੇ ਨੇ, ਮੈਂ ਕਬੀਰ ਤੇਰੇ ਦਰ ਦਾ ਕੁੱਤਾ ਹਾਂ ਅਤੇ ਮੇਰਾ ਨਾਮ ਮੋਤੀ ਹੈ:-

.....ਮੁਤੀਆ ਮੇਰੋ ਨਾਉ॥

ਜਿਤਨੇ ਸੌਖੇ ਢੰਗ ਨਾਲ ਮੈਂ ਇਹ ਸਲੋਕ ਸ੍ਰਵਣ ਕਰਾ ਦਿੱਤਾ ਹੈ, ਇਤਨਾ ਸੌਖਾ ਨਹੀਂ ਹੈ ਕਿ ਗਲੇ ਦੀ ਰੱਸੀ ਪ੍ਰਭੂ ਨੂੰ ਪਕੜਾ ਦੇਈਏ। ਗੁਰੂ ਨੂੰ ਪਕੜਾ ਦੇਈਏ ਕਿ ਹੁਣ ਜਿਧਰ ਮਰਜ਼ੀ ਲੈ ਚਲ। ਇਸ ਤੋਂ ਮੁਰਾਦ ਇਹ ਹੈ ਕਿ ਦੁੱਖ ਮਿਲ ਗਿਆ ਹੈ, ਠੀਕ ਹੈ। ਸੁੱਖ ਮਿਲ ਗਿਆ ਹੈ ਠੀਕ ਹੈ। ਕਾਰਜ ਸਫਲ ਹੋ ਗਿਆ ਹੈ, ਠੀਕ ਹੈ, ਨਹੀਂ ਸਫਲ ਹੋਇਆ ਤਾਂ ਵੀ ਠੀਕ ਹੈ। ਜੋ ਤੇਰੀ ਰਜ਼ਾ ਮੈਂ ਉਸ ਵਿਚ ਰਾਜ਼ੀ ਹਾਂ। ਤੂੰ ਮੇਰੇ ਲਈ ਬੁਰਾ ਨਹੀਂ ਸੋਚੇਂਗਾ। ਤੂੰ ਜੋ ਵੀ ਕਰੇਂਗਾ ਉਹ ਮੇਰੇ ਲਈ ਚੰਗਾ ਹੀ ਹੋਵੇਗਾ। ਇਹ ਗੱਲ ਵੱਖਰੀ ਹੈ ਕਿ ਮੇਰੀ ਨਾ-ਸਮਝੀ ਕਰਕੇ ਮੈਂ ਉਸ ਨੂੰ ਸਮਝਾਂ ਕਿ ਇਹ ਮੇਰੇ ਲਈ ਚੰਗਾ ਨਹੀਂ ਹੋਇਆ। ਇਹ ਮੈਂ ਆਪਣੀ ਕਮ-ਅਕਲੀ ਕਰ ਕੇ ਸੋਚਾਂ ਕਿ ਜੋ ਕੁਝ ਮੇਰੇ ਨਾਲ ਹੋਇਆ ਹੈ, ਇਹ ਠੀਕ ਨਹੀਂ ਹੋਇਆ, ਪਰ ਤੇਰੀ ਤਰਫ਼ੋਂ ਜੋ ਕੁਝ ਮੇਰੇ ਨਾਲ ਹੋਇਆ ਹੈ, ਇਹ ਠੀਕ ਹੀ ਹੋਇਆ ਹੈ। ਉਹ ਗ਼ਲਤ ਨਹੀਂ ਹੋਇਆ। ਉਹ ਬਿਲਕੁਲ ਸਹੀ ਹੋਇਆ ਹੈ। ਇਸ ਤਰ੍ਹਾਂ ਦੀ ਪੂਰੀ ਧਾਰਨਾ, ਦ੍ਰਿੜ੍ਹ ਵਿਸ਼ਵਾਸ ਜਿਸ ਦਾ ਬਣ ਜਾਏ, ਸਮਝ ਲਉ ਉਹ ਭਵ-ਸਾਗਰ ਤੋਂ ਪਾਰ ਹੋ ਗਿਆ।

ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ॥

ਪੂਰੇ ਸਤਿਗੁਰੂ ਨੇ ਪ੍ਰਸੰਨ ਹੋ ਕੇ ਮੈਨੂੰ ਪੂਰਨ ਪਰਮੇਸ਼ਰ ਦੇ ਸੁੰਦਰ ਚਰਨਾਂ ਦੀ ਓਟ ਫੜਾ ਦਿੱਤੀ ਹੈ।

ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ॥

ਪਰਮਾਤਮਾ ਦੇ ਘਰ ਤਾਂ ਸਭ ਕੁਝ ਹੈ, ਪਰ ਬੰਦਾ ਬਾਹਰੋਂ ਲੱਭਦਾ ਹੈ। ਸੋਚਦਾ ਹੈ ਬਾਹਰੋਂ ਸਭ ਕੁਝ ਮਿਲ ਜਾਇਗਾ, ਫਿਰ ਮੈਂ ਆਰਾਮ ਕਰਾਂਗਾ। ਸਾਰੀ ਭੱਜ ਦੌੜ ਆਰਾਮ ਕਰਨ ਲਈ ਹੈ, ਪਰ ਆਰਾਮ ਕਰਨ ਲਈ ਇਸ ਕੋਲ ਵਿਹਲ ਕੋਈ ਨਹੀਂ। ਕਈ ਛੋਟੀ ਅਕਲ ਦੇ ਇਸ ਤਰ੍ਹਾਂ ਵੀ ਕਹਿ ਦਿੰਦੇ ਨੇ, ਗਿਆਨੀ ਜੀ, ਸਾਡੇ ਕੋਲ ਤਾਂ ਮਰਨ ਦੀ ਵੀ ਵਿਹਲ ਨਹੀਂ। ਇਕ ਦੋ ਸੱਜਣਾਂ ਨੂੰ ਮੈਂ ਕਿਧਰੇ ਕਹਿ ਬੈਠਾ, ਤੁਸੀਂ ਕਹਿੰਦੇ ਹੋ, ਮਰਨ ਦੀ ਵਿਹਲ ਨਹੀਂ। ਤੁਸੀਂ ਦੇਖਦੇ ਰਹਿ ਜਾਉਗੇ, ਮੌਤ ਆਪਣਾ ਸਮਾਂ ਕੱਢ ਲਵੇਗੀ। ਤੁਸੀਂ

ਦੇਖਦੇ ਹੀ ਰਹਿ ਜਾਉਗੇ। ਤੁਸੀਂ ਕਿਤਨਾ ਵੀ ਕਹੋ ਕਿ ਸਾਡੇ ਕੋਲ ਮਰਨ ਦੀ ਵਿਹਲ ਨਹੀਂ, ਪਰ ਮੌਤ ਕੋਲ ਵਿਹਲ ਹੈ, ਆ ਜਾਏਗੀ। ਉਹ ਹੁਣ ਮੈਨੂੰ ਮੁੜ ਕੇ ਇਸ ਤਰ੍ਹਾਂ ਨਹੀਂ ਆਖਦੇ। ਮਨੁੱਖ ਸਮਝਦਾ ਨਹੀਂ। ਪ੍ਰਭੂ ਦੇ ਘਰ ਤਾਂ ਸਭ ਕੁਝ ਹੈ। ਸਭ ਕੁਝ ਹਰ ਇਕ ਦੇ ਘਰ ਨਹੀਂ ਹੁੰਦਾ।

ਘਰਿ ਤ ਤੇਰੈ ਸਭੁ ਕਿਛੁ ਹੈ...॥

(ਅਨੰਦ ਸਾਹਿਬ, ਅੰਗ ੯੧੭)

ਉਸ ਦੇ ਘਰ ਅੰਮ੍ਰਿਤ ਦੇ ਭੰਡਾਰ ਭਰੇ ਪਏ ਨੇ। ਐਸੀਆਂ ਵਸਤੂਆਂ ਜੋ ਮਿਰਤੂ ਤੋਂ ਰਹਿਤ ਕਰ ਦਿੰਦੀਆਂ ਹਨ। ਵੱਡਾ ਭੈਅ ਤੇ ਮੌਤ ਦਾ ਹੀ ਹੈ। ਮੌਤ ਇਕ ਤਰ੍ਹਾਂ ਦੀ ਨਹੀਂ। ਸਿਰਫ਼ ਸਰੀਰਕ ਮੌਤ ਹੀ ਨਹੀਂ ਹੁੰਦੀ। ਹੋਰ ਮੌਤਾਂ ਵੀ ਨੇ, ਜੈਸੇ :-

ਸਰੀਰਕ ਮੌਤ, ਆਰਥਿਕ ਮੌਤ, ਸਮਾਜਿਕ ਮੌਤ,
ਰਾਜਨੀਤਕ ਮੌਤ, ਰੂਹਾਨੀ ਮੌਤ

ਮੌਤ ਕੋਈ ਇਕ ਹੁੰਦੀ ਹੈ:

੧. ਚਲਦੇ ਹੋਏ ਸੁਆਸ ਰੁਕ ਜਾਣ **ਸਰੀਰਕ ਮੌਤ**।

੨. ਆਉਂਦਾ ਹੋਇਆ ਧਨ ਰੁਕ ਜਾਏ ਅਤੇ ਜਿਹੜਾ ਸਾਰਾ ਕੋਲ ਹੈ ਚਲਾ ਜਾਏ, **ਆਰਥਿਕ ਮੌਤ**। ਕਹਿੰਦੇ ਨੇ ਇਹ ਤਾਂ ਅਰਥ ਦੀ ਦੁਨੀਆਂ ਵਿਚ ਖ਼ਤਮ ਹੋ ਗਿਆ।

੩. ਕੋਈ ਕਲੰਕ ਲੱਗ ਗਿਆ ਹੈ, ਕੋਈ ਕਿਸੇ ਕਿਸਮ ਦਾ ਦਾਗ਼ ਲੱਗ ਗਿਆ ਹੈ। ਬਰਾਦਰੀ ਵਿਚ ਬਣੀ ਹੋਈ ਪ੍ਰਤਿਸ਼ਠਾ ਖ਼ਤਮ ਹੋ ਗਈ। ਜਿਵੇਂ ਮੁਰਦੇ ਦਾ ਸਿਰ ਉੱਚਾ ਨਹੀਂ ਹੁੰਦਾ, ਇਸ ਦਾ ਸਮਾਜ ਦੇ ਵਿਚ ਸਿਰ ਉੱਚਾ ਨਹੀਂ ਹੁੰਦਾ। ਸਮਝ ਲਵੋ ਸਮਾਜਿਕ ਤੌਰ 'ਤੇ ਮਰ ਗਿਆ, **ਸਮਾਜਿਕ ਮੌਤ**।

੪. ਪਬਲਿਕ (Public) ਨੇ ਸਮਰਥਨ ਵਾਪਸ ਲੈ ਲਿਆ ਹੈ। ਅੱਗੇ ਹੋਰ ਸਮਰਥਨ ਮਿਲਣਾ ਔਖਾ ਹੋ ਗਿਆ ਹੈ। ਸਹਿਜੇ ਸਹਿਜੇ ਕੀ ਹੁੰਦਾ ਹੈ, **ਰਾਜਨੀਤਕ ਮੌਤ** ਹੋ ਜਾਂਦੀ ਹੈ। ਦੁਨੀਆਂ ਭਰ ਵਿਚ ਇਸ ਤਰ੍ਹਾਂ ਦੇ ਲੀਡਰ ਘੁੰਮ ਰਹੇ ਨੇ, ਕਿਸੇ ਵਕਤ ਜਿਨ੍ਹਾਂ ਦੀ ਤੂਤੀ ਬੋਲਦੀ ਸੀ। ਰੇਡੀਓ, ਅਖ਼ਬਾਰਾਂ 'ਤੇ ਇਹੋ ਹੀ ਛਾਏ ਹੋਏ ਸਨ। ਟੀ. ਵੀ. 'ਤੇ ਇਹੋ ਛਾਏ ਹੋਏ ਸਨ। ਗੁਫ਼ਤਗੂ ਦੇ ਮਰਕਜ਼ ਇਹੋ ਬਣੇ ਹੋਏ ਸਨ। ਗੱਲ-ਬਾਤ ਦਾ ਮੁੱਦਾ ਏਹੀ ਬਣੇ ਹੋਏ ਸਨ, ਪਰ ਅੱਜ ਨਹੀਂ। ਹੁਣ ਕਿਸੇ ਵੀ ਗਲੀ ਵਿਚੋਂ ਲੰਘ ਜਾਣ ਤਾਂ ਪਤਾ ਹੀ ਨਹੀਂ ਚਲਦਾ। ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਗਊਸ਼ਾਲੇ ਦੀਆਂ ਗਊਆਂ ਹੋਵਣ। ਕੁਝ ਵੀ ਪਤਾ ਨਹੀਂ ਚਲਦਾ। ਉਨ੍ਹਾਂ ਨੂੰ ਦੇਖ ਕੇ ਕਹਿਣਾ ਪੈਂਦਾ ਹੈ ਕਿ ਰਾਜਨੀਤਕ ਤਲ 'ਤੇ ਇਨ੍ਹਾਂ ਦੀ ਮੌਤ ਹੋ ਗਈ ਹੈ। ਸਾਰੀ ਦੁਨੀਆ ਵਿਚ ਇਸ ਤਰ੍ਹਾਂ ਦੇ ਰਾਜਨੀਤਕ ਮੌਜੂਦ ਨੇ ਜੋ ਰਾਜਨੀਤੀ ਦੀ ਦੁਨੀਆ ਵਿਚ ਖ਼ਤਮ ਹੋ ਗਏ।

੫. ਜਿਹੜੀ ਪ੍ਰਬਲ ਮੌਤ ਮੰਨੀ ਗਈ ਹੈ, ਉਹ ਹੈ ਰੂਹਾਨੀ ਮੌਤ। ਸਿਮਰਨ ਚਲੇ ਤੇ ਜ਼ਿੰਦਗੀ ਨਾ ਚਲੇ ਤਾਂ ਮੌਤ ਹੈ:-

ਆਖਾ ਜੀਵਾ ਵਿਸਰੈ ਮਰਿ ਜਾਉ॥

(ਅੰਗ ੯)

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥
ਨਾਨਕ ਅਵਰੁ ਨ ਜੀਵੈ ਕੋਇ॥
ਜੇ ਜੀਵੈ ਪਤਿ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

(ਅੰਗ ੧੪੨)

ਮਰਣੰ ਬਿਸਰਣੰ ਗੋਬਿੰਦਹ॥ ਜੀਵਣੰ ਹਰਿ ਨਾਮ ਧ੍ਯਾਵਣਹ॥

(ਅੰਗ ੧੩੬੧)

ਗੁਰੂ ਅਰਜਨ ਦੇਵ ਜੀ।

ਪ੍ਰਭੂ ਨੂੰ ਭੁੱਲ ਜਾਣਾ ਹੀ ਮੌਤ ਹੈ। ਕਿਹੜੀ ਮੌਤ? **ਰੂਹਾਨੀ ਮੌਤ**। ਅਧਿਆਤਮਿਕ ਮੌਤ। ਉਸ ਨੂੰ ਯਾਦ ਕਰਨਾ ਹੀ ਰੂਹਾਨੀ ਜ਼ਿੰਦਗੀ ਹੈ। ਇਹ ਸਾਰੀਆਂ ਜ਼ਿੰਦਗੀਆਂ ਜਿਸ ਦੇ ਕੋਲ ਹੋਣ, ਉਸ ਨੂੰ ਪੂਰਨ ਪੁਰਖ ਕਹਿੰਦੇ ਹਨ। ਇਸ ਦੇ ਕੋਲ:-

ਸਰੀਰਕ ਜ਼ਿੰਦਗੀ ਵੀ ਹੈ।
ਆਰਥਿਕ ਜ਼ਿੰਦਗੀ ਵੀ ਹੈ।
ਸਮਾਜਿਕ ਜ਼ਿੰਦਗੀ ਵੀ ਹੈ।
ਰਾਜਨੀਤਕ ਜ਼ਿੰਦਗੀ ਵੀ ਹੈ।
ਰੂਹਾਨੀ (ਅਧਿਆਤਮਿਕ) ਜ਼ਿੰਦਗੀ ਵੀ ਹੈ।

ਇਹ ਸਾਰਾ ਜੀਵਨ ਹਰ ਇਕ ਦੇ ਕੋਲ ਨਹੀਂ ਹੁੰਦਾ। ਇਕ ਜੀਵਨ ਹੁੰਦਾ ਹੈ ਇਕ ਨਹੀਂ। ਕਿਧਰੇ ਇਕ ਹੁੰਦਾ ਹੈ, ਬਾਕੀ ਨਹੀਂ। ਬਾਕੀ ਸਾਰੇ ਤਲ ਉਸ ਦੇ ਮੁਰਦਾ ਹੁੰਦੇ ਨੇ। ਮਰੇ ਹੋਏ ਹੁੰਦੇ ਨੇ। ਹਰ ਪਹਿਲੂ ਦੀ ਜ਼ਿੰਦਗੀ ਪ੍ਰਭੂ ਕੋਲ ਮੌਜੂਦ ਹੈ।

ਹਰ ਤਰ੍ਹਾਂ ਦਾ ਅੰਮ੍ਰਿਤ (ਅੰਮ੍ਰਿਤ ਕੀ ਹੈ, ਮਿਰਤੂ ਤੋਂ ਰਹਿਤ ਕਰਨਾ)। ਹਰ ਤਰ੍ਹਾਂ ਦਾ ਜੀਵਨ ਪ੍ਰਭੂ ਕੋਲੋਂ ਪ੍ਰਾਪਤ ਹੋ ਜਾਂਦਾ ਹੈ। ਹਰ ਤਰ੍ਹਾਂ ਦਾ ਜੀਵਨ ਜਿਸ ਦੇ ਕੋਲ ਹੋਵੇ, ਉਸ ਨੂੰ ਪੂਰਨ ਪੁਰਖ ਕਹਿੰਦੇ ਨੇ। ਇਹ ਤਾਂ ਮੁਕੰਮਲ ਹੋ ਗਿਆ। ਜਿਉਂਦੇ ਨੇ ਲੋਕ, ਕੁਝ ਅੱਧੇ ਨੇ, ਕੁਝ ਇਕ ਚੌਥਾਈ ਜੀਅ ਰਹੇ ਨੇ। ਕੋਈ ਦਸਵਾਂ ਭਾਗ ਜਿਉਂਦੇ ਨੇ। ਪੂਰਨ ਮਨੁੱਖ ਤਾਂ ਕੋਈ ਕੋਈ ਹੁੰਦਾ ਹੈ। ਪੂਰਨ ਪੁਰਖ ਇਸ ਦੇ ਕੋਲ ਰੂਹਾਨੀ ਜ਼ਿੰਦਗੀ ਵੀ ਹੈ। ਇਸ ਦੇ ਕੋਲ

ਆਰਥਿਕ ਜੀਵਨ ਵੀ ਹੈ। ਇਸ ਦੇ ਕੋਲ ਰਾਜਨੀਤਕ ਜੀਵਨ ਵੀ ਹੈ। ਇਸ ਦੇ ਕੋਲ ਸਮਾਜਿਕ ਜੀਵਨ ਵੀ ਹੈ। ਸਰੀਰਕ ਜੀਵਨ ਤਾਂ ਹੈ ਹੀ। ਇਹ ਸਾਰੀਆਂ ਜ਼ਿੰਦਗੀਆਂ ਉਸ ਦੇ ਕੋਲ ਨੇ। ਇਸ ਤਰ੍ਹਾਂ ਦੇ, ਇਤਿਹਾਸ ਵਿਚ ਕੁਝ ਹੀ ਮਨੁੱਖ ਆਉਂਦੇ ਨੇ, ਜਿਵੇਂ ਭਾਈ ਗੁਰਦਾਸ ਜੀ ਕਹਿੰਦੇ ਨੇ:-

ਭਗਤੁ ਵਡਾ ਰਾਜਾ ਜਨਕੁ ਹੈ ਗੁਰਮੁਖਿ ਮਾਇਆ ਵਿਚਿ ਉਦਾਸੀ॥

(ਵਾਰ ੧੦ ਪਉੜੀ ੫)

ਕਿਹੜਾ ਜੀਵਨ ਉਸ ਦੇ ਕੋਲ ਨਹੀਂ ਹੈ। ਆਰਥਿਕ ਜੀਵਨ ਉਸ ਦੇ ਕੋਲ ਹੈ। ਸੋਨੇ ਦੇ ਬਰਤਨਾਂ ਵਿਚ ਭੋਜਨ ਛਕਦਾ ਹੈ। ਸਵਰਨ ਮਹੱਲਾਂ ਦੇ ਵਿਚ ਉਹ ਰਹਿੰਦਾ ਹੈ। ਸਮਾਜਿਕ ਜੀਵਨ, ਬੜੀ ਪ੍ਰਤਿਸ਼ਠਾ ਹੈ। ਰਾਜਨੀਤਕ ਜੀਵਨ ਹੈ। ਇਹ ਸਾਰੇ ਜੀਵਨ ਇਸ ਦੇ ਕੋਲ ਕਿਉਂ ਨੇ? ਕਿਉਂਕਿ ਇਸ ਦੇ ਕੋਲ ਰੂਹਾਨੀ ਜੀਵਨ ਹੈ। ਪ੍ਰਭੂ ਨਾਲ ਜੁੜ ਜਾਈਏ ਤਾਂ ਅੰਮ੍ਰਿਤ ਦੇ ਭੰਡਾਰ ਭਰ ਜਾਂਦੇ ਨੇ। ਉਨ੍ਹਾਂ ਭੰਡਾਰਿਆਂ ਵਿਚ ਸਭ ਕੁਝ ਹੈ। ਹਰ ਤਰ੍ਹਾਂ ਦਾ ਜੀਵਨ ਹੈ, ਹਰ ਤਰ੍ਹਾਂ ਦੀ ਜ਼ਿੰਦਗੀ ਹੈ।

ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ॥

ਅੰਮ੍ਰਿਤ ਨਾਲ ਭਰੇ ਹੋਏ ਕੁੰਟ ਉਸ ਦੇ ਘਰ ਵਿਚ ਨੇ। ਉਹ ਫਿਰ ਭਰ ਦਿੰਦਾ ਹੈ, ਕਿਸ ਨੂੰ? ਜਿਹੜਾ ਉਸ ਦੇ ਨਾਲ ਜੁੜ ਜਾਂਦਾ ਹੈ।

ਬਾਬੁਲੁ ਮੇਰਾ ਵਡ ਸਮਰਥਾ ਕਰਣ ਕਾਰਣ ਪ੍ਰਭੁ ਹਾਰਾ॥

(ਅੰਗ ੭੭੮)

ਉਹ ਮੇਰਾ ਬਾਬਲ, ਮੇਰਾ ਪਿਤਾ ਬਹੁਤ ਸਮਰੱਥ ਹੈ, ਸ਼ਕਤੀਸ਼ਾਲੀ ਹੈ। ਕੇਵਲ ਕਰਤਾ ਹੀ ਨਹੀਂ, ਕਾਰਣ ਵੀ ਹੈ। ਕਹਿੰਦੇ ਨੇ ਕ੍ਰਿਤ ਤੋਂ ਕਰਤੇ ਦੀ ਮਹਾਨਤਾ ਦਾ ਪਤਾ ਚਲਦਾ ਹੈ। ਤਸਵੀਰ ਮਹਾਨ ਹੈ ਤਾਂ ਮੁਸੱਵਰ ਮਹਾਨ ਹੈ। ਤਸਵੀਰ ਕੁਝ ਨਹੀਂ ਤਾਂ ਚਿੱਤਰਕਾਰ ਵੀ ਕੁਝ ਨਹੀਂ। ਸੰਗੀਤ ਦੀ ਧੁਨ ਮਹਾਨ ਹੈ, ਗਾਇਕੀ ਮਹਾਨ ਹੈ, ਤਾਂ ਸੰਗੀਤਕਾਰ ਵੀ ਮਹਾਨ ਹੈ। ਗਾਇਕੀ ਕੁਝ ਵੀ ਨਹੀਂ, ਸੰਗੀਤ ਦਾ ਬੋਧ ਕੁਝ ਵੀ ਨਹੀਂ ਤਾਂ ਸੰਗੀਤਕਾਰ ਕੁਝ ਵੀ ਨਹੀਂ। ਕ੍ਰਿਤ ਤੋਂ ਕਰਤੇ ਦਾ ਪਤਾ ਚਲਦਾ ਹੈ। ਕਵਿਤਾ ਤੋਂ ਪਤਾ ਚਲਦਾ ਹੈ ਕਿ ਕਵੀ ਕੁਝ ਵੀ ਨਹੀਂ ਹੈ। ਕ੍ਰਿਤ ਤੋਂ ਪਤਾ ਚਲਦਾ ਹੈ ਕਰਤੇ ਦਾ। ਹੋਰ ਕਿਸ ਤਰ੍ਹਾਂ ਕਰਤੇ ਨੂੰ ਪਹਿਚਾਨੋਗੇ। ਕਲਾ ਤੋਂ ਹੀ ਕਲਾਕਾਰ ਦਾ ਪਤਾ ਚਲਦਾ ਹੈ। ਜੋ ਪਰਮਾਤਮਾ ਹੈ, ਇਹ ਵੀ ਕਲਾਕਾਰ ਹੈ। ਉਸ ਦੇ ਕੋਲ ਕਿਹੜੀ ਕਲਾ ਹੈ?

.....ਤੂ ਸਰਬ ਕਲਾ ਕਾ ਗਿਆਤਾ॥ ੧॥

(ਅੰਗ ੬੧੩)

ਹਰ ਕਲਾ ਦਾ ਗਿਆਨੀ ਹੈ। ਐਸੀ ਕੋਈ ਕਲਾ ਨਹੀਂ, ਜੋ ਮਨੁੱਖ ਦੇ ਕੋਲ ਹੈ ਅਤੇ ਉਹ ਪਰਮਾਤਮਾ ਤੋਂ ਨਾ ਆਈ ਹੋਵੇ। ਉਸੇ ਤੋਂ ਆਉਂਦੀ ਹੈ। ਇਹ ਸਾਰਾ ਬ੍ਰਹਿਮੰਡ ਉਸ

ਦੀ ਕ੍ਰਿਤ ਹੈ। ਸਾਇੰਟਿਸਟ ਕਹਿ ਰਹੇ ਨੇ, ਇਹ ਬ੍ਰਹਿਮੰਡ ਸਮਝ ਤੋਂ ਪਰੇ ਹੈ। ਜਿਤਨਾ ਸਮਝਣ ਦੀ ਕੋਸ਼ਿਸ਼ ਕਰਦੇ ਹਾਂ, ਉਤਨਾ ਹੀ ਸਮਝ ਤੋਂ ਦੂਰ ਹੋ ਜਾਂਦਾ ਹੈ। ਵਿਗਿਆਨ ਦੇ ਇਹ ਬੋਲ ਨੇ। ਇਹ ਕ੍ਰਿਤ ਕਿਤਨੀ ਮਹਾਨ ਹੈ। ਉਨ੍ਹਾਂ ਨੂੰ ਕਹਿ ਦੇਈਏ ਜੇ ਕ੍ਰਿਤ ਇਤਨੀ ਮਹਾਨ ਹੈ ਤਾਂ ਫਿਰ ਕਰਤਾ ਕਿਤਨਾ ਮਹਾਨ ਹੋਵੇਗਾ। ਇਹ ਸਭ ਕੁਝ ਉਸ ਦੀ ਕ੍ਰਿਤ ਹੈ। ਇਹ ਸੂਰਜ, ਚੰਦ, ਤਾਰੇ, ਸਾਗਰ, ਜ਼ਮੀਨ, ਪਸ਼ੂ, ਪੰਛੀ, ਬਨਾਸਪਤੀ, ਅਨੇਕਾਂ ਗ੍ਰਹਿ ਨਛੱਤਰ, ਤਾਰੇ ਸਿਆਰੇ, ਇਹ ਸਭ ਉਸ ਦੀ ਕ੍ਰਿਤ ਨੇ। ਕਬੀਰ ਜੀ ਕਹਿੰਦੇ ਨੇ, ਇਹ ਸਭ ਉਸ ਦਾ ਚਿੱਤਰ ਹੈ, ਚਿਤੇਰੇ ਦਾ ਚਿੱਤਰ ਹੈ।

ਚਚਾ ਰਚਿਤ ਚਿਤ੍ਰ ਹੈ ਭਾਰੀ॥ ਤਜਿ ਚਿਤ੍ਰੈ ਚੇਤਹੁ ਚਿਤਕਾਰੀ॥
ਚਿਤ੍ਰ ਬਚਿਤ੍ਰ ਇਹੈ ਅਵਝੇਰਾ॥ ਤਜਿ ਚਿਤ੍ਰੈ ਚਿਤੁ ਰਾਖਿ ਚਿਤੇਰਾ॥ ੧੨॥

(ਅੰਗ ੩੪੦)

ਇਸ ਚਿੱਤਰ ਨੂੰ ਵੇਖ ਕੇ ਚਿਤੇਰੇ ਨੂੰ ਯਾਦ ਕਰ। ਸਭ ਚਿੱਤਰ ਹੈ, ਤਸਵੀਰ ਹੈ ਉਸ ਪਰਮਾਤਮਾ ਦੀ ਬਣਾਈ ਹੋਈ। ਬੜਾ ਵੱਡਾ ਕਲਾਕਾਰ ਹੈ। ਡਾਕਟਰ ਮੁਹੰਮਦ ਇਕਬਾਲ ਨੇ ਤਾਂ ਮੁਸੱਵਰ ਅਤੇ ਤਸਵੀਰ ਦੀ ਗੋਸ਼ਟੀ ਵੀ ਲਿਖੀ ਹੈ। ਮੈਂ ਪੜ੍ਹੀ ਤੇ ਹੈਰਾਨ ਵੀ ਹੋਇਆ ਕਿ ਇਹ ਸ਼ਾਇਰ ਵੀ ਕਿਧਰੇ ਕਿਧਰੇ ਅੰਤਰਮੁਖੀ ਹੋ ਜਾਂਦਾ ਹੈ। ਅੰਦਰ ਦੀਆਂ ਰਮਜ਼ਾਂ ਦੀ ਵੀ ਇਸ ਨੂੰ ਸਮਝ ਆ ਜਾਂਦੀ ਹੈ। ਇਸ ਵਾਸਤੇ ਹਿੰਦੀ, ਸੰਸਕ੍ਰਿਤ ਤੇ ਬੰਗਾਲੀ ਦੇ ਸੰਤ ਕਵੀ ਹੋਏ ਨੇ ਰਬਿੰਦਰ ਨਾਥ ਟੈਗੋਰ ਜੀ। ਪੰਜਾਬੀ ਦੇ ਸੰਤ ਕਵੀ ਨੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ। ਉਰਦੂ, ਫ਼ਾਰਸੀ ਦੇ ਫ਼ਕੀਰ ਸ਼ਾਇਰ ਨੇ ਡਾਕਟਰ ਮੁਹੰਮਦ ਇਕਬਾਲ। ਇਹ ਤਿੰਨੇ ਹੀ ਬਹੁਤ ਗਹਿਰਾਈਆਂ ਨੂੰ ਛੂੰਹਦੇ ਨੇ। ਤਸਵੀਰ ਕਿਸੇ ਦੇ ਘਰ ਟੰਗੀ ਹੋਈ ਸੀ ਅਤੇ ਮੁਸੱਵਰ 'ਤੇ ਗਿਲਾ ਕਰ ਰਹੀ ਹੈ:-

ਕਹਾ ਤਸਵੀਰ ਨੇ ਤਸਵੀਰਗਰ ਸੇ,
ਨੁਮਾਇਸ਼ ਹੈ ਮੇਰੀ ਤੇਰੇ ਹੁਨਰ ਸੇ।

ਤੇਰੀ ਕਲਾ ਕਰਕੇ, ਮੇਰੀ ਮਹਾਨਤਾ ਪਰਗਟ ਹੈ। ਤੂੰ ਬਹੁਤ ਵੱਡਾ ਕਲਾਕਾਰ ਹੈਂ, ਪਰ ਤਸਵੀਰ ਕਹਿੰਦੀ ਹੈ, ਐਹ ਕਲਾਕਾਰ! ਤੂੰ ਮੇਰੇ ਨਾਲ ਬੇਇਨਸਾਫ਼ੀ ਕੀਤੀ ਹੈ। ਤੂੰ ਮੇਰੇ ਨਾਲ ਇਨਸਾਫ਼ ਨਹੀਂ ਕੀਤਾ। ਤਸਵੀਰ ਮੁਸੱਵਰ ਨੂੰ ਕਹਿ ਰਹੀ ਹੈ। ਚਿੱਤਰ ਚਿੱਤਰਕਾਰ ਨੂੰ ਕਹਿ ਰਿਹਾ ਹੈ:-

ਲੇਕਿਨ ਯਿਹ ਕੈਸੀ ਨਾ-ਮੁਨਸਫ਼ੀ ਹੈ,
ਕਿ ਤੂੰ ਪੋਸ਼ੀਦਾ ਹੋ ਮੇਰੀ ਨਜ਼ਰ ਸੇ।

ਮੈਂ ਕਿਸੇ ਦੇ ਘਰ ਟੰਗੀ ਹੋਈ ਹਾਂ, ਤੂੰ ਆਪਣੇ ਘਰ। ਬਣਾਇਆ ਤੂੰ ਮੈਨੂੰ, ਪਰ ਤੂੰ ਮੇਰੇ ਸਾਹਮਣੇ ਨਹੀਂ ਹੈਂ। ਇਕਬਾਲ ਕਹਿੰਦਾ ਹੈ, ਮੈਨੂੰ ਮੇਰੇ ਖ਼ੁਦਾ, ਤੂੰ ਬਣਾਇਆ ਹੈ। ਬੜਾ ਸੋਹਣਾ ਬਣਾਇਆ ਹੈ। ਬੜੀ ਗ਼ਜ਼ਬ ਦੀ ਤਸਵੀਰ ਬਣਾਈ ਹੈ, ਪਰ ਤੂੰ ਕਿਧਰੇ ਅਤੇ ਮੈਂ ਕਿਧਰੇ। ਇਸਲਾਮ ਵਿਚ ਖ਼ੁਦਾ ਨੂੰ ਕਿਧਰੇ ਸੱਤਵੇਂ ਆਸਮਾਨ 'ਤੇ ਮੰਨਦੇ ਨੇ। ਮੈਂ ਕਿਧਰੇ

ਸੰਸਾਰ ਵਿਚ ਟੰਗਿਆ ਹੋਇਆ ਹਾਂ, ਤੂੰ ਆਪਣੇ ਘਰ ਬੈਠਾ ਹੋਇਆ ਹੈਂ। ਇਹ ਮੇਰੇ ਨਾਲ ਬੇਇਨਸਾਫ਼ੀ ਹੈ। ਬਣਾਇਆ ਹੈ ਤੂੰ ਮੈਨੂੰ, ਪਰ ਮੇਰੀਆਂ ਨਜ਼ਰਾਂ ਤੋਂ ਦੂਰ। ਰੰਗ ਤੂੰ ਮੇਰੇ ਵਿਚ ਭਰੇ ਨੇ, ਪਰ ਤੂੰ ਮੇਰੀਆਂ ਨਜ਼ਰਾਂ ਤੋਂ ਦੂਰ। ਸਜਾਵਟ ਤੇਰੇ ਕਰਕੇ ਹੈ ਮੇਰੀ, ਨੁਮਾਇਸ਼ ਤੇਰੇ ਕਰਕੇ ਹੈ ਮੇਰੀ, ਪਰ ਤੂੰ ਮੇਰੇ ਸਾਹਮਣੇ ਨਹੀਂ। ਤੂੰ ਪੋਸ਼ੀਦਾ ਕਿਉਂ? ਮੇਰੇ ਕੋਲੋਂ ਛੁਪਿਆ ਹੋਇਆ ਕਿਉਂ? ਜਦ ਤੂੰ ਮੈਨੂੰ ਬਣਾਇਆ ਹੈ ਤਾਂ ਕਮ-ਅਜ਼-ਕਮ ਆਪਣੇ ਕੋਲ ਰੱਖ। ਸ਼ਬਦ ਦੀਆਂ ਪੰਗਤੀਆਂ ਆਉਂਦੀਆਂ ਨੇ:-

ਰਾਖੁ ਸਦਾ ਪ੍ਰਭ ਅਪਨੈ ਸਾਥ॥

(ਅੰਗ ੯੨੮)

ਆਪਣੇ ਨਾਲ ਰੱਖ। ਇਕਬਾਲ ਵੀ ਇਹ ਗਿਲਾ ਕਰ ਰਿਹਾ ਹੈ। ਤੂੰ ਰੰਗ ਭਰਿਆ ਹੈ। ਤੂੰ ਲਕੀਰਾਂ ਕੱਢੀਆਂ ਹਨ। ਤੂੰ ਬੜੀ ਮਿਹਨਤ ਕੀਤੀ। ਤੂੰ ਮੈਨੂੰ ਸਜਾਇਆ, ਸੰਵਾਰਿਆ। ਐਨਾ ਖ਼ੂਬਸੂਰਤ ਤੂੰ ਮੈਨੂੰ ਬਣਾਇਆ, ਪਰ ਹੇ ਨਿਰੰਕਾਰ! ਮੈਂ ਸੰਸਾਰ ਦੇ ਵਿਚ ਟੰਗਿਆ ਹੋਇਆ ਅਤੇ ਤੂੰ ਆਪਣੇ ਘਰ ਬੈਠਾ ਹੋਇਆ। ਮੈਂ ਕਿਸੇ ਘਰ ਵਿਚ ਟੰਗੀ ਹੋਈ ਤਸਵੀਰ। ਐ ਮੁਸੱਵਰ! ਤੂੰ ਆਪਣੇ ਘਰ ਵਿਚ ਬੈਠਾ ਹੋਇਆ ਹੈਂ। ਜਦ ਤਸਵੀਰ ਨੇ ਮੁਸੱਵਰ 'ਤੇ ਇਹ ਗਿਲਾ ਕੀਤਾ ਹੈ। ਚਿੱਤਰ ਨੇ ਚਿੱਤਰਕਾਰ 'ਤੇ ਇਹ ਸ਼ਿਕਾਇਤ ਕੀਤੀ ਹੈ। ਹੁਣ ਚਿੱਤਰਕਾਰ ਵੀ ਬੋਲਿਆ ਹੈ। ਕਵੀ ਦੀ ਕਲਪਣਾ:-

ਕਹਾ ਤਸਵੀਰ ਨੇ ਤਸਵੀਰਗਰ ਸੇ,

ਮੁਸੱਵਰ ਨੇ ਤਸਵੀਰ ਨੂੰ ਆਖਿਆ। ਚਿੱਤਰਕਾਰ ਨੇ ਚਿੱਤਰ ਨੂੰ ਆਖਿਆ:-

ਤੂੰ ਹੋ ਨ ਨਾ-ਉਮੀਦ ਆਪਣੇ ਨਕਸ਼ਗਰ ਸੇ।

ਇਤਨੀ ਮਾਯੂਸ ਕਿਉਂ ਹੈਂ? ਇਤਨੀ ਨਾ-ਉਮੀਦ ਕਿਉਂ ਹੈਂ? ਤੂੰ ਇਤਨਾ ਭਰੋਸਾ ਕਿਉਂ ਛੱਡ ਦਿੱਤਾ ਹੈ? ਤੇਰੇ ਵਿਚ ਯਕੀਨ ਕਿਉਂ ਨਹੀਂ? ਸਮਝ ਕਿਉਂ ਨਹੀਂ?

ਮੇਰੇ ਦੀਦਾਰ ਕੀ ਬੱਸ ਯਹੀ ਹੈ ਸ਼ਰਤ,
ਕਿ ਤੂੰ ਪਿਨਹਾ ਨਾ ਹੋ ਅਪਨੀ ਨਜ਼ਰ ਸੇ।

ਮੈਨੂੰ ਵੇਖਣ ਦੀ ਇਕੋ ਹੀ ਸ਼ਰਤ ਹੈ। ਕੀ? ਤੂੰ ਆਪਣੇ ਆਪ ਨੂੰ ਵੇਖ। ਤੇਰੇ ਹਰ ਰੰਗ ਦੇ ਵਿਚ ਮੈਂ ਬੈਠਾ ਹਾਂ। ਤੇਰੇ ਨੇਤਰਾਂ ਵਿਚ ਮੈਂ ਹਾਂ। ਤੇਰੇ ਕੰਨਾਂ ਵਿਚ ਮੈਂ ਹਾਂ। ਤੇਰੇ ਹੱਥਾਂ ਵਿਚ, ਪੈਰਾਂ ਵਿਚ ਮੈਂ ਹਾਂ। ਤੇਰੇ ਦਿਲ ਦਿਮਾਗ਼ ਵਿਚ ਮੈਂ ਹਾਂ। ਤੇਰੇ ਖ਼ੂਨ ਦੀ ਹਰ ਧੜਕਣ ਵਿਚ ਮੈਂ ਹਾਂ। ਤੇਰੇ ਦਿਲ ਦੀ ਧੜਕਣ ਵਿਚ ਮੈਂ ਹਾਂ। ਤੇਰੇ ਹਰ ਪ੍ਰਾਣ ਵਿਚ, ਤੇਰੇ ਹਰ ਸੁਆਸ ਵਿਚ ਮੈਂ ਹਾਂ। ਤੇਰੇ ਹਰ ਗਰਾਸ ਵਿਚ ਮੈਂ ਹਾਂ। ਹੋਰ ਕੀ ਪੁੱਛਦੀ ਹੈਂ। ਤਸਵੀਰ, ਤੇਰੇ ਹਰ ਰੋਮ ਦੇ ਵਿਚ ਮੈਂ ਹਾਂ। ਵੇਖ ਤਾਂ ਸਹੀ ਤੂੰ ਆਪਣੇ ਆਪ ਨੂੰ।

ਤੂੰ ਪਿਨਹਾ ਨਾ ਹੋ ਅਪਨੀ ਨਜ਼ਰ ਸੇ।

ਪ੍ਰਭੂ ਨੂੰ ਦੇਖਣ ਵਾਸਤੇ ਪਹਿਲੇ ਆਪਣੇ ਆਪ ਨੂੰ ਦੇਖਣਾ ਪੈਂਦਾ ਹੈ। ਭਗਤ ਰਵਿਦਾਸ ਜੀ ਮਹਾਰਾਜ ਕਹਿੰਦੇ ਨੇ:-

ਅਪ ਤਨ ਕਾ ਜੋ ਕਰੇ ਬੀਚਾਰੁ॥

(ਅੰਗ ੧੧੯੬)

ਕਮ-ਅਜ਼-ਕਮ ਆਪਣਾ ਤਾਂ ਵਿਚਾਰ ਕਰੇ।

ਤਿਸੁ ਨਹੀ ਜਮਕੰਕਰੁ ਕਰੇ ਖੁਆਰੁ॥ ੨॥

(ਅੰਗ ੧੧੯੬)

ਮਨੁੱਖ ਬਹੁਤ ਕੁਝ ਦੇਖ ਲੈਂਦਾ ਹੈ, ਆਪਣੇ ਆਪ ਨੂੰ ਨਹੀਂ ਦੇਖਦਾ। ਆਪਣੇ ਨੇੜੇ ਨਹੀਂ ਆਉਂਦਾ। ਜੇ ਕਿਧਰੇ ਆਪਣੇ ਨੇੜੇ ਆ ਜਾਏ। ਹਰ ਰੰਗ ਦੇ ਵਿਚ ਓਹੀ ਹੈ। ਜਿਤਨੇ ਰੰਗ ਉਸ ਨੇ ਭਰੇ ਨੇ, ਹਰ ਰੰਗ ਦੇ ਵਿਚ ਉਹ ਹੀ ਬੈਠਾ ਹੈ। ਜਿਤਨੇ ਨੈਣ-ਨਕਸ਼ ਹਨ ਇਸ ਤਸਵੀਰ ਦੇ, ਉਸ ਨੇ ਬਣਾਏ ਨੇ, ਹਰ ਨੈਣ-ਨਕਸ਼ ਵਿਚ ਉਹ ਹੀ ਬੈਠਾ ਹੈ। ਐਸਾ ਨਹੀਂ ਹੈ ਕਿ ਉਹ ਤਸਵੀਰ ਤੋਂ ਅਲੱਗ ਹੋ ਗਿਆ ਹੈ। ਐਹ ਤਸਵੀਰ, ਮੁਸੱਵਰ ਤਾਂ ਫਿਰ ਵੀ ਅਲੱਗ ਹੋਵੇਗਾ। ਜੋ ਬਾਹਰ ਦੀਆਂ ਤਸਵੀਰਾਂ ਬਣਾਉਂਦੇ ਨੇ, ਭਾਵੇਂ ਸਾਹਮਣੇ ਬੈਠੇ ਨੇ ਫਿਰ ਵੀ ਤਸਵੀਰ ਤੋਂ ਅਲਗ ਹੈ ਮੁਸੱਵਰ। ਕਰਤਾ ਕ੍ਰਿਤ ਤੋਂ ਅਲੱਗ ਹੁੰਦਾ ਹੈ। ਮੈਂ ਤਾਂ ਤੇਰੇ ਵਿਚ ਬੈਠਾ ਹਾਂ। ਤੇਰੇ ਹਰ ਰੰਗ ਵਿਚ, ਤੇਰੇ ਹਰ ਢੰਗ ਵਿਤ। ਮੈਨੂੰ ਵੇਖਣ ਦਾ ਇਕੋ ਹੀ ਢੰਗ ਹੈ, ਕੀ? ਤੂੰ ਆਪਣੇ ਆਪ ਨੂੰ ਵੇਖ। ਚਲ ਪੈਂਦੀ ਹੈ ਦੁਨੀਆ, ਪਰਮਾਤਮਾ ਦੇ ਦਰਸ਼ਨ ਕਰਨੇ ਨੇ। ਪ੍ਰਭੂ ਦੇ ਦਰਸ਼ਨ ਕਰਨੇ ਨੇ, ਪਰ ਪਹਿਲੇ ਆਪਣੇ ਤਾਂ ਦਰਸ਼ਨ ਕਰ। ਆਪਣੀ ਗਹਿਰਾਈ ਦੇ ਵਿਚ ਜਾਹ।

ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਫ਼ੁਰਮਾਨ ਕਰਦੇ ਨੇ, ਉਹ ਮੇਰਾ ਬਾਬੁਲ, ਉਹ ਮੇਰਾ ਪਿਤਾ ਬੜਾ ਸਮਰੱਥ ਹੈ, ਕਰਤਾ ਵੀ ਹੈ, ਕਾਰਣ ਵੀ ਹੈ। ਉਸ ਦੀ ਕ੍ਰਿਤ ਮਹਾਨ ਹੈ। ਉਸ ਦੀ ਮਹਾਨਤਾ ਉਸ ਦੀ ਕ੍ਰਿਤ ਦੇ ਵਿਚੋਂ ਪ੍ਰਗਟ ਹੋ ਰਹੀ ਹੈ।

ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ॥

ਜਿਸ ਦਾ ਸਿਮਰਨ ਕੀਤਿਆਂ, ਜਿਸ ਨੂੰ ਸਿਰਫ਼ ਯਾਦ ਕੀਤਿਆਂ ਹੀ ਕਿਸੇ ਦੁੱਖ ਦੀ ਪਹੁੰਚ ਨਹੀਂ ਹੁੰਦੀ। ਦੁੱਖ ਓਥੇ ਤਕ ਆ ਨਹੀਂ ਸਕਦਾ। ਭਾਈ ਸਾਹਿਬ ਨੰਦ ਲਾਲ ਜੀ ਦੇ ਬੋਲ, ਦੁੱਖ ਕਦੇ ਇਕੱਲਾ ਨਹੀਂ ਆਉਂਦਾ। ਇਕ ਦੁੱਖ ਆਪਣੇ ਪਿੱਛੇ ਹੋਰ ਦੁੱਖ ਲੈ ਆਉਂਦਾ ਹੈ। ਹੋਰ ਦੁੱਖ ਆਪਣੇ ਪਿੱਛੇ ਹੋਰ ਦੁੱਖ ਲੈ ਆਉਂਦਾ ਹੈ। ਸੁੱਖ ਕਦੇ ਮਿਲਿਆ ਹੈ ਤਾਂ ਇਕੱਲਾ ਹੀ ਆਉਂਦਾ ਹੈ। ਉਹ ਆਪਣੇ ਪਿੱਛੇ ਫ਼ੌਜ ਨਹੀਂ ਲਿਆਉਂਦਾ। ਦੁੱਖ ਆਪਣੇ ਪਿੱਛੇ ਫ਼ੌਜ ਲਿਆਉਂਦਾ ਹੈ। ਕਦੀ ਗਹਿਰਾਈ ਨਾਲ ਮੁਤਾਲਿਆ ਕਰਨਾ, ਇਕ ਦੁੱਖ, ਇਕ ਦੁੱਖ ਨਹੀਂ ਹੁੰਦਾ। ਉਸ ਦੇ ਪਿੱਛੇ ਦੁੱਖਾਂ ਦੀ ਬਹੁਤ ਵੱਡੀ ਲਾਈਨ ਖੜੀ ਹੁੰਦੀ ਹੈ। ਜਿਵੇਂ ਇਕ ਉਦਾਹਰਣ - ਇਕ ਐਕਸੀਡੈਂਟ ਹੋ ਗਿਆ ਹੈ, ਚੋਟ ਲੱਗ ਗਈ ਹੈ, ਫ਼ਰੈਕਚਰ (Fracture) ਹੋ ਗਿਆ ਹੈ। ਕਿਸੇ ਦੀਆਂ ਦੋਵੇਂ ਲੱਤਾਂ ਹੀ ਟੁੱਟ ਗਈਆਂ ਨੇ।

ਹੁਣ ਕੀ ਹੈ, ਦੂਸਰਾ ਆਖੇ, ਦੋ ਲੱਤਾਂ ਹੀ ਟੁੱਟੀਆਂ ਨੇ, ਇਕ ਦੁੱਖ ਹੈ। ਇਕ ਦੁੱਖ ਦੇ ਪਿੱਛੇ ਕਰੋੜਾਂ ਦੁੱਖਾਂ ਦੀ ਫ਼ੌਜ ਖੜੀ ਹੈ। ਜੀਵਨ ਭਰ ਦੇ ਦੁੱਖਾਂ ਦੀ ਫ਼ੌਜ ਖੜੀ ਹੈ।

ਪਿੰਗਲਵਾੜੇ ਡਾਕਟਰ ਇੰਦਰਜੀਤ ਕੌਰ ਜੀ ਨੇ ਮੈਨੂੰ ਇਕ ਅਜੂਬਾ ਦਿਖਾਇਆ। ਕਹਿਣ ਲੱਗੇ, ਗਿਆਨੀ ਜੀ ! ਤੁਸੀਂ ਹਰ ਇਕ ਚੀਜ਼ ਨੂੰ ਬੜੀ ਗਹਿਰਾਈ ਨਾਲ ਲੈਂਦੇ ਹੋ। ਮੈਂ ਤੁਹਾਨੂੰ ਇਕ ਚੀਜ਼ ਦਿਖਾਉਣਾ ਚਾਹੁੰਦੀ ਹਾਂ, ਇਸ ਨੂੰ ਦੇਖੋ। ਇਕ ਬੱਚਾ ਹੈ ਓਥੇ ਅੰਦਾਜ਼ਨ ਢਾਈ ਤਿੰਨ ਸਾਲ ਦਾ ਹੈ (ਇਹ ਗੱਲ ੨੦੦੪ ਦੀ ਹੈ)। ਧੜ ਇਕੋ ਹੈ, ਬਾਹਵਾਂ ਦੋ ਨੇ, ਲਤਾਂ ਦੋ ਨੇ, ਪੇਟ ਇਕੋ ਹੈ, ਪਸਲੀਆਂ ਵੀ ਇਕ ਹੈ, ਪਰ ਮੋਢੇ ਦੇ ਉੱਤੇ ਲੱਗੇ ਹੋਏ ਸਿਰ ਦੋ ਨੇ। ਦੋਵੇਂ ਸਿਰ ਪੂਰਾ ਕੰਮ ਕਰਦੇ ਨੇ। ਦੋਹਾਂ ਦੇ ਦਿਮਾਗ਼ ਅਲੱਗ ਅਲੱਗ ਨੇ। ਅਜੂਬਾ ਹੈ। ਉਨ੍ਹਾਂ ਦੋਹਾਂ ਸਿਰਾਂ ਦੀਆਂ ਲੱਤਾਂ ਦੋ ਨੇ, ਸਾਂਝੀਆਂ ਨੇ। ਦੋ ਸਿਰਾਂ ਦਾ, ਦੋ ਦਿਮਾਗ਼ਾਂ ਦਾ ਪੇਟ ਇਕੋ ਹੀ ਹੈ। ਸਾਂਝਾ ਹੈ। ਦੋ ਦਿਮਾਗ਼, ਦੋ ਸਿਰਾਂ ਦੀਆਂ ਬਾਹਵਾਂ ਦੋ ਹੀ ਨੇ, ਸਾਂਝੀਆਂ ਨੇ। ਦੋ ਦਿਮਾਗ਼, ਦੋ ਸਿਰਾਂ ਦਾ ਦਿਲ ਇਕੋ ਹੀ ਹੈ। ਸਾਂਝਾ ਹੈ। ਦਿਲ ਦੋ ਨਹੀਂ ਹਨ। ਪੇਟ ਦੋ ਨਹੀਂ ਹਨ। ਲਤਾਂ ਦੋ, ਬਾਹਵਾਂ ਦੋ, ਮੋਢੇ ਦੇ ਉੱਪਰ ਪੂਰਨ ਕੰਮ ਕਰਦੇ ਹੋਏ, ਬੋਲਦੇ ਹੋਏ ਦੋ ਸਿਰ। ਮੈਂ ਕਿਹਾ ਇਸ ਨੂੰ ਥੋੜ੍ਹਾ ਜਿਹਾ ਬਾਹਰ ਲਿਆਉ। ਉਨ੍ਹਾਂ ਦੋ ਸਿਰਾਂ ਦਾ ਨਾਮ ਵੀ ਉਨ੍ਹਾਂ ਰਖਿਆ ਹੋਇਆ ਹੈ, ਸੋਹਣਾ ਅਤੇ ਮੋਹਣਾ। ਜਦੋਂ ਸੋਹਣਾ ਕਰਕੇ ਬੁਲਾਉਂਦੀਆਂ ਨੇ ਫਿਰ ਇਕ ਸਿਰ ਸਾਹਮਣੇ ਦੇਖਣ ਲੱਗ ਪੈਂਦਾ ਹੈ। ਫਿਰ ਮੋਹਣਾ ਕਰਕੇ ਆਵਾਜ਼ ਮਾਰਦੀਆਂ ਨੇ ਤਾਂ ਫਿਰ ਦੂਜਾ, ਕਿਉਂਕਿ ਦਿਮਾਗ਼ ਅਲੱਗ ਅਲੱਗ ਨੇ। ਜ਼ਬਾਨ ਅਲੱਗ ਅਲੱਗ ਹੈ, ਅੱਖਾਂ, ਕੰਨ ਦੋਹਾਂ ਦੇ ਅਲੱਗ ਅਲੱਗ ਨੇ। ਪੂਰਾ ਸਿਰ ਦੋਹਾਂ ਦਾ ਅਲੱਗ ਅਲੱਗ ਹੈ ਅਤੇ ਕੰਮ ਕਰ ਰਿਹਾ ਹੈ। ਦੋਵੇਂ ਸਿਰ ਬਰਾਬਰ ਨੇ। ਇਕ ਢਾਈ ਤਿੰਨ ਸਾਲ ਦੇ ਬੱਚੇ ਦੇ ਸਿਰ ਜਿਤਨੇ ਹੋਣੇ ਚਾਹੀਦੇ ਨੇ, ਉਤਨੇ ਹੀ ਨੇ। ਹੈਰਾਨਗੀ ਹੈ, ਦੋਨਾਂ ਦਾ ਦਿਲ ਇਕੋ ਹੈ, ਦੋਹਾਂ ਦਾ ਪੇਟ ਇਕੋ ਹੈ। ਮੈਂ ਕਿਹਾ ਜਦ ਇਹ ਵੱਡੇ ਹੋਏ ਤਾਂ ਇਨ੍ਹਾਂ ਵਾਸਤੇ ਕਾਫ਼ੀ ਕਠਿਨ ਹੋ ਜਾਏਗਾ।

ਇਸੇ ਤਰ੍ਹਾਂ ਦੀ ਜਰਮਨ ਵਿਚ ਮੈਂ ਇਕ ਲੜਕੀ ਵੀ ਦੇਖੀ ਹੈ। ਓਥੇ ਅਜੂਬਾ ਇਹ ਹੈ ਕਿ ਲੱਤਾਂ ਉਸ ਦੀਆਂ ਚਾਰ ਨੇ, ਬਾਹਵਾਂ ਵੀ ਚਾਰ ਨੇ। ਦੋ ਧੜ ਚਿੰਬੜੇ ਹੋਏ ਨੇ। ਡਾਕਟਰਾਂ ਨੇ ਕਿਹਾ, ਅਗਰ ਓਪਰੇਸ਼ਨ (Operation) ਕਰਕੇ ਅਲੱਗ ਕੀਤਾ, ਦੋਵੇਂ ਹੀ ਮਰ ਜਾਣਗੀਆਂ। ਇਸ ਵਾਸਤੇ ਓਪਰੇਸ਼ਨ ਨਹੀਂ ਹੋ ਸਕਦਾ। ਹੁਣ ਜਵਾਨ ਹੋ ਗਈਆਂ ਨੇ। ਜਦ ਕਿਧਰੇ ਚਲਣਾ ਹੁੰਦਾ ਹੈ, ਦੋਵੇਂ ਫ਼ੈਸਲਾ ਕਰ ਲੈਂਦੀਆਂ ਨੇ। ਸ਼ੌਪਿੰਗ (Shopping) ਕਰਨ ਆਪ ਜਾਂਦੀਆਂ ਨੇ। ਸਾਮਾਨ ਖ਼ਰੀਦਣ ਆਪ ਜਾਂਦੀਆਂ ਨੇ। ਡਿਸਕਵਰੀ ਚੈਨਲ (Discovery Channel) ਨੇ ਉਨ੍ਹਾਂ ਨੂੰ ਪੂਰਨ ਤੌਰ 'ਤੇ ਦਿਖਾਇਆ ਹੈ। ਮੈਨੂੰ ਦਿਖਾਉਣ ਵਾਸਤੇ ਇਕ ਸੱਜਣ ਮਿੱਤਰ ਲੈ ਗਏ ਸਨ। ਕਹਿਣ ਲੱਗੇ ਤੁਹਾਡੀ ਇਕ ਕਥਾ ਬਣੇਗੀ। ਤੁਹਾਨੂੰ ਇਕ ਕਥਾ ਦਿਖਾ ਲਿਆਉਂਦੇ ਹਾਂ। ਮੈਨੂੰ ਇੰਝ ਕਹਿਣ ਲੱਗੇ। ਗ਼ਜ਼ਬ ਦੀ ਗੱਲ, ਜਦੋਂ ਮੈਨੂੰ ਲੈ ਗਏ ਉਹ Shopping ਕਰਨ ਗਈਆਂ ਹੋਈਆਂ ਸਨ। ਉਹ ਦੋਵੇਂ ਆਪਸ ਵਿਚ ਫ਼ੈਸਲਾ ਕਰ ਲੈਂਦੀਆਂ ਹਨ। ਜਿਸ ਨੇ ਆਪਣੇ ਦੋਹਾਂ ਪੈਰਾਂ ਦੀ ਵਰਤੋਂ ਕਰਨੀ ਹੋਵੇ, ਫਿਰ ਦੂਜੀ ਪੈਰਾਂ ਨੂੰ ਉੱਚਾ ਕਰ ਲੈਂਦੀ ਹੈ। ਪੂਰਾ ਵਜ਼ਨ ਇਕ ਨੂੰ ਢੋਣਾ ਪੈਂਦਾ ਹੈ, ਕਿਉਂ? ਇਕ ਦਾ ਮੂੰਹ ਇਕ ਪਾਸੇ, ਇਕ ਦਾ ਦੂਜੇ ਪਾਸੇ। ਦੋਹਾਂ ਦੀ ਪਿੱਠ

ਜੁੜੀ ਹੋਈ ਹੈ। ਦੋਹਾਂ ਦੀਆਂ ਦਿਸ਼ਾਵਾਂ ਵਿਰੋਧੀ ਨੇ। ਦੋਵੇਂ ਪਾਸੇ ਅਗਰ ਉਹ ਚਲਣਾ ਚਾਹੁਣ ਤਾਂ ਕਿਵੇਂ ਚਲਣਗੀਆਂ। ਇਕ ਸੱਜੇ ਜਾਵੇ, ਇਕ ਖੱਬੇ। ਦੋਹਾਂ ਕੋਲ ਦਿਮਾਗ਼ ਹੈ, ਦੋਹਾਂ ਕੋਲ ਆਪਣਾ ਆਪਣਾ ਦਿਲ ਹੈ। ਫ਼ੈਸਲਾ ਕਰ ਲੈਂਦੀਆਂ ਨੇ ਕਿ ਹੁਣ ਮੈਂ ਚਲਣਾ ਹੈ ਤੇ ਤੂੰ ਆਪਣੇ ਪੈਰ ਜ਼ਮੀਨ ਤੋਂ ਉੱਚੇ ਕਰ ਲੈ। ਮੇਰੇ ਦੋ ਪੈਰਾਂ ਦੇ ਉੱਤੇ ਤੇਰਾ ਵਜ਼ਨ ਆ ਜਾਏਗਾ ਤੇ ਚਲ ਪਵਾਂਗੀ।

ਡਾਕਟਰ ਇੰਦਰਜੀਤ ਕੌਰ ਜੀ ਦੇ ਮੁਤਾਬਿਕ ਏਥੇ ਜੋ ਅਜੂਬਾ ਹੈ, ਉਹ ਕਿਸੇ ਡਰਾਈਵਰ ਦੇ ਇਹ ਲੜਕੇ ਨੇ, ਇੱਥੇ ਹੀ ਛੋੜ ਗਿਆ ਹੈ। ਕਹਿੰਦਾ ਹੈ ਘਰ ਵਿਚ ਹਰ ਵਕਤ ਭੀੜ ਬਣੀ ਰਹਿੰਦੀ ਸੀ। ਸਾਨੂੰ ਸੰਭਾਲਣਾ ਔਖਾ ਹੋ ਜਾਂਦਾ ਹੈ। ਗ਼ਰੀਬ ਆਦਮੀ ਹਾਂ, ਕੰਮ-ਕਾਰ 'ਤੇ ਜਾਣਾ ਹੁੰਦਾ ਹੈ। ਮੈਂ ਉਨ੍ਹਾਂ ਬੱਚਿਆਂ ਨੂੰ (ਪਿੰਗਲਵਾੜੇ) ਹੱਥ ਲਾਉਣ ਦੀ ਕੋਸ਼ਿਸ਼ ਕੀਤੀ, ਅਸੀਂ ਓਪਰੇ ਬੰਦੇ ਸਾਂ। ਉਹ ਦੋਵੇਂ ਰੋਣ ਲੱਗ ਪਏ। ਡਾਕਟਰ ਸਾਹਿਬਾਂ ਨੇ ਚੁੱਕ ਲਿਆ, ਉਹ ਚੁੱਪ ਕਰ ਗਏ, ਕਿਉਂਕਿ ਉਹ ਰੋਜ਼ ਉਨ੍ਹਾਂ ਨਾਲ ਪਿਆਰ ਕਰਦੀਆਂ ਨੇ। ਕਹਿਣ ਲੱਗੇ ਕੁਦਰਤ ਦਾ ਅਜੂਬਾ ਨੇ। ਦਿਮਾਗ਼ ਦੋਹਾਂ ਦੇ ਅਲੱਗ ਅਲੱਗ ਨੇ, ਸਰੀਰ ਇਕ ਹੈ। ਹੁਣ ਇਕ ਕੁਝ ਫ਼ੈਸਲਾ ਕਰੇ, ਦੂਜਾ ਕੁਝ ਕਰੇ, ਕਿਵੇਂ ਗੱਲ ਹੋਵੇਗੀ, ਕਿਉਂਕਿ ਸਰੀਰ ਇਕੋ ਹੈ, ਬਾਹਵਾਂ ਦੋ ਨੇ, ਪੈਰ ਦੋ ਨੇ। ਕਦੀ ਕਦੀ ਪ੍ਰਕਿਰਤੀ ਵਿਚ ਅਜੂਬੇ ਹੁੰਦੇ ਨੇ। ਗ਼ਜ਼ਬ ਦੇ ਕਰਿਸ਼ਮੇ ਹੁੰਦੇ ਨੇ।

ਕਰਨਾਲ ਤੋਂ ਇਕ ਫ਼ੋਨ ਆਇਆ। ਉਸ ਸੱਜਣ ਨੂੰ ਮੈਂ ਅਲਵਰ ਸਮਾਗਮ 'ਤੇ ਵੇਖਿਆ ਸੀ। ਨੇਤਰ ਉਸ ਦੇ ਦੋਵੇਂ ਚਲੇ ਗਏ। ਇਕ ਸਾਲ ਲਈ ਬਿਲਕੁਲ ਅੰਨ੍ਹਾ ਹੋ ਗਿਆ। ਲਾਠੀ ਦੇ ਸਹਾਰੇ ਚਲਦਾ ਸੀ। ਉਸ ਨੇ ਇਕ ਸਾਲ ਇਲਾਜ ਬਹੁਤ ਕਰਾਇਆ। ਭਾਰਤ ਦਾ ਕੋਈ ਵੱਡਾ ਆਈ ਹਸਪਤਾਲ (Eye Hospital) ਉਸ ਨੇ ਨਹੀਂ ਛਡਿਆ। ਸੰਪੰਨ ਘਰਾਣੇ ਦਾ ਹੈ। ਖ਼ੂਬ ਪੈਸਾ ਖ਼ਰਚ ਕੀਤਾ, ਠੀਕ ਨਹੀਂ ਹੋਇਆ। ਅੱਖਾਂ ਨਹੀਂ ਆਈਆਂ। ਉਸ ਦੇ ਕਹੇ ਮੁਤਾਬਿਕ, ਜ਼ਾਰੋ ਜ਼ਾਰ ਰੋ ਪੈਂਦਾ ਹੈ। ਕਹਿੰਦਾ ਹੈ ਮੈਂ ਗੁਰੂ ਰਾਮਦਾਸ ਜੀ ਦੇ ਦਰ 'ਤੇ ਆਇਆ। ਬਾਣੀਆਂ ਮੈਨੂੰ ਕੰਠ ਸਨ। ਇਸ਼ਨਾਨ ਕਰਕੇ ਮੈਂ ਪਰਕਰਮਾਂ ਵਿਚ ਬੈਠ ਜਾਂਦਾ ਸੀ। ਉੱਚੀ ਉੱਚੀ ਬਾਣੀ ਪੜ੍ਹਦਾ ਸੀ। ਅਕਸਰ ਰਾਤ ਦੇ ੧੨ ਵਜੇ ਬੈਠ ਜਾਂਦਾ ਸੀ। ਸਵੇਰ ਤਕ ਪੜ੍ਹਦਾ ਹੀ ਰਹਿੰਦਾ ਸੀ। ਕਹਿੰਦਾ, ਅੱਠ ਦਿਨਾਂ ਬਾਅਦ ਮੈਂ ਦੇਖ ਕੇ ਦੰਗ ਰਹਿ ਗਿਆ। ਮੈਨੂੰ ਸਰੋਵਰ ਦੇ ਦਰਸ਼ਨ ਹੋਣ ਲੱਗ ਪਏ। ਮੈਨੂੰ ਦਰਬਾਰ ਸਾਹਿਬ ਜੀ ਦੇ ਦਰਸ਼ਨ ਹੋਣ ਲੱਗ ਪਏ। ਇਸ ਤਰ੍ਹਾਂ ਦੇ ਕਰਿਸ਼ਮੇ ਕਦੇ ਕਦਾਈਂ ਪ੍ਰਕਿਰਤੀ (nature) ਵਿਚ ਪ੍ਰਗਟ ਹੁੰਦੇ ਨੇ। ਕਰਤੇ ਪੁਰਖ ਦੀਆਂ ਵਡਿਆਈਆਂ:-

ਘਰਿ ਤ ਤੇਰੈ ਸਭੁ ਕਿਛੁ ਹੈ... ॥

ਪਰ ਇਕ ਸ਼ਰਤ ਹੈ:-

....ਜਿਸੁ ਦੇਹਿ ਸੁ ਪਾਵਏ॥

(ਅੰਗ ੯੧੭)

ਹੋਰ ਕੋਈ ਦੇਣ ਵਾਲਾ ਵੀ ਨਹੀਂ ਹੈ:-

ਦਾਤੈ ਦਾਤਿ ਰਖੀ ਹਥਿ ਅਪਣੈ.....॥

(ਅੰਗ ੬੦੪)

ਉਸ ਨੇ ਆਪਣੇ ਹੱਥ ਵਿਚ ਰੱਖੀ ਹੈ, ਮੈਂ ਹੀ ਵੰਡਾਂਗਾ, ਦੂਜਾ ਨਹੀਂ। ਮੈਂ ਆਪਣੇ ਹੱਥਾਂ ਨਾਲ ਦੇਣੀ ਹੈ। ਜਦ ਉਸ ਨੇ ਆਪਣੇ ਹੱਥਾਂ ਨਾਲ ਦੇਣੀ ਹੈ ਤਾਂ ਫਿਰ ਇਹ ਕਹਿਣਾ ਕਿ ਫਲਾਣੇ ਬਾਬਿਆਂ ਕੋਲੋਂ ਇਹ ਮਿਲ ਗਿਆ ਹੈ, ਇਸ ਤੋਂ ਵੱਡੀ ਹੋਰ ਕਿਹੜੀ ਅਗਿਆਨਤਾ ਹੋਵੇਗੀ। ਧੰਨ ਗੁਰੂ ਰਾਮਦਾਸ ਜੀ ਮਹਾਰਾਜ ਕਹਿੰਦੇ ਨੇ:-

ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ॥

ਮਤਾਂ ਤੁਸੀਂ ਸਮਝੋ ਕਿ ਕਿਸੇ ਹੋਰ ਦੇ ਹੱਥ ਵਿਚ ਵੀ ਕੁਛ ਹੈ।

.....ਸਭ ਕਰੇ ਕਰਾਇਆ॥

ਓਹੀ ਕਰਤਾ ਹੈ, ਓਹੀ ਕਾਰਣ ਹੈ:-

ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ
ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ॥

(ਅੰਗ ੧੬੮)

ਜਨਮ ਮਰਨ, ਕੋਈ ਸਰਾਪ, ਕੋਈ ਦੁੱਖ, ਕੋਈ ਤਕਲੀਫ਼, ਕੋਈ ਬਿਪਤਾ, ਇਹ ਕੋਈ ਕਿਸੇ ਨੂੰ ਨਹੀਂ ਲਾ ਸਕਦਾ। ਉਸ ਨੇ ਇਕ ਵਿਧਾਨ ਬਣਾਇਆ ਹੋਇਆ ਹੈ। ਉਸ ਵਿਧਾਨ ਦੇ ਮੁਤਾਬਿਕ ਇਹ ਸਭ ਕੁਝ ਉਸੇ ਤੋਂ ਹੀ ਆਉਂਦਾ ਹੈ। ਫਲਾਣੇ ਨੇ ਮੇਰੇ 'ਤੇ ਜਾਦੂ ਟੂਣਾ ਕਰ ਦਿੱਤਾ ਹੈ। ਮੈਂ ਉਨ੍ਹਾਂ ਨੂੰ ਕਹਿੰਦਾ ਹੁੰਦਾ ਹਾਂ ਕਿ ਤੂੰ ਜਾਦੂ ਟੂਣੇ ਦਾ ਪੁਜਾਰੀ ਹੈਂ, ਗੁਰੂ ਦਾ ਪੁਜਾਰੀ ਨਹੀਂ। ਜੇ ਜਾਦੂ ਟੂਣੇ ਨੇ ਹੀ ਤੇਰੇ 'ਤੇ ਸਭ ਕੁਝ ਕਰ ਦਿੱਤਾ ਹੈ ਤਾਂ ਫਿਰ ਉਨ੍ਹਾਂ ਕੋਲ ਜਾਹ। ਓਥੇ ਹੀ ਫ਼ਰਿਆਦ ਕਰ। ਫਿਰ ਇੱਥੇ ਆਉਣ ਦਾ ਕੀ ਫ਼ਾਇਦਾ। ਕੋਈ ਜਾਦੂ ਟੂਣਾ ਨਹੀਂ। ਸਰਾਪ ਵੀ ਉਦੋਂ ਲੱਗਦਾ ਹੈ, ਦੁੱਖ ਵੀ ਉਦੋਂ ਲੱਗਦਾ ਹੈ, ਜਦ ਕਰਮਾਂ ਅਨੁਸਾਰ ਐਸਾ ਮਾਹੌਲ ਪ੍ਰਭੂ ਬਣਾ ਦਿੰਦਾ ਹੈ। ਮਿਲਦੇ ਨੇ ਦੁੱਖ। ਉਸੇ ਦਾ ਬਣਾਇਆ ਹੋਇਆ ਵਿਧਾਨ ਹੈ। ਅੱਜ ਇਹ ਫ਼ੈਸਲਾ ਕਰ ਲੈਣਾ। ਮੇਰੇ ਕਰਮਾਂ ਤੋਂ ਬਿਨਾਂ ਪ੍ਰਭੂ ਨੇ ਮੈਨੂੰ ਨਹੀਂ ਦਿੱਤਾ। ਕੋਈ ਮੇਰੇ 'ਤੇ ਜਾਦੂ ਟੂਣਾ ਨਹੀਂ ਕਰ ਸਕਦਾ। ਉਹ ਮੇਰਾ ਬਾਬੁਲ ਬਹੁਤ ਵੱਡਾ ਹੈ। ਸਰਬ ਸ਼ਕਤੀਮਾਨ ਹੈ। ਉਹ ਕਰਤਾ ਵੀ ਹੈ, ਉਹ ਕਾਰਣ ਵੀ ਹੈ। ਉਹ ਆਪਣੀ ਕ੍ਰਿਤ ਵਿਚ ਰਮਿਆ ਹੋਇਆ ਹੈ, ਪੂਰਿਆ ਹੋਇਆ ਹੈ, ਇਸ ਵਾਸਤੇ ਮਹਾਨ ਹੈ।

ਜਿਸੁ ਸਿਮਰਤ ਦੁਖੁ ਕੋਈ ਨ ਲਾਗੈ ਭਉਜਲੁ ਪਾਰਿ ਉਤਾਰਾ॥

ਜਿਸ ਦਾ ਸਿਮਰਨ ਕਰਦਿਆਂ ਹੋਇਆਂ, ਕੋਈ ਦੁੱਖ ਨਹੀਂ ਵਿਆਪਦਾ ਅਤੇ ਮਨੁੱਖ ਇਸ ਭੈਅ ਦੇ ਸਾਗਰ ਤੋਂ ਪਾਰ ਹੋ ਜਾਂਦਾ ਹੈ। ਸੰਸਾਰ ਦੀਆਂ ਸਾਰੀਆਂ ਸਮੱਸਿਆਵਾਂ ਉਸ

ਦੀਆਂ ਹਲ ਹੋ ਜਾਂਦੀਆਂ ਹਨ।

ਆਦਿ ਜੁਗਾਦਿ ਭਗਤਨ ਕਾ ਰਾਖਾ ਉਸਤਤਿ ਕਰਿ ਕਰਿ ਜੀਵਾ॥

ਅੱਜ ਦੀ ਗੱਲ ਨਹੀਂ, ਮਨੁੱਖਤਾ ਦੇ ਆਦਿ ਕਾਲ ਤੋਂ ਉਹ ਭਗਤਾਂ ਦਾ, ਸੰਤਾਂ ਦਾ ਸਦਾ ਰਖਵਾਲਾ ਬਣਿਆ ਹੈ। ਇਸ ਵਾਸਤੇ ਮੈਂ ਤਾਂ ਉਸ ਦੀ ਉਸਤਤ ਕਰ ਕਰ ਕੇ ਹੀ ਅਨੰਦ ਮਾਣਦਾ ਹਾਂ। ਉਸ ਦੀ ਉਸਤਤ ਕਰ ਕਰ ਕੇ ਹੀ ਪਰਮ ਜੀਵਨ ਨੂੰ ਪ੍ਰਾਪਤ ਕਰਦਾ ਹਾਂ।

ਨਾਨਕ ਨਾਮੁ ਮਹਾ ਰਸੁ ਮੀਠਾ ਅਨਦਿਨੁ ਮਨਿ ਤਨਿ ਪੀਵਾ॥ ੧॥

ਪ੍ਰਭੂ ਦਾ ਨਾਮ ਮਹਾਂਰਸ ਹੈ। ਮਿੱਠੇ ਨਾਲ ਤਸ਼ਬੀਹ ਦਿੱਤੀ ਹੈ। ਮੈਂ ਆਪਣੇ ਇੰਦਰਿਆਂ ਦੇ ਕਟੋਰਿਆਂ ਨਾਲ ਮਨ ਕਰਕੇ, ਤਨ ਕਰਕੇ ਪੀ ਰਿਹਾ ਹਾਂ। ਵੇਖ ਰਿਹਾ ਹਾਂ, ਵੇਖਣਾ ਹੀ ਪੀਣਾ ਹੈ। ਸੁਣ ਰਿਹਾ ਹਾਂ, ਸੁਣਨਾ ਹੀ ਪੀਣਾ ਹੈ। ਜਪ ਰਿਹਾ ਹਾਂ, ਜਪਣਾ ਵੀ ਪੀਣਾ ਹੈ। ਵਖ ਵਖ ਕਟੋਰਿਆਂ ਦੇ ਰਾਹੀਂ, ਵਖ ਵਖ ਪਿਆਲਿਆਂ ਦੇ ਰਾਹੀਂ, ਮੈਂ ਉਸ ਨੂੰ ਪੀ ਰਿਹਾ ਹਾਂ, ਅਨੰਦ ਮਾਣ ਰਿਹਾ ਹਾਂ।

ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ॥

ਜਿਹੜੇ ਕਈ ਦਫ਼ਾ ਕਹਿੰਦੇ ਨੇ, ਪ੍ਰਭੂ ਦੇ ਦਰਸ਼ਨ ਹੋਏ ਸਨ, ਮਿਲਿਆ ਸੀ ਪ੍ਰਭੂ, ਪਰ ਹੁਣ ਖੇਡ ਵਿਗੜ ਗਈ ਹੈ, ਨਹੀਂ:-

ਮਿਲਿਆ ਹੋਇ ਨ ਵੀਛੁੜੈ ਜੇ ਮਿਲਿਆ ਹੋਈ॥ (ਅੰਗ ੭੨੯)

miliaa hoe na veechhurrai jae miliaa hoee.

Once united with Him, they will not be separated again, if they are truly united.

ਮਹਾਰਾਜ ਬਾਣੀ ਰਾਹੀਂ ਇਸ ਭੁਲੇਖੇ ਵਿਚੋਂ ਵੀ ਕੱਢਦੇ ਨੇ ਕਿ ਪ੍ਰਭੂ ਜਿਨ੍ਹਾਂ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ, ਫਿਰ ਵਿਛੋੜਾ ਕਿਉਂ? ਹੋਵੇਗਾ ਹੀ ਨਹੀਂ। ਉਹ ਕਦੇ ਵਿਛੜਦਾ ਹੀ ਨਹੀਂ। ਸਦੀਵੀ ਮਿਲਾਪ ਰਹਿੰਦਾ ਹੈ।

ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ॥

ਜਿਸ ਨੂੰ ਤੇਰੇ 'ਤੇ ਭਰੋਸਾ ਹੈ, ਜਿਸ ਨੇ ਤੇਰਾ ਆਸਰਾ ਪਕੜਿਆ ਹੈ, ਜਿਸ ਨੇ ਤੇਰੀ ਟੇਕ ਪਕੜ ਲਈ ਹੈ, ਉਸ ਨੂੰ ਸਦੀਵੀ ਅਧਿਆਤਮਿਕ ਜੀਵਨ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਸ ਦੇ ਵਿਚ ਜੰਮਣਾ ਨਹੀਂ, ਜਿਸ ਦੇ ਵਿਚ ਬੁਢੇਪਾ ਨਹੀਂ, ਜਿਸ ਦੇ ਵਿਚ ਮਰਨਾ ਨਹੀਂ। ਭਗਤ ਜੈ ਦੇਵ ਜੀ ਕੋਲੋਂ ਪੁੱਛਿਆ ਗਿਆ ਸੀ, ਨਾਮ ਜਪ ਕੇ ਤੁਹਾਨੂੰ ਜੋ ਕੁਝ ਪ੍ਰਾਪਤ ਹੋਇਆ ਹੈ ਉਹ ਦਸੋ, ਓਥੇ ਕੀ ਹੈ ਅਤੇ ਉਸ ਨਾਲ ਕੀ ਹੋਇਆ ਹੈ:-

ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ ॥੧॥ ਰਹਾਉ॥

(ਅੰਗ ੫੨੬)

na danot jasamaranaen
janam jaraadh maran bhaeiang.1. rehaao.
Remembering Him in meditation,
the fear of birth, old age and death will not trouble you.1.Pause.

ਭਗਤ ਜੀ ਕਹਿੰਦੇ ਨੇ, ਨਹੀਂ ਹੁੰਦਾ ਜਿਸ ਦੇ ਸਿਮਰਨ ਕਰਨ ਦੇ ਨਾਲ ਜਨਮ ਦਾ ਦੁੱਖ, ਜਰਾਧਿ (ਬੁਢੇਪੇ) ਦਾ ਦੁੱਖ ਤੇ ਮਰਨ ਦਾ ਦੁੱਖ। ਮਨੁੱਖ ਇਨ੍ਹਾਂ ਤੋਂ ਬਚ ਜਾਂਦਾ ਹੈ ਤੇ ਪਰਮ ਅਨੰਦ ਨੂੰ ਪ੍ਰਾਪਤ ਕਰ ਲੈਂਦਾ ਹੈ।

ਤੇਰੀ ਟੇਕ ਤੁਝੈ ਤੇ ਪਾਈ ਸਾਚੇ ਸਿਰਜਣਹਾਰਾ॥

ਹੇ ਸਿਰਜਣਹਾਰ, ਹੇ ਸੱਚੇ ਪ੍ਰਭੂ! ਤੇਰਾ ਭਰੋਸਾ ਮੈਂ ਤੇਰੇ ਤੋਂ ਹੀ ਪ੍ਰਾਪਤ ਕੀਤਾ ਹੈ। ਤੇਰੀ ਟੇਕ ਕੋਈ ਹੋਰ ਦੇ ਵੀ ਨਹੀਂ ਸਕਦਾ। ਆਪਣਾ ਦਾਮਨ ਤੂੰ ਆਪ ਹੀ ਪਕੜਾਉਂਦਾ ਹੈਂ।

ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ॥

ਉਹ ਪ੍ਰਭੂ ਐਸਾ ਹੈ, ਉਸ ਤੋਂ ਖ਼ਾਲੀ ਕੋਈ ਵੀ ਨਹੀਂ। ਜਿਸ ਜਿਸ ਤਰ੍ਹਾਂ ਦਾ ਜਿਸ ਕੋਲ ਭਾਂਡਾ ਹੈ, ਉਸ ਨੇ ਭਰ ਦਿੱਤਾ ਹੈ। ਅਗਰ ਕਿਸੇ ਮਨੁੱਖ ਕੋਲ ਬਹੁਤ ਕੁਝ ਨਹੀਂ ਹੈ ਤਾਂ ਉਸ ਦਾ ਭਾਂਡਾ ਛੋਟਾ ਹੋਵੇਗਾ, ਐਨੀ ਗੱਲ ਹੈ। ਭਰਥਰੀ ਨੇ ਬੜਾ ਸੁੰਦਰ ਲਿਖਿਆ ਹੈ। ਦਸ ਬੀਬੀਆਂ ਇਕ ਦਰਿਆ ਤੋਂ ਪਾਣੀ ਭਰ ਕੇ ਲਿਆ ਰਹੀਆਂ ਸਨ। ਇਕ ਦੇ ਸਿਰ ਦੇ ਉੱਤੇ ਚਾਰ ਘੜੇ ਨੇ। ਰਾਜਸਥਾਨ ਵਿਚ ਇਸ ਤਰ੍ਹਾਂ ਹੁੰਦਾ ਹੈ। ਇਕ ਦੇ ਸਿਰ 'ਤੇ ਤਿੰਨ ਘੜੇ ਨੇ। ਇਕ ਦੇ ਸਿਰ 'ਤੇ ਦੋ ਘੜੇ ਨੇ। ਇਕ ਦੇ ਸਿਰ 'ਤੇ ਇਕ ਘੜਾ ਹੈ। ਇਸ ਤਰ੍ਹਾਂ ਤਫ਼ਸੀਲ ਉਸ ਨੇ ਬਿਆਨ ਕੀਤੀ ਹੈ। ਇਕ ਬੀਬੀ ਦਰਿਆ 'ਤੇ ਗਿਲਾ ਕਰਨ ਲੱਗ ਪਈ। ਕਿਉਂ? ਉਸ ਦੇ ਕੋਲ ਛੋਟਾ ਜਿਹਾ ਲੋਟਾ ਸੀ। ਗਿਲਾ ਕਰਨ ਲੱਗ ਪਈ ਦਰਿਆ 'ਤੇ ਕਿ ਔਹ ਚਾਰ ਘੜੇ ਲੈ ਕੇ ਜਾ ਰਹੀ ਹੈ, ਇਹ ਦੋ, ਇਹ ਇਕ। ਕੋਈ ਡੋਲ ਭਰ ਕੇ ਲੈ ਜਾ ਰਿਹਾ ਹੈ। ਮੇਰੇ ਕੋਲ ਐਨਾ ਹੀ ਜਲ? ਐਹ ਦਰਿਆ! ਤੂੰ ਸਾਡੇ ਨਾਲ ਬੇ-ਇਨਸਾਫ਼ੀ ਕੀਤੀ ਹੈ। ਦਰਿਆ 'ਤੇ ਗਿਲਾ ਕਰਨ ਲੱਗ ਪਈ। ਲੰਬੇ ਚੌੜੇ ਛੰਦਾਂ ਵਿਚ ਭਰਥਰੀ ਨੇ ਇਹ ਜ਼ਿਕਰ ਕੀਤਾ ਹੈ। ਦਰਿਆ ਵੀ ਬੋਲ ਪਿਆ, ਦੇਖ ਜਿਸ ਨੇ ਚਾਰ ਘੜੇ ਚੁੱਕੇ ਨੇ, ਉਸ ਦੇ ਸਿਰ 'ਤੇ ਬੋਝ ਵੀ ਬਹੁਤ ਹੈ। ਤੂੰ ਪੰਜ ਘੜੇ ਚੁੱਕ ਕੇ ਲਿਆ ਮੈਂ ਪੰਜ ਘੜੇ ਭਰ ਦਿੰਦਾ ਹਾਂ। ਮੇਰੇ ਕੋਲ ਕੋਈ ਪਾਣੀ ਦੀ ਕਮੀ ਹੈ। ਤੇਰੇ ਕੋਲ ਬਰਤਨਾਂ ਦੀ ਕਮੀ ਹੈ, ਮੇਰੇ ਕੋਲ ਪਾਣੀ ਦੀ ਕਮੀ ਨਹੀਂ ਹੈ। ਐਹ ਬੰਦੇ! ਤੇਰੇ ਕੋਲ ਪ੍ਰਾਲਬਧ ਛੋਟੀ ਹੈ, ਪਰਮਾਤਮਾ ਦੇ ਦੇਣ ਵਿਚ ਕਮੀ ਨਹੀਂ ਹੈ। ਤੇਰੀ ਪਾਤਰਤਾ ਛੋਟੀ ਹੈ, ਆਪਣਾ ਭਾਂਡਾ ਵੱਡਾ ਕਰ। ਮੈਨੂੰ ਬਚਪਨ ਵਿਚ ਰੁਬਾਈਆਂ ਲਿਖਣ ਦਾ ਸ਼ੌਕ ਸੀ। ਢਾਈ ਤਿੰਨ ਸੌ ਦੇ ਕਰੀਬ ਸਨ, ਛਪਵਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਕੁਝ ਉਰਦੂ ਦੀਆਂ ਨੇ, ਕੁਝ ਪੰਜਾਬੀ ਦੀਆਂ ਨੇ।

ਇਸ ਸੰਬੰਧ ਵਿਚ ਮੈਂ ਇਕ ਪੰਜਾਬੀ ਦੀ ਰੁਬਾਈ ਦੱਸਾਂ:-

ਮੈਂ ਮੰਗਿਆ ਇਕ ਫੁੱਲ ਤੂੰ ਗੁਲਿਸਤਾਨ ਸਜਾਏ।
ਮੈਂ ਚਾਹੀ ਇਕ ਬੂੰਦ ਤੂੰ ਸਾਗਰ ਉਮੜਾਏ।
ਮੈਂ ਮੰਗਾਂ ਹਨੇਰੇ ਵਿਚ ਜੀਵਨ ਦੀ ਜੋਤੀ।
ਲੱਖਾਂ ਤੇਰੀ ਰਹਮਤ ਨੇ ਦੀਵੇ ਜਗਾਏ।

ਮੈਂ ਤਾਂ ਇਕ ਫੁੱਲ ਮੰਗਿਆ ਸੀ, ਤੂੰ ਬਗੀਚਾ ਮੇਰੇ ਹਵਾਲੇ ਕਰ ਦਿੱਤਾ। ਮੈਂ ਤਾਂ ਇਕ ਬੂੰਦ ਤੇਰੇ ਕੋਲੋਂ ਮੰਗੀ ਸੀ, ਤੂੰ ਸਾਗਰ ਉਢੇਲ ਕੇ ਰਖ ਦਿੱਤਾ ਹੈ। ਮੈਂ ਤਾਂ ਜਲਦਾ ਹੋਇਆ ਇਕ ਦੀਵਾ ਮੰਗਿਆ ਸੀ ਕਿ ਰਸਤਾ ਦਿੱਸ ਪਵੇ। ਤੂੰ ਹਜ਼ਾਰਾਂ ਦੀਵੇ ਜਲਾ ਦਿੱਤੇ। ਪਰਮਾਤਮਾ ਦਾ ਦੇਣਾ ਸਦਾ ਜ਼ਿਆਦਾ ਹੈ। ਮਨੁੱਖ ਦੀ ਪਾਤਰਤਾ ਹਰ ਵਕਤ ਛੋਟੀ ਹੈ। ਥੋੜ੍ਹਾ ਮਿਲਿਆ ਹੈ, ਭਾਂਡਾ ਛੋਟਾ ਸੀ। ਦਰਿਆ ਨੇ ਉਸ ਬੀਬੀ ਨੂੰ ਆਖਿਆ ਗਿਲਾ ਨਾ ਕਰ, ਭਾਂਡੇ ਵੱਡੇ ਲੈ ਕੇ ਆ, ਮੈਂ ਭਰ ਦਿਆਂਗਾ। ਆਪਣੀ ਪਾਤਰਤਾ ਵਧਾ। ਜੋ ਮੈਨੂੰ ਨਹੀਂ ਮਿਲਿਆ ਉਹ ਮੇਰੀ ਪਾਤਰਤਾ ਹੀ ਨਹੀਂ ਹੈ। ਗਿਲਾ ਕਰਨ ਦੀ ਲੋੜ ਹੀ ਨਹੀਂ ਹੈ। ਮੈਨੂੰ ਨਾਮ ਰਸ ਦੀ ਪ੍ਰਾਪਤੀ ਨਹੀਂ ਹੋਈ। ਮੈਨੂੰ ਗੁਰਬਾਣੀ ਦਾ ਨਾਮ ਰਸ ਪ੍ਰਾਪਤ ਨਹੀਂ ਹੋਇਆ, ਅਜੇ ਮੈਂ ਆਪਣੇ ਆਪ ਨੂੰ ਯੋਗ ਹੀ ਨਹੀਂ ਬਣਾਇਆ। ਪਹਿਲੇ ਆਪਣੇ ਆਪ ਨੂੰ ਜਿਸ ਤਰ੍ਹਾਂ ਗੁਰੂ ਕਹਿੰਦਾ ਹੈ ਉਸ ਤਰ੍ਹਾਂ ਬਣਾ। ਤਰ੍ਹਾਂ ਤਰ੍ਹਾਂ ਦੀ ਤਰਕ ਤਾਂ ਪਹਿਲੇ ਹੀ ਕੀਤੀ ਹੋਈ ਹੈ। ਬਾਣੇ ਨਾਲ ਕੀ ਹੋਵੇਗਾ। ਕੇਸ ਰੱਖਣ ਨਾਲ ਕੀ ਹੋਵੇਗਾ। ਕੌਣ ਕਹਿੰਦਾ ਹੈ ਕੇਸ ਰੱਖੋ। ਕੇਸ ਤੇ ਰੱਬ ਨੇ ਰੱਖੇ ਹੋਏ ਨੇ। ਉਸ ਨੇ ਬਣਾਏ ਨੇ। ਕੋਈ ਰੱਖਣੇ ਥੋੜ੍ਹੇ ਨੇ। ਬਾਕੀ ਤਾਂ ਅਸੀਂ ਰੱਖਾਂਗੇ। ਜੋ ਕੁਝ ਧਾਰਨ ਕਰਨਾ ਹੈ, ਧਾਰਨ ਕਰਾਂਗੇ। ਕੇਸ ਧਾਰਨ ਕਰਨੇ ਥੋੜ੍ਹੇ ਨੇ ਇਹ ਤਾਂ ਰੱਬ ਨੇ ਦਿੱਤੇ ਨੇ। ਪ੍ਰਭੂ ਦੀ ਦੇਣ ਹੈ, ਈਸ਼ਵਰੀ ਦੇਣ ਹੈ।

ਨੀਸ਼ਾਨਿ ਸਿੱਖੀਂ ਈਂ ਪੰਜ ਹਰਫ ਕਾਫ,
ਕਿ ਹਰਗਿਜ਼ ਨ ਬਾਸ਼ਦ ਈ ਪੰਜ ਮੁਆਫ।
ਕੜਾ ਕਾਰਦੋ ਕੱਛ ਕੰਘਾ ਬਿਦਾਂ,
ਬਿਨਾਂ ਕੇਸ ਹੇਚ ਅਸਤ ਜੁਮਲਾ ਨਿਸ਼ਾਂ।

(ਦਸਮ ਗ੍ਰੰਥ ਦੀ ਇਕ ਲਿਖਤੀ ਬੀੜ)
(ਕੇਸ ਚਮਤਕਾਰ ਅੰਗ ੧੧੨)

ਕੇਸ ਤਾਂ ਕੋਈ ਨਹੀਂ, ਕੜਾ ਹੈ। ਕੇਸ ਤਾਂ ਕੋਈ ਨਹੀਂ, ਕਛਹਿਰਾ ਹੈ। ਕੇਸ ਤਾਂ ਕੋਈ ਨਹੀਂ, ਕੰਘਾ ਜੇਬ ਵਿਚ ਹੈਗਾ। ਕੇਸ ਤਾਂ ਕੋਈ ਨਹੀਂ, ਕਿਰਪਾਨ ਪਾਈ ਹੈ। ਵਿਆਹ ਸ਼ਾਦੀਆਂ ਵਿਚ ਦੇਖਿਆ ਹੈ ਹਰ ਕੌਮ ਦੇ ਲਾੜੇ ਵੀ ਪਾ ਲੈਂਦੇ ਨੇ। ਭਾਈ ਨੰਦ ਲਾਲ ਕਹਿੰਦੇ ਨੇ ਲਾੜਾ ਹੀ ਕੋਈ ਨਹੀਂ, ਇਨ੍ਹਾਂ ਬਰਾਤੀਆਂ ਨੂੰ ਕੀ ਕਰੀਏ। ਕੇਸ ਹੀ ਕੋਈ ਨਹੀਂ ਤੇ ਬਾਕੀ ਇਹ ਚਾਰ ਰਹਿਤਾਂ ਪਰਵਾਨ ਨਹੀਂ ਹਨ। ਕੇਸਾਂ ਕਰਕੇ ਹੀ ਇਨ੍ਹਾਂ ਦੀ ਸ਼ੋਭਾ ਹੈ। ਕੇਸਾਂ ਕਰਕੇ ਹੀ ਇਹ ਪਰਵਾਨ ਹੋਣਗੇ, ਉਂਝ ਨਹੀਂ ਹੋਣਗੇ। ਕੜਾ ਤਾਂ ਅੱਜ ਸਾਰੀ ਦੁਨੀਆ ਨੇ ਪਾ ਲਿਆ ਹੈ। ਮੁਸਲਮਾਨ ਵੀਰਾਂ ਨੇ ਪਾਇਆ ਹੈ, ਕਰਿਸਚਨ ਲੋਗਾਂ ਨੇ

ਪਾਏ ਨੇ ਕੜੇ। ਬਿਨਾਂ ਕੇਸਾਂ ਤੋਂ ਇਹ ਜੁਮਲਾ ਨਿਸ਼ਾਨੀਆਂ, ਇਹ ਚਾਰ ਨਿਸ਼ਾਨੀਆਂ ਪਰਵਾਨ ਨਹੀਂ। ਕਬੂਲ ਨਹੀਂ। ਤੂੰ ਤਾਂ ਨਿੱਕੀ ਨਿੱਕੀ ਤਰਕ ਕਰਦਾ ਪਿਆ ਹੈਂ। ਆਪਣੀ ਪਾਤਰਤਾ ਤਾਂ ਬਣਾ। ਪਹਿਲੇ ਕਬੂਲ ਤਾਂ ਕਰ ਗੁਰੂ ਮੇਰੇ ਨਾਲੋਂ ਅੱਗੇ ਹੈ। ਗੁਰੂ ਨੇ ਜੋ ਕੁਝ ਦਿੱਤਾ ਹੈ, ਮੇਰੀ ਭਲਾਈ ਲਈ ਦਿੱਤਾ ਹੈ। ਮੇਰੇ ਅਧਿਆਤਮਿਕ ਵਿਕਾਸ ਲਈ ਦਿੱਤਾ ਹੈ। ਪਹਿਲੇ ਇਤਨਾ ਤਾਂ ਭਰੋਸਾ ਬਣਾ। ਪਹਿਲੇ ਇਤਨੀ ਤਾਂ ਗੁਰੂ 'ਤੇ ਸ਼ਰਧਾ ਲਿਆ। ਜੋ ਕੁਝ ਮੈਨੂੰ ਅਜੇ ਨਹੀਂ ਮਿਲਿਆ, ਮੇਰੇ ਕੋਲ ਭਾਂਡਾ ਨਹੀਂ ਸੀ, ਬਸ ਇੰਝ ਸਮਝ। ਮੇਰੀ ਪਾਤਰਤਾ ਨਹੀਂ ਸੀ। ਇਕ ਸ਼ਾਇਰ ਇਸ ਨੂੰ ਆਪਣੇ ਢੰਗ ਨਾਲ ਬਿਆਨ ਕਰਦਾ ਹੈ:-

ਕੁਦਰਤ ਕੀਆ ਹਰ ਇਕ ਕੋ ਅਫ਼ਸਾਮੇ ਅਜ਼ਲ ਸੇ।

ਆਦਿ ਕਾਲ ਤੋਂ ਕੁਦਰਤ ਨੇ ਹਰ ਇਕ ਨੂੰ ਚੀਜ਼ਾਂ ਵੰਡ ਵੰਡ ਕੇ ਦਿੱਤੀਆਂ ਨੇ।

ਜੋ ਸਖ਼ਸ਼ ਕਿ ਜਿਸ ਚੀਜ਼ ਕੇ ਕਾਬਿਲ ਨਜ਼ਰ ਆਇਆ।

ਬੜੀ ਕੀਮਤੀ ਗੱਲ ਕਹੀ ਹੈ। ਪ੍ਰਭੂ ਨੇ ਦੇਖਿਆ ਕਿ ਇਸ ਦੀ ਕਾਬਲੀਅਤ ਕਿਤਨੀ ਹੈ, ਇਸ ਦੀ ਪਾਤਰਤਾ ਕਿਤਨੀ ਹੈ। ਇਸ ਦੇ ਕੋਲ ਭਾਂਡਾ ਕਿਹੜਾ ਹੈ। ਭਾਂਡਾ ਸ਼ਰਧਾ ਦਾ ਹੁੰਦਾ ਹੈ। ਇਹ ਸ਼ਰਧਾ ਜਿਸ ਕੋਲ ਜਿਤਨੀ ਜ਼ਿਆਦਾ ਹੋਵੇਗੀ, ਉਹ ਭਾਂਡਾ ਉਤਨਾ ਹੀ ਭਰ ਜਾਂਦਾ ਹੈ। ਸ਼ਰਧਾ ਛੋਟੀ ਜਿਹੀ ਹੈ ਤਾਂ ਮਿਲੇਗਾ ਵੀ ਛੋਟਾ ਹੀ।

ਏਕ ਨਦਰਿ ਕਰਿ ਵੇਖੈ ਸਭ ਊਪਰਿ ਜੇਹਾ ਭਾਉ ਤੇਹਾ ਫਲੁ ਪਾਈਐ॥

(ਅੰਗ ੬੦੨)

eaek nadar kar vaekhai sabh oopar jaeha bhaao taeha fal paaeeai.
He looks alike upon all with His Glance of Grace,
but people receive the fruits of their rewards
according to their love for the Lord.

ਜਿਤਨੀ ਭਾਵਨਾ ਹੈ ਉਤਨਾ ਹੀ ਪ੍ਰਾਪਤ ਹੁੰਦਾ ਹੈ। ਮੈਨੂੰ ਥੋੜ੍ਹਾ ਪ੍ਰਾਪਤ ਹੋਇਆ ਹੈ, ਮੇਰੀ ਸ਼ਰਧਾ ਹੀ ਛੋਟੀ ਸੀ, ਮੇਰੀ ਭਾਵਨਾ ਛੋਟੀ ਸੀ। ਮੈਨੂੰ ਔਹ ਨਹੀਂ ਮਿਲਿਆ, ਓਹ ਨਹੀਂ ਮਿਲਿਆ। ਤੇਰੇ ਕੋਲ ਭਾਵਨਾ ਹੀ ਕੋਈ ਨਹੀਂ, ਤੇਰੇ ਕੋਲ ਘੜਾ ਹੀ ਕੋਈ ਨਹੀਂ। ਤੇਰੇ ਕੋਲ ਭਾਂਡਾ ਹੀ ਕੋਈ ਨਹੀਂ।

ਬੁਲਬੁਲ ਕੋ ਦੀਆ ਨਾਲਾ ਤੋ ਪਰਵਾਨੇ ਕੋ ਜਲਨਾ,
ਗ਼ਮ ਹਮ ਕੋ ਦੀਆ ਸਭ ਸੇ ਜੋ ਮੁਸ਼ਕਿਲ ਨਜ਼ਰ ਆਇਆ।

ਕਹਿੰਦਾ ਹੈ, ਮੇਰੀ ਯੋਗਤਾ ਇਹੀ ਸੀ। ਮੈਨੂੰ ਰੱਬ ਨੇ ਦੁੱਖ ਦੇਣਾ ਸੀ, ਮੇਰੇ ਕੋਲ ਭਾਂਡਾ ਹੀ ਇਹੋ ਸੀ। ਕਬੂਲ, ਬੜੀ ਵੱਡੀ ਗੱਲ ਹੈ। ਕਹਿੰਦੇ ਨੇ ਕਿਸੇ ਨੂੰ ਕੁਝ, ਕਿਸੇ ਨੂੰ ਕੁਝ ਦਿੱਤਾ ਹੈ ਉਸ ਰੱਬ ਨੇ, ਮੇਰੇ ਭਾਂਡੇ ਵਿਚ ਗ਼ਮ ਪਾਇਆ ਹੈ। ਮੇਰੀ ਪਾਤਰਤਾ ਹੀ ਇਹ ਸੀ। ਅਜੇ ਮੈਨੂੰ ਏਹੀ ਚਾਹੀਦਾ ਸੀ। ਇਸ ਨਾਲ ਹੀ ਮੈਂ ਠੀਕ ਹੋਣਾ ਸੀ। ਅੱਗ ਦੇ ਵਿਚ ਪਾ ਕੇ ਹੀ ਸੋਨਾ ਸ਼ੁੱਧ ਹੁੰਦਾ ਹੈ। ਪਾਣੀ ਵਿਚ ਪਾ ਕੇ ਸ਼ੁੱਧ ਨਹੀਂ ਹੁੰਦਾ। ਯਕੀਨ ਜਾਣੋ, ਦੁੱਖਾਂ ਦੀ ਅੱਗ

ਹੀ ਕਈ ਦਫ਼ਾ ਮਨੁੱਖ ਦੇ ਵਿਚੋਂ ਖੋਟ ਕੱਢ ਦਿੰਦੀ ਹੈ।

ਜਿਸ ਤੇ ਖਾਲੀ ਕੋਈ ਨਾਹੀ ਐਸਾ ਪ੍ਰਭੂ ਹਮਾਰਾ॥

ਐਸਾ ਮੇਰਾ ਪਰਮਾਤਮਾ ਹੈ। ਉਸ ਤੋਂ ਖ਼ਾਲੀ ਕੋਈ ਨਹੀਂ। ਉਸ ਨੇ ਹਰ ਇਕ ਦੇ ਭਾਂਡੇ ਵਿਚ ਕੁਝ ਨਾ ਕੁਝ ਪਾਇਆ ਹੈ। ਭਾਵੇਂ ਕੋਈ ਮਨੁੱਖ ਆਖੇ ਮੇਰੇ ਕੋਲ ਕੁਝ ਨਹੀਂ। ਯਾਗਵੱਲਗ ਨੇ ਇਸ 'ਤੇ ਬੜੀ ਬਾ-ਕਮਾਲ ਕਥਾ ਲਿਖੀ ਹੈ। ਉਸ ਦੇ ਕੋਲ ਇਕ ਨੌਜਵਾਨ ਆ ਗਿਆ। ਕਹਿੰਦਾ ਰਿਸ਼ੀ ਜੀ, ਪਰਮਾਤਮਾ ਦੇ ਉੱਪਰ ਮੇਰਾ ਭਰੋਸਾ ਨਹੀਂ ਰਿਹਾ। ਉਸ ਨੇ ਕਿਹਾ, ਕਿਉਂ? ਨੌਜਵਾਨ ਕਹਿਣ ਲੱਗਾ, ਕਿਸੇ ਕੋਲ ਕੁਝ ਹੈ, ਕਿਸੇ ਕੋਲ ਕੁਝ, ਮੇਰੇ ਕੋਲ ਕੁਝ ਵੀ ਨਹੀਂ। ਯਾਗਵੱਲਗ ਕਹਿਣ ਲੱਗੇ, ਮੈਨੂੰ ਤੇਰੇ ਕੋਲ ਖ਼ਜ਼ਾਨਾ ਦਿਖਾਈ ਦੇ ਰਿਹਾ ਹੈ। ਇਸ ਖ਼ਜ਼ਾਨੇ ਦੀ ਕਿਸੇ ਕਿਸੇ ਨੂੰ ਸਮਝ ਹੁੰਦੀ ਹੈ। ਇਕਬਾਲ ਕਹਿੰਦਾ ਹੈ।

ਖ਼ਜ਼ਾਨਾ ਹੂੰ ਛਪਾਇਆ ਮੁਝ ਕੋ ਮੁਸ਼ਤੇ ਖ਼ਾਕੇ ਸਹਿਰਾ ਨੇ,
ਕਿਸੀ ਕੋ ਕਿਆ ਖ਼ਬਰ ਹੈ ਕੌਨ ਹੂੰ ਮੈਂ, ਕਿਸ ਕੀ ਦੌਲਤ ਹੂੰ।

ਮੈਂ ਤਾਂ ਖ਼ਜ਼ਾਨਾ ਹਾਂ, ਪਰ ਕੀ ਕਰਾਂ ਮਿੱਟੀ ਦੇ ਵਿਚ ਦਬਿਆ ਪਿਆ ਹਾਂ। ਯਾਗਵੱਲਗ ਕਹਿੰਦਾ ਹੈ, ਮੈਨੂੰ ਤੇਰੇ ਕੋਲ ਬੜਾ ਵੱਡਾ ਖ਼ਜ਼ਾਨਾ ਦਿਖਾਈ ਦਿੰਦਾ ਹੈ। ਉਹ ਨੌਜਵਾਨ ਕਹਿਣ ਲੱਗਾ, ਰਿਸ਼ੀ ਜੀ, ਮੇਰੇ ਨਾਲ ਮਜ਼ਾਕ ਨਾ ਕਰੋ, ਮੈਂ ਬਹੁਤ ਦੁਖੀ ਹਾਂ ਅਤੇ ਮੈਂ ਰੱਬ ਤੋਂ ਇਨਕਾਰੀ ਹਾਂ, ਮੈਨੂੰ ਉਸ ਨੇ ਕੁਝ ਨਹੀਂ ਦਿੱਤਾ।

ਮੈਨੂੰ ਤੇਰੇ ਕੋਲ ਸਭ ਕੁਝ ਦਿਖਾਈ ਦੇ ਰਿਹਾ ਹੈ, ਅਗਰ ਤੂੰ ਵੇਚਣਾ ਚਾਹੇਂ ਤਾਂ ਮੈਂ ਤੈਨੂੰ ਮੂੰਹ ਮੰਗੀ ਕੀਮਤ ਦੇਣ ਨੂੰ ਤਿਆਰ ਹਾਂ। ਮੇਰੇ ਕੋਲ ਸੋਨੇ ਦੀਆਂ ਬੜੀਆਂ ਅਸ਼ਰਫ਼ੀਆਂ ਨੇ। ਰਾਜੇ ਮਹਾਰਾਜੇ ਮੇਰੇ ਚੇਲੇ ਨੇ। ਥੈਲੀਆਂ ਦੀਆਂ ਥੈਲੀਆਂ ਮੈਨੂੰ ਭੇਟ ਕਰ ਜਾਂਦੇ ਨੇ। ਭਰਿਆ ਪਿਆ ਹੈ ਖ਼ਜ਼ਾਨਾ। ਇਹ ਜਿਹੜੀਆਂ ਤੇਰੀਆਂ ਦੋ ਅੱਖਾਂ ਨੇ, ਚਲੋ ਮੈਨੂੰ ਦੋ ਨਹੀਂ ਚਾਹੀਦੀਆਂ, ਇਕ ਚਾਹੀਦੀ ਹੈ। ਮੈਂ ਤੇਰੀ ਇੱਕ ਅੱਖ ਕੱਢਣੀ ਹੈ, ਤੂੰ ਦੱਸ ਕਿਤਨੀਆਂ ਮੋਹਰਾਂ ਲੈਣੀਆਂ ਨੇ? ਦਸ ਵੀਹ ਹਜ਼ਾਰ ਮੋਹਰਾਂ ਲੈਣੀਆਂ ਨੇ? ਨੌਜਵਾਨ ਕਹਿਣ ਲੱਗਾ, ਸੰਤ ਜੀ, ਮੈਂ ਅੱਖਾਂ ਵੇਚਣ ਨੂੰ ਤਿਆਰ ਨਹੀਂ। ਕਿਸੇ ਕੀਮਤ 'ਤੇ ਵੀ ਵੇਚਣ ਨੂੰ ਤਿਆਰ ਨਹੀਂ। ਅੱਛਾ! ਮੈਨੂੰ ਦੋ ਬਾਹਵਾਂ ਦੀ ਲੋੜ ਹੈ। ਚਾਹੀਦੀਆਂ ਨੇ, ਤੂੰ ਦੱਸ ਇਨ੍ਹਾਂ ਦੋ ਹੱਥਾਂ ਬਾਹਵਾਂ ਦੀਆਂ ਕਿੰਨੀਆਂ ਮੋਹਰਾਂ ਲੈਣੀਆਂ ਨੇ? ਕਿਤਨੇ ਲੱਖ ਲੈਣੀਆਂ ਨੇ? ਨਹੀਂ ਸੰਤ ਜੀ, ਇਹ ਤਾਂ ਮੈਂ ਕਿਸੇ ਕੀਮਤ ਤੇ ਵੀ ਹੱਥ ਨਹੀਂ ਵੇਚਣੇ। ਆਪਣੇ ਹੱਥ ਕਿਸ ਤਰ੍ਹਾਂ ਦੇ ਦਿਆਂ। ਫਿਰ ਪਤਾ ਹੈ ਸੰਤ ਜੀ ਨੇ ਕੀ ਆਖਿਆ, ਕਹਿਣ ਲੱਗੇ ਮੈਂ ਪੂਰੀ ਗਾਗਰ ਅਸ਼ਰਫ਼ੀਆਂ ਦੀ ਭਰੀ ਹੋਈ ਤੈਨੂੰ ਦਿੰਦਾ ਹਾਂ। ਇਹ ਜ਼ੁਬਾਨ ਮੈਨੂੰ ਚਾਹੀਦੀ ਹੈ, ਜਿਹੜੀ ਤੇਰੇ ਕੋਲ ਹੈ। ਉਹ ਕਹਿੰਦਾ ਹੈ, ਸੰਤ ਜੀ, ਮੈਂ ਜ਼ੁਬਾਨ ਕਿਸੇ ਵੀ ਕੀਮਤ 'ਤੇ ਨਹੀਂ ਵੇਚਣੀ। ਅੱਛਾ ਤੂੰ ਦੋ ਲੱਤਾਂ ਹੀ ਵੇਚ ਦੇ। ਇਹ ਮੋਹਰਾਂ ਦੀ ਗਾਗਰ ਲੈ ਜਾ। ਇਹ ਦੋ ਪੈਰ ਵੇਚ ਦੇ ਤੂੰ ਮੈਨੂੰ। ਸੰਤ ਜੀ, ਇਹ ਮੈਂ ਕਿਸੇ ਵੀ ਕੀਮਤ 'ਤੇ ਵੇਚਣ ਨੂੰ ਤਿਆਰ ਨਹੀਂ। ਤੂੰ

ਇਕ ਇਕ ਅੰਗ ਕਿਸੇ ਵੀ ਕੀਮਤ 'ਤੇ ਵੇਚਣ ਨੂੰ ਤਿਆਰ ਨਹੀਂ ਅਤੇ ਤੂੰ ਕਹਿ ਰਿਹਾ ਹੈਂ ਕਿ ਤੇਰੇ ਕੋਲ ਕੁਝ ਵੀ ਨਹੀਂ। ਇਹ ਜੋ ਬੇਸ਼-ਕੀਮਤੀ ਅੰਗ ਨੇ, ਇਨ੍ਹਾਂ ਦੀ ਸਹੀ ਵਰਤੋਂ ਕਰ, ਪਰਮਾਤਮਾ ਤੇਰੀ ਝੋਲੀ ਭਰ ਦੇਵੇਗਾ। ਉਸ ਦੀ ਦਾਤ ਤੋਂ ਕੋਈ ਵੀ ਖ਼ਾਲੀ ਨਹੀਂ। ਉਸ ਨੇ ਹੱਥ ਦਿੱਤੇ ਨੇ, ਪੈਰ ਦਿੱਤੇ ਨੇ, ਦਿਲ ਦਿੱਤਾ ਹੈ, ਦਿਮਾਗ ਦਿੱਤਾ ਹੈ, ਕੰਨ ਦਿੱਤੇ ਨੇ, ਅੱਖਾਂ ਦਿੱਤੀਆਂ ਨੇ, ਜ਼ੁਬਾਨ ਦਿੱਤੀ ਹੈ। ਸੁਆਸ ਦਿੱਤੇ ਨੇ, ਰਹਿਣ ਨੂੰ ਧਰਤੀ ਦਿੱਤੀ ਹੈ, ਪੀਣ ਨੂੰ ਪਾਣੀ ਦਿੱਤਾ ਹੈ। ਜੀਵਨ ਵਾਸਤੇ ਪਵਨ ਦਿੱਤੀ ਹੈ। ਉਸ ਦੀ ਦਾਤ ਤੋਂ ਬਿਨਾਂ ਕੋਈ ਖ਼ਾਲੀ ਨਹੀਂ। ਉਸ ਨੇ ਸਾਰਿਆਂ ਦੀਆਂ ਝੋਲੀਆਂ ਵਿਚ ਸਭ ਕੁਝ ਪਾਇਆ ਹੈ।

ਸੰਤ ਜਨਾ ਮਿਲਿ ਮੰਗਲੁ ਗਾਇਆ ਦਿਨੁ ਰੈਨਿ ਆਸ ਤੁਮ੍ਾਰੀ॥

ਸੰਤ ਜਨਾਂ ਦੀ ਸੰਗਤ, ਗੁਰੂ ਦੀ ਸੰਗਤ ਵਿਚ ਬੈਠ ਕੇ ਪ੍ਰਭੂ ਦੇ ਮੰਗਲਮਈ ਗੀਤ ਗਾਏ ਨੇ। ਹੇ ਪ੍ਰਭੂ! ਦਿਨ ਰਾਤ ਤੇਰਾ ਹੀ ਭਰੋਸਾ ਹੈ, ਤੇਰੀ ਹੀ ਟੇਕ ਹੈ।

ਸਫਲੁ ਦਰਸੁ ਭੇਟਿਆ ਗੁਰੁ ਪੂਰਾ ਨਾਨਕ ਸਦ ਬਲਿਹਾਰੀ॥ ੨॥

ਪੂਰਨ ਗੁਰਦੇਵ ਦਾ ਸਦਕਾ, ਸਫਲਤਾ ਪ੍ਰਾਪਤ ਹੋ ਗਈ। ਕੀ? ਪ੍ਰਭੂ ਦੇ ਦਰਸ਼ਨ ਹੋ ਗਏ। ਇਸ ਕਰਕੇ ਉਸ ਤੋਂ ਬਲਿਹਾਰ ਜਾਂਦੇ ਹਾਂ।

ਸੰਮ੍ਲਿਆ ਸਚੁ ਥਾਨੁ ਮਾਨੁ ਮਹਤੁ ਸਚੁ ਪਾਇਆ ਬਲਿ ਰਾਮ ਜੀਉ॥

ਆਪਣਾ ਅਸਥਾਨ ਹੁਣ ਮਲ ਲਿਆ ਹੈ। ਜਦ ਕੋਈ ਕਹਿੰਦਾ ਹੈ, ਮਨ ਟਿਕਦਾ ਨਹੀਂ। ਪਰਦੇਸ ਦੇ ਵਿਚ ਕਿਸ ਤਰ੍ਹਾਂ ਟਿਕੇ। ਘਰ ਦੇ ਵਿਚ ਆਵੇ ਤਾਂ ਟਿਕੇ।

ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ॥

maerae man paradaesee vae piaarae aao gharae.

O my dear beloved stranger mind, please come home !

ਨਹੀਂ ਟਿਕਦਾ ਪਿਆ ਤਾਂ ਉਹ ਮਨ ਦਾ ਦੋਸ਼ ਨਹੀਂ ਹੈ। ਜਿਸ ਦਿਨ ਨਾਮ ਨਾਲ ਟਿਕਿਆ, ਫਿਰ ਟਿਕ ਹੀ ਜਾਏਗਾ। ਫਿਰ ਉਖੜੇਗਾ ਹੀ ਨਹੀਂ। ਇਹ ਜਿਹੜਾ ਨਹੀਂ ਨਾ ਟਿਕਦਾ ਪਿਆ, ਇਸ ਦਾ ਘਰ ਨਹੀਂ ਹੈ। ਬਸ ਇਸ ਤਰ੍ਹਾਂ ਸਮਝ ਲਉ। ਪਰਵਾਰ ਦੇ ਵਿਚ ਨਹੀਂ ਟਿਕਦਾ, ਪਰਵਾਰ ਮਨ ਦਾ ਘਰ ਨਹੀਂ ਹੈ। ਸਿਰਫ਼ ਤਨ ਦਾ ਘਰ ਹੈ। ਪਦਾਰਥਾਂ ਦੇ ਵਿਚ ਮਨ ਨਹੀਂ ਟਿਕਦਾ, ਬੋਰ (Bore) ਹੋ ਜਾਂਦਾ ਹੈ। ਨਾਟਕ ਵਿਚ ਨਹੀਂ ਟਿਕਦਾ, ਕਿਸੇ ਮੰਡਲੀ ਵਿਚ ਨਹੀਂ ਟਿਕਦਾ। ਕਿਸੇ ਨਿਰਤ ਵਿਚ ਨਹੀਂ ਟਿਕਦਾ। ਕਿਸੇ ਸੰਗੀਤ ਦੀ ਧੁਨ ਦੇ ਵਿਚ ਨਹੀਂ ਟਿਕਦਾ। ਹਰ ਜਗ੍ਹਾ ਤੋਂ ਉਖੜ ਜਾਂਦਾ ਹੈ। ਕਹਿੰਦਾ ਹੈ ਚਲੀਏ, ਥੋੜ੍ਹੀ ਦੇਰ ਲਈ ਟਿਕਦਾ ਹੈ, ਫਿਰ ਕਹਿੰਦਾ ਹੈ ਚਲੀਏ। ਕਿਉਂ? ਕਿਉਂਕਿ ਇਹ ਇਸ ਦਾ ਘਰ ਨਹੀਂ ਹੈ। ਇਕ ਦਫ਼ਾ ਆਪਣੇ ਘਰ ਪਹੁੰਚ ਜਾਏ, ਫਿਰ ਉਖੜਨਾ ਬੰਦ ਹੋ ਜਾਂਦਾ ਹੈ। ਆਪਣਾ ਜਿਹੜਾ ਅਸਥਾਨ ਸੀ, ਉਸ ਨੂੰ ਅਸੀਂ ਮਲ ਲਿਆ ਹੈ ਅਤੇ ਹਰ ਤਰ੍ਹਾਂ ਦੀ ਮਾਣ

ਵਡਿਆਈ ਪ੍ਰਾਪਤ ਕਰ ਲਈ ਹੈ। ਹਰ ਤਰ੍ਹਾਂ ਦੀ ਸ਼ਾਨੋ-ਸ਼ੌਕਤ ਪ੍ਰਾਪਤ ਕਰ ਲਈ ਹੈ।

ਸਤਿਗੁਰੁ ਮਿਲਿਆ ਦਇਆਲੁ ਗੁਣ ਅਬਿਨਾਸੀ ਗਾਇਆ ਬਲਿ ਰਾਮ ਜੀਉ॥

ਸਤਿਗੁਰ ਦੀ ਰਹਿਮਤ ਦਾ ਸਦਕਾ, ਸਤਿਗੁਰ ਦੇ ਮਿਲਾਪ ਦਾ ਸਦਕਾ, ਜੋ ਨਾਸ ਤੋਂ ਰਹਿਤ ਪਰਮਾਤਮਾ ਹੈ। ਉਸ ਦੇ ਗੁਣ ਗਾ ਗਾ ਕੇ, ਅਸੀਂ ਮੌਤ ਦੇ ਭੈਅ ਤੋਂ ਬਚ ਗਏ ਅਤੇ ਅਬਿਨਾਸੀ ਜੀਵਨ ਨੂੰ ਪ੍ਰਾਪਤ ਕਰ ਲਿਆ।

ਗੁਣ ਗੋਵਿੰਦ ਗਾਉ ਨਿਤ ਨਿਤ ਪ੍ਰਾਣ ਪ੍ਰੀਤਮ ਸੁਆਮੀਆ॥

ਰੋਜ਼ ਰੋਜ਼ ਹਰ ਵਕਤ ਉਸ ਗੋਬਿੰਦ ਦੇ ਗੁਣਾਂ ਨੂੰ ਗਾਉ ਜੋ ਪ੍ਰਾਣਾਂ ਦਾ ਮਾਲਿਕ ਹੈ, ਆਤਮਾ ਦਾ ਮਾਲਿਕ ਹੈ, ਸਰੀਰ ਦਾ ਮਾਲਿਕ ਹੈ, ਸਭ ਕੁਝ ਦਾ ਮਾਲਿਕ ਹੈ। ਦਿਨ ਰਾਤ ਉਸ ਦੇ ਗੁਣ ਗਾਉ। ਉਸ ਦੇ ਗੁਣਾਂ ਦਾ ਉਚਾਰਨ ਕਰੋ।

ਸੁਭ ਦਿਵਸ ਆਏ ਗਹਿ ਕੰਠਿ ਲਾਏ ਮਿਲੇ ਅੰਤਰਜਾਮੀਆ॥

ਸਮਝ ਲਉ ਚੰਗੇ ਦਿਨ ਆਏ ਨੇ, ਦਿਹਾੜਾ ਚੰਗਾ ਹੈ। ਪਰਮਾਤਮਾ ਨੇ ਆਪਣੇ ਕੰਠ ਨਾਲ ਲਗਾ ਲਿਆ ਹੈ। ਮਨ ਆਪਣੇ ਘਰ ਵਿਚ ਟਿਕ ਗਿਆ ਹੈ। ਪਰਮ ਅਨੰਦ ਦੀ ਪ੍ਰਾਪਤੀ ਹੋ ਗਈ ਹੈ।

ਸਤੁ ਸੰਤੋਖੁ ਵਜਹਿ ਵਾਜੇ ਅਨਹਦਾ ਝੁਣਕਾਰੇ॥

ਸਤ ਤੇ ਸੰਤੋਖ ਦਾ ਸਦਕਾ। ਸਤ ਜਸ ਤੇ ਸੰਤੋਖ ਨਾਲ ਜੁੜਿਆ ਹੋਇਆ ਹੋਵੇ। ਸਤ ਦੇ ਅਰਥ ਨੇ ਉੱਚਾ ਆਚਰਣ ਤੇ ਪਰਉਪਕਾਰੀ ਬਿਰਤੀ ਤੇ ਦਾਨ। ਇਕੱਲਾ ਜਸ ਸਤ ਹੋਵੇ ਜਾਂ ਸੰਤੋਖ ਹੋਵੇ, ਫਿਰ ਉਸ ਦੇ ਅਰਥ ਅਲੱਗ ਅਲੱਗ ਹੋ ਜਾਂਦੇ ਨੇ। ਪਰਉਪਕਾਰੀ ਤੇ ਦਾਨੀ ਕੌਣ ਹੋਵੇਗਾ, ਜੋ ਸੰਤੋਖੀ ਹੋਵੇਗਾ। ਸ਼ੂਮ ਮਨੁੱਖ ਲੈਣਾ ਜਾਣਦਾ ਹੈ, ਦੇਣਾ ਨਹੀਂ। ਸੰਤੋਖੀ ਦੇ ਕੇ ਖ਼ੁਸ਼ ਹੁੰਦਾ ਹੈ, ਸ਼ੂਮ ਲੈ ਕੇ ਖ਼ੁਸ਼ ਹੁੰਦਾ ਹੈ।

ਦੇਂਦੇ ਥਾਵਹੁ ਦਿਤਾ ਚੰਗਾ ਮਨਮੁਖਿ ਐਸਾ ਜਾਣੀਐ॥ (ਅੰਗ ੧੩੮)

ਮਹਾਰਾਜ ਕਹਿੰਦੇ ਨੇ, ਜਿਹੜਾ ਦੇਣ ਵਾਲਾ ਹੈ ਉਹ ਤੇ ਨਹੀਂ, ਪਰ ਜੋ ਉਸ ਨੇ ਦਿੱਤਾ ਹੈ, ਉਸ ਨੂੰ ਹੀ ਚੰਗਾ ਸਮਝ ਲਿਆ ਹੈ ਸ਼ੂਮ ਨੇ। ਉਸੇ ਨਾਲ ਹੀ ਜੁੜਿਆ ਹੈ। ਦਾਤੇ ਨੂੰ ਭੁੱਲ ਗਿਆ ਹੈ। ਇਕ ਦਫ਼ਾ ਮਨੁੱਖ ਦਾਤੇ ਨਾਲ ਜੁੜ ਜਾਏ, ਤਾਂ ਖ਼ੁਦ ਦਾਤਾ ਹੋ ਜਾਂਦਾ ਹੈ। ਉਸ ਨੂੰ ਦੇਣ ਵਿਚ ਖ਼ੁਸ਼ੀ ਹੁੰਦੀ ਹੈ, ਕਿਸੇ ਨੂੰ ਪ੍ਰਸੰਨਤਾ ਦੇਣੀ ਹੈ, ਕਿਸੇ ਨੂੰ ਸੁੱਖ ਦੇਣਾ ਹੈ। ਕਿਸੇ ਨੂੰ ਸਨਮਾਨ ਦੇਣਾ ਹੈ, ਕਿਸੇ ਨੂੰ ਧਨ ਦੇਣਾ ਹੈ, ਕਿਸੇ ਨੂੰ ਸ਼ਾਨੋ-ਸ਼ੌਕਤ ਦੇਣੀ ਹੈ। ਉਸ ਨੂੰ ਦੇਣ ਵਿਚ ਖ਼ੁਸ਼ੀ ਮਿਲਦੀ ਹੈ। ਸ਼ੂਮ ਨੂੰ ਖੋਹਣ ਵਿਚ ਖ਼ੁਸ਼ੀ ਮਿਲਦੀ ਹੈ। ਦਾਨੀ ਨੂੰ ਦੇਣ ਵਿਚ ਖ਼ੁਸ਼ੀ ਮਿਲਦੀ ਹੈ। ਮਹਾਰਾਜ ਕਹਿੰਦੇ ਨੇ, ਉਸ ਪ੍ਰਭੂ ਦੇ ਗੁਣਾਂ ਨੂੰ ਗਾ ਗਾ ਕੇ ਸਤਸੰਗ ਵਿਚ ਬੈਠ ਬੈਠ ਕੇ ਆਤਮਿਕ ਰਸ ਦੀ ਪ੍ਰਾਪਤੀ ਹੋ ਗਈ ਹੈ।

ਸੁਣਿ ਭੈ ਬਿਨਾਸੇ ਸਗਲ ਨਾਨਕ ਪ੍ਰਭ ਪੁਰਖ ਕਰਣੈਹਾਰੇ॥ ੩॥

ਹਰ ਤਰ੍ਹਾਂ ਦਾ ਭੈਅ ਨਾਸ ਹੋ ਗਿਆ ਹੈ। ਉਹ ਕਰਣ ਕਾਰਣ ਸਮਰਥ ਜੋ ਪ੍ਰਭੂ ਹੈ, ਉਸ ਨੇ ਸਾਰੇ ਭੈਅ ਨਾਸ ਕਰ ਦਿੱਤੇ ਅਤੇ ਅੰਦਰ ਅਨਹਦ ਦੀਆਂ ਧੁਨੀਆਂ ਵਜ ਗਈਆਂ ਨੇ।

ਉਪਜਿਆ ਤਤੁ ਗਿਆਨੁ ਸਾਹੁਰੈ ਪੇਈਐ ਇਕੁ ਹਰਿ ਬਲਿ ਰਾਮ ਜੀਉ॥

ਐਸੇ ਤਤ ਗਿਆਨ ਦੀ ਪ੍ਰਾਪਤੀ ਹੋ ਗਈ, ਲੋਕ ਅਤੇ ਪਰਲੋਕ, ਪੇਕਾ ਘਰ ਅਤੇ ਸਹੁਰਾ ਘਰ, ਤਨ ਅਤੇ ਮਨ ਦੋਵੇਂ ਆਨੰਦਿਤ ਹੋ ਗਏ ਨੇ। ਦੋਵੇਂ ਸੁਖੀ ਹੋ ਗਏ ਨੇ। ਦੋਵੇਂ ਸੁਹੇਲੇ ਹੋ ਗਏ ਨੇ।

ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿ ਰਾਮ ਜੀਉ॥

ਉਸ ਬ੍ਰਹਮ ਦੀ ਜਿਹੜੀ ਅੰਸ਼ ਸੀ:-

ਕਹੁ ਕਬੀਰ ਇਹੁ ਰਾਮ ਕੀ ਅੰਸੁ॥ (ਅੰਗ ੮੭੧)

kaho kabir eihu raam kee ans.

Says Kabeer, this is formed of the same essence as the Lord.

ਇਹ ਜੋ ਰਾਮ ਦੀ ਅੰਸ਼ ਸੀ, ਰਾਮ ਵਿਚ ਸਮਾ ਗਈ। ਇਹ ਜੋ ਬ੍ਰਹਮ ਦੀ ਅੰਸ਼ ਸੀ, ਬ੍ਰਹਮ ਵਿਚ ਲੀਨ ਹੋ ਗਈ ਅਤੇ ਬ੍ਰਹਮ ਦਾ ਰੂਪ ਬਣ ਗਈ। ਬ੍ਰਹਮ ਅਨੰਦ ਦਾ ਸਾਗਰ ਹੈ। ਬ੍ਰਹਮ ਸੁੱਖਾਂ ਦਾ ਅਤੇ ਗੁਣਾਂ ਦਾ ਸਾਗਰ ਹੈ। ਇਸ ਤਰ੍ਹਾਂ ਅਸੀਂ ਬ੍ਰਹਮ ਵਿਚ ਲੀਨ ਹੋ ਕੇ ਬ੍ਰਹਮ ਹੋ ਗਏ।

ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ॥

ਹੁਣ ਹਰ ਵਕਤ ਅਸਚਰਜਤਾ ਬਣੀ ਰਹਿੰਦੀ ਹੈ। ਵੇਖਦੇ ਹਾਂ ਤਾਂ ਬਿਸਮਾਦ ਨਾਲ ਭਰ ਜਾਂਦੇ ਹਾਂ। ਸੁਣਦੇ ਹਾਂ ਤਾਂ ਬਿਸਮਾਦ ਨਾਲ ਭਰ ਜਾਂਦੇ ਹਾਂ। ਬਿਸਮਾਦ ਕਦੋਂ ਹੁੰਦਾ ਹੈ? ਵੇਖੀਏ ਅਤੇ ਪੂਰਾ ਨਾ ਦੇਖ ਸਕੀਏ, ਬਿਸਮਾਦ। ਸੁਣੀਏ ਪਰ ਪੂਰਾ ਸੁਣ ਨਾ ਸਕੀਏ, ਬਿਸਮਾਦ। ਮਹਾਰਾਜ ਧੰਨ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਕਹਿੰਦੇ ਨੇ:-

ਕੋਟਿ ਕਰਨ ਦੀਜਹਿ ਪ੍ਰਭ ਪ੍ਰੀਤਮ ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥
(ਅੰਗ ੭੮੧)

ਹੇ ਪ੍ਰਭੂ! ਸਿਰਫ਼ ਦੋ ਹੀ ਕੰਨ ਤੂੰ ਦਿੱਤੇ ਨੇ ਤੇ ਤੇਰਾ ਜਸ ਚਾਰੋਂ ਪਾਸੇ ਹੋ ਰਿਹਾ ਹੈ। ਅਨਾਹਦ ਨਾਦ ਚਾਰੋਂ ਪਾਸੇ ਵਜ ਰਿਹਾ ਹੈ। ਹਰ ਜਗ੍ਹਾ ਤੇਰੇ ਗੀਤ ਗਾਏ ਜਾ ਰਹੇ ਨੇ। ਕਰਾਂ ਕੀ? ਸਿਰਫ਼ ਦੋ ਕੰਨ। ਰਹਿਮਤ ਕਰ, ਤੂੰ ਬਖ਼ਸ਼ਿਸ਼ ਕਰ, ਮੈਨੂੰ ਕਰੋੜਾਂ ਕੰਨ ਦੇ, ਹਰ ਵਕਤ ਅਤੇ ਹਰ ਜਗ੍ਹਾ ਤੇਰੀ ਸਿਫਤੋ-ਸਾਲਾਹ ਸੁਣਦਾ ਰਹਾਂ। ਭਾਈ ਗੁਰਦਾਸ ਜੀ ਕਹਿੰਦੇ ਨੇ:-

ਸ੍ਰਵਨ ਦਾਰਿਦ੍ਰੀ ਸੁਨਿ ਅੰਮ੍ਰਿਤ ਬਚਨ ਪ੍ਰਿਯ,
ਅਚਵਤਿ ਸੁਰਤਿ ਪਿਆਸ ਨ ਮਿਟਾਈ ਹੈ॥

ਭਾਈ ਸਾਹਿਬ ਕਹਿੰਦੇ ਨੇ, ਮੇਰੇ ਕੰਨ ਬੜੇ ਸ਼ੂਮ ਨੇ, ਰਜਦੇ ਹੀ ਨਹੀਂ। ਕਿਸ ਤੋਂ? ਪ੍ਰਭੂ ਦੀ ਸਿਫ਼ਤੋ-ਸਾਲਾਹ ਸੁਣਨ ਤੋਂ। ਮੈਂ ਕਹਿੰਦਾ ਹਾਂ ਤ੍ਰਿਪਤ ਹੋ ਜਾਉ, ਇਹ ਤ੍ਰਿਪਤ ਹੀ ਨਹੀਂ ਹੁੰਦੇ। ਕਹਿੰਦੇ ਨੇ ਹੋਰ ਸੁਣਨਾ ਹੈ, ਹਰ ਜਗ੍ਹਾ ਸੁਣਨਾ ਹੈ, ਹਰ ਵਕਤ ਸੁਣਨਾ ਹੈ। ਐਸੀ ਇਕ ਮਨੋ-ਬਿਰਤੀ ਬਣ ਜਾਂਦੀ ਹੈ। ਮਹਾਰਾਜ ਕਹਿੰਦੇ ਨੇ ਪ੍ਰਭੂ ਜਸ ਸੁਣ ਸੁਣ ਕੇ, ਆਪਣੇ ਹਿਰਦੇ ਦਾ ਖ਼ਜ਼ਾਨਾ ਭਰ ਲਿਆ ਹੈ। ਸੰਤਾਂ ਦੀ ਸੰਗਤ ਵਿਚ ਬੈਠ ਕੇ, ਮੰਗਲ ਗੀਤ ਗਾ ਕੇ, ਖ਼ੁਦ ਮੰਗਲ ਸਰੂਪ ਹੋ ਗਏ ਹਾਂ।

ਜਲਿ ਥਲਿ ਮਹੀਅਲਿ ਪੂਰਨ ਸੁਆਮੀ ਘਟਿ ਘਟਿ ਰਹਿਆ ਸਮਾਇਆ॥

ਜੋ ਜਲ ਵਿਚ, ਥਲ ਵਿਚ, ਸਭ ਜਗ੍ਹਾ ਰਮਿਆ ਹੋਇਆ ਹੈ, ਉਸ ਨੂੰ ਵੇਖ ਵੇਖ ਕੇ ਬਿਸਮਾਦ ਹੋ ਰਹੇ ਹਾਂ। ਸਭ ਜਗ੍ਹਾ ਓਹੀ ਸਮਾਇਆ ਹੋਇਆ ਹੈ।

ਜਿਸ ਤੇ ਉਪਜਿਆ ਤਿਸੁ ਮਾਹਿ ਸਮਾਇਆ ਕੀਮਤਿ ਕਹਣੁ ਨ ਜਾਏ॥

ਜਿਸ ਤੋਂ ਉੱਤਪਤੀ ਹੋ ਰਹੀ ਸੀ, ਉਸ ਵਿਚ ਹੀ ਸਮਾ ਗਏ। ਜਦ ਤਕ ਮਨੁੱਖ ਉਸ ਵਿਚ ਸਮਾਏ ਨਾ, ਭਟਕਣਾ ਬਣੀ ਰਹਿੰਦੀ ਹੈ। ਦਰਿਆ ਵਗ ਰਹੇ ਨੇ, ਝਰਨੇ ਵਗ ਰਹੇ ਨੇ। ਇਨ੍ਹਾਂ ਦੀ ਉੱਤਪਤੀ ਕਿਥੋਂ ਹੁੰਦੀ ਹੈ। ਸਾਗਰ ਦੇ ਵਿਚੋਂ ਬੱਦਲ ਉਮੜੇ ਨੇ, ਉਹ ਫਿਰ ਪਹਾੜਾਂ 'ਤੇ ਵਰਸੇ ਨੇ। ਉਹ ਫਿਰ ਜੰਮ ਕੇ ਬਰਫ਼ ਹੋਏ ਨੇ। ਓਥੇ ਠੰਡ ਹੈ, ਫਿਰ ਧੁੱਪ ਦੀ ਤਪਸ਼ ਨਾਲ ਬਰਫ਼ ਪਿਘਲੀ ਹੈ। ਉਹ ਝਰਨਿਆਂ ਦਾ ਰੂਪ ਧਾਰਨ ਕਰਕੇ ਚਲ ਪਏ ਨੇ। ਕਿਹੜੇ ਪਾਸੇ ਚਲ ਪਏ ਨੇ? ਜਿੱਥੋਂ ਉੱਤਪਤੀ ਹੋਈ ਹੈ, ਉਸ ਪਾਸੇ ਚਲ ਪਏ ਨੇ, ਪਰ ਇਕੱਲਾ ਝਰਨਾ ਸਾਗਰ ਤਕ ਪਹੁੰਚ ਨਹੀਂ ਸਕਦਾ। ਇਕ ਦਰਿਆ ਹਜ਼ਾਰਾਂ ਝਰਨਿਆਂ ਦਾ ਸਮੂਹ ਬਣਾ ਕੇ ਹੀ ਚਲਦਾ ਹੈ। ਨਰਬਦਾ ਦੀਆਂ ਅਮਰਕੰਟਕ ਵਿਚ ੭੦ ਧਾਰਾਂ ਹਨ। ਦੋ ਮੀਲ ਅੱਗੇ ਚਲ ਕੇ ਮਿਲਦੀਆਂ ਨੇ ਤਾਂ ਦਰਿਆ ਬਣਦਾ ਹੈ। ਜਿੰਨੇ ਵਗਦੇ ਹੋਏ ਦਰਿਆ ਨੇ, ਜਿੱਥੋਂ ਨਿਕਲਦੇ ਨੇ, ਨਿੱਕਾ ਜਿਹਾ ਝਰਨਾ ਹੁੰਦਾ ਹੈ। ਨਿੱਕਾ ਜਿਹਾ ਝਰਨਾ ਸਾਗਰ ਤਕ ਨਹੀਂ ਪਹੁੰਚ ਸਕਦਾ। ਸੂਰਜ ਦੀਆਂ ਕਿਰਨਾਂ ਸੁਕਾ ਦੇਣਗੀਆਂ। ਰਸਤੇ ਦੀ ਰੇਤ ਜਜ਼ਬ ਕਰ ਲਵੇਗੀ, ਇਸ ਕਰਕੇ ਨਹੀਂ ਪਹੁੰਚ ਸਕਦਾ ਸਾਗਰ ਤਕ, ਜਿਤਨੀ ਦੇਰ ਇਹ ਆਪਣੇ ਆਪ ਨੂੰ ਸ਼ਕਤੀਸ਼ਾਲੀ ਨਾ ਬਣਾਵੇ। ਕਿਸ ਤਰ੍ਹਾਂ ਬਣਾਏਗਾ? ਇਕ ਝਰਨਾ ਦੂਸਰੇ ਝਰਨੇ ਦਾ ਆਸਰਾ ਲਵੇਗਾ। ਦੂਸਰਾ ਝਰਨਾ ਤੀਸਰੇ ਝਰਨੇ ਦਾ ਆਸਰਾ ਲਵੇਗਾ, ਇਸੇ ਤਰ੍ਹਾਂ ਚੌਥੇ ਦਾ। ਸਤਸੰਗ ਦੀ ਤਾਂ ਹੀ ਤਾਂ ਮਹਿਮਾ ਹੈ। ਆਸਰਾ ਚਾਹੀਦਾ ਹੈ। ਪੂਰੀ ਸਤਸੰਗਤ ਚਾਹੀਦੀ ਹੈ। ਭਾਈ ਵੀਰ ਸਿੰਘ ਜੀ ਨੇ ਕਿਸੇ ਵਗਦੇ ਹੋਏ ਝਰਨੇ ਬਾਰੇ ਕਿਹਾ ਹੈ। ਜਦੋਂ ਸ਼ੁਰੂ ਸ਼ੁਰੂ ਵਿਚ ਨਿਕਲਦਾ ਹੈ ਤਾਂ ਬੜੀ ਤੇਜ਼ੀ ਹੁੰਦੀ ਹੈ। ਨਵਾਂ ਨਵਾਂ ਜਦ ਕੋਈ ਧਾਰਮਿਕ ਬਣਦਾ ਹੈ ਜਾਂ ਥੋੜ੍ਹੀ ਜਿਹੀ ਖੇਡ ਬਣ ਜਾਏ, ਫਿਰ ਬੜੀ ਤੇਜ਼ੀ ਹੁੰਦੀ ਹੈ। ਖੰਡਨ-ਮੰਡਨ ਵੀ ਬਹੁਤ ਕਰਨ ਲੱਗ ਪਵੇਗਾ। ਬਹਿਸ-ਮੁਬਾਹਿਸੇ ਵੀ ਬਹੁਤ ਕਰਨ ਲੱਗ

ਪਵੇਗਾ। ਜਿਹੜਾ ਇਸ ਤਰ੍ਹਾਂ ਕਰਨ ਲੱਗ ਪਵੇ, ਸਮਝ ਲੈਣਾ ਅਜੇ ਝਰਨੇ ਦੀ ਤਰ੍ਹਾਂ ਹੀ ਹੈ। ਅਜੇ ਨਵਾਂ ਨਵਾਂ ਨਿਕਲਿਆ ਹੈ। ਰਵਾਨੀ ਜੋ ਹੈ, ਤੇਜ਼ੀ ਜੋ ਹੈ। ਭਾਈ ਵੀਰ ਸਿੰਘ ਜੀ ਵਗਦੇ ਹੋਏ ਝਰਨੇ ਦੇ ਕਿਨਾਰੇ 'ਤੇ ਬੈਠੇ ਨੇ, ਪਰ ਬੈਠੇ ਉਸ ਜਗ੍ਹਾ 'ਤੇ ਨੇ, ਜਿਥੇ ਅੱਗੇ ਚਟਾਨ ਹੈ। ਝਰਨੇ ਦਾ ਵਗਦਾ ਹੋਇਆ ਪਾਣੀ ਬੜੀ ਤੇਜ਼ੀ ਨਾਲ ਚਟਾਨ ਦੇ ਨਾਲ ਟਕਰਾਉਂਦਾ ਹੈ। ਫਿਰ ਪਿੱਛੇ ਮੁੜਦਾ ਹੈ। ਫਿਰ ਹੋਰ ਰਸਤਾ ਲੱਭਦਾ ਹੈ, ਕਿਉਂਕਿ ਅੱਗੇ ਚਟਾਨ ਨੇ ਰਸਤਾ ਰੋਕਿਆ ਹੋਇਆ ਹੈ। ਕਵੀ ਹਿਰਦਾ ਹੈ ਭਾਈ ਸਾਹਿਬ ਜੀ ਦਾ। ਅੰਦਰੋਂ ਕਵਿਤਾ ਨਿਕਲੀ:-

ਵਹਿੰਦਾ ਵਗਦਾ ਪਾਣੀ ਤੱਕ ਦਿਲ ਮੇਰਾ ਵਗ ਟੁਰਿਆ,
ਡਾਢਾ ਨਿਰਮਲ ਸਵੱਛ ਤੇ ਸੋਹਣਾ ਦਿਲ ਉਸ ਅੰਦਰ ਖ਼ੁਰਿਆ।
ਐਹ ਪਰ ਡਾਢੀ ਚੀਸ ਸੀ ਉੱਠੀ ਜਾਂ ਪੱਥਰਾਂ ਨਾਲ ਵੱਜਾ,
ਠੇਡੇ ਠੁੱਡੇ ਖਾ ਕੇ ਆਖ਼ਿਰ ਪਿੱਛਾਂ ਘਰ ਨੂੰ ਮੁੜਿਆ।

ਰਵਾਨੀ ਤਾਂ ਬੜੀ ਸੀ, ਜਿਵੇਂ ਚਟਾਨਾਂ ਨੂੰ ਤੋੜ ਕੇ ਵੀ ਲੰਘ ਜਾਵਾਂਗੇ। ਪੱਥਰਾਂ ਨੂੰ ਤੋੜ ਕੇ ਵੀ ਲੰਘ ਜਾਵਾਂਗੇ। ਮਾਰੂਥਲ ਕੀ ਹੁੰਦਾ ਹੈ? ਲੰਘ ਜਾਵਾਂਗੇ। ਬੜੀ ਰਵਾਨੀ ਹੈ।

ਜਿਸ ਕੇ ਚਲਤ ਨ ਜਾਹੀ ਲਖਣੇ ਨਾਨਕ ਤਿਸਹਿ ਧਿਆਏ॥ ੪॥ ੨॥

ਉਸ ਪ੍ਰਭੂ ਦੇ ਕੌਤਕਾਂ ਦੀ ਕੀਮਤ ਕਹੀ ਨਹੀਂ ਜਾ ਸਕਦੀ। ਇਸ ਕਰਕੇ ਉਸ ਦਾ ਹੀ ਸਿਮਰਨ ਕਰ, ਉਸ ਦਾ ਹੀ ਜਪ ਕਰ ਤਾਂਕਿ ਤੂੰ ਇਕਮਿਕ ਹੋ ਸਕੇਂ। ਉਸ ਪਰਮ ਪ੍ਰਕਾਸ਼ ਵਿਚ ਸਮਾ ਸਕੇਂ, ਉਸ ਪਰਮ ਚਾਨਣੇ ਦਾ ਰੂਪ ਹੋ ਸਕੇਂ।

❁ ❁